Punjabi Parwaz

# ਪੰਜਾਬੀ ਪਰਵਾਜ਼

ਅੰਕ 59ਵਾਂ (ਸ਼ਿਕਾਗੋ): 16 ਅਗਸਤ ਤੋਂ 29 ਅਗਸਤ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਗਿਆਨੀ ਹਰਪ੍ਰੀਤ ਸਿੰਘ ਨੇ ਸਾਂਭੀ ਨਵੇਂ ਅਕਾਲੀ ਦਲ ਦੀ ਲੀਡਰਸ਼ਿੱਪ

**ਜਸਵੀਰ ਸਿੰਘ ਸ਼ੀਰੀ**



*ਅੰਮ੍ਰਿਤਸਰ ਵਿੱਚ ਹੋਵੇਗਾ ਨਵੇਂ ਅਕਾਲੀ ਦਲ ਦਾ ਮੁੱਖ ਟਿਕਾਣਾ*

*ਸਰਬ ਸੰਮਤੀ ਨਾਲ ਹੋਈ ਨਵੇਂ ਪ੍ਰਧਾਨ ਦੀ ਚੋਣ*

ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਰੋਸ਼ਨੀ ਵਿੱਚ ਕਾਇਮ ਕੀਤੀ ਗਈ ਪੰਜ ਮੈਂਬਰੀ ਭਰਤੀ ਕਮੇਟੀ ਵਲੋਂ ਆਪਣੀ ਭਰਤੀ ਪ੍ਰਕਿਰਿਆ ਪੂਰੀ ਕਰ ਲਏ ਜਾਣ ਤੋਂ ਬਾਅਦ ਅੰਮ੍ਰਿਤਸਰ ਦੇ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਹੋਏ ਇੱਕ ਡੈਲੀਗੇਟ ਇਜਲਾਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਨਵੇਂ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ ਹੈ। ਯਾਦ ਰਹੇ, ਗਿਆਨੀ ਹਰਪ੍ਰੀਤ ਸਿੰਘ ਪੰਜ ਸਾਲ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਰਹੇ ਹਨ। ਉਹ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਰਹੇ। ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਮੁਖੀ ਬਣਾਇਆ ਗਿਆ। ਇਹ ਕੌਂਸਲ ਸਿੱਖ ਸੰਸਥਾਵਾਂ ਵਿਚ ਆਏ ਨਿਘਾਰ ਨੂੰ ਠੱਲ੍ਹ ਮਾਰਨ ਲਈ ਧਰਮ ਪ੍ਰਚਾਰ ਲਈ ਜ਼ਿੰਮੇਵਾਰ ਹੋਵੇਗੀ।

ਬੀਤੇ ਵਰ੍ਹੇ 2 ਦਸੰਬਰ ਨੂੰ ਜਾਰੀ ਕੀਤੇ ਗਏ ਹੁਕਮਨਾਮੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਪੜਤਾਲੀਆ ਕਮੇਟੀ ਬਣਾ ਕੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਉਨ੍ਹਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਸੀ ਅਤੇ ਗਿਆਨੀ ਹਰਪ੍ਰੀਤ ਸਿੰਘ ਦਮਦਮਾ ਸਾਹਿਬ ਵਿਖੇ ਜਥੇਦਾਰ ਵਜੋਂ ਡਿਊਟੀ ਨਿਭਾਉਣ ਲੱਗੇ ਸਨ। ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿੱਚ 2 ਦਸੰਬਰ 2024 ਨੂੰ ਅਕਾਲ ਤਖਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਸਮੇਤ ਸਿੱਖ ਲੀਡਰਸ਼ਿਪ ਨੂੰ ਸਮੂਹਿਕ ਰੂਪ ਵਿੱਚ ਲਗਾਈ ਗਈ ਤਨਖਾਹ ਸਮੇਂ ਗਿਆਨੀ ਹਰਪ੍ਰੀਤ ਸਿੰਘ ਨੇ ਉਨ੍ਹਾਂ ਦੇ ਸਹਾਇਕ ਵਜੋਂ ਭੂਮਿਕਾ ਨਿਭਾਈ ਸੀ। ਬਾਕੀ ਅਕਾਲੀ ਲੀਡਰਸ਼ਿਪ ਨੇ ਭਾਵੇਂ ਅਕਾਲ ਤਖਤ ਸਾਹਿਬ ਵੱਲੋਂ ਲਗਾਈ ਗਈ ਇਹ ਤਨਖਾਹ (ਸਜ਼ਾ) ਸਮੂਹਿਕ ਰੂਪ ਵਿੱਚ ਭੁਗਤ ਲਈ ਸੀ, ਪਰ ਸੁਖਬੀਰ ਸਿੰਘ ਬਾਦਲ ਨੇ ਜਾਰੀ ਹੁਕਮਨਾਮੇ ਦੀ ਰੋਸ਼ਨੀ ਵਿੱਚ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਪੱਖੋਂ ਅੜੀ ਕਰ ਲਈ ਸੀ। ਇਸ ਹੁਕਮਨਾਮੇ ਵਿੱਚ ਇਹ ਸਪਸ਼ਟ ਰੂਪ ਵਿੱਚ ਕਿਹਾ ਗਿਆ ਸੀ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਸਿੱਖ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ ਅਤੇ ਇਨ੍ਹਾਂ ਦੇ ਅਸਤੀਫੇ ਪ੍ਰਵਾਨ ਕਰਕੇ ਅਕਾਲ ਤਖਤ ਸਾਹਿਬ ਦੀ ਸਕੱਤਰੇਤ ਵਿਖੇ ਸੂਚਿਤ ਕਰਨ ਲਈ ਕਿਹਾ ਗਿਆ ਸੀ; ਪਰ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਵੱਲੋਂ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤਾ ਗਿਆ ਅਸਤੀਫਾ ਪ੍ਰਵਾਨ ਨਹੀਂ ਸੀ ਕੀਤਾ ਗਿਆ ਅਤੇ ਨਾ ਹੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਭੰਗ ਕੀਤੀ ਗਈ ਸੀ। ਸਗੋਂ ਬਾਅਦ ਵਿੱਚ ਇੱਕ ਅਸਤੀਫੇ ਵਾਲੀ ਨਾਟਕਬਾਜ਼ੀ ਕਰਨ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਮੁੜ ਪ੍ਰਧਾਨ ਬਣ ਗਏ ਸਨ।

ਇਥੇ ਜ਼ਿਕਰਯੋਗ ਹੈ ਕਿ 2 ਦਸੰਬਰ 2024 ਨੂੰ ਅਕਾਲ ਤਖਤ ਸਾਹਿਬ ਵੱਲੋਂ ਅਕਾਲੀ ਦਲ ਦੀ ਨਵੀਂ ਭਰਤੀ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ 7 ਮੈਂਬਰੀ ਕਮੇਟੀ ਕਾਇਮ ਕੀਤੀ ਗਈ ਸੀ। ਇਸ 7 ਮੈਂਬਰੀ ਕਮੇਟੀ ਵਿੱਚੋਂ ਬਾਅਦ ਵਿੱਚ ਦੋ ਮੈਂਬਰਾਂ- ਸ਼੍ਰੋਮਣੀ

⇒ ਬਾਕੀ ਸਫਾ 2 ਉਤੇ ਪੜ੍ਹੋ

# ਟਰੰਪ ਤੇ ਪੂਤਿਨ ਵਿਚਾਲੇ ਮਿਲਣੀ ’ਤੇ ਸਾਰੀ ਦੁਨੀਆਂ ਦੀਆਂ ਨਜ਼ਰਾਂ

ਅੰਟਾਰਟਿਕਾ ਨਾਲ ਖਹਿੰਦੇ ਇੱਕ ਅਮਰੀਕੀ ਰਾਜ ਅਲਾਸਕਾ ਵਿੱਚ ਅਮਰੀਕਾ ਅਤੇ ਰੂਸ ਦੇ ਰਾਸ਼ਟਰਪਤੀਆਂ ਵਿਚਾਲੇ ਯੂਕਰੇਨ ਜੰਗ ਰੋਕਣ ਨੂੰ ਲੈ ਕੇ 15 ਅਗਸਤ ਨੂੰ ਹੋਣ ਜਾ ਰਹੀ ਗੱਲਬਾਤ ‘ਤੇ ਸਾਰੀ ਦੁਨੀਆਂ ਦੀ ਨਜ਼ਰਾਂ ਲੱਗੀਆਂ ਹੋਈਆਂ ਹਨ। ਇਸ ਗੱਲਬਾਤ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੰਸਕੀ ਸ਼ਾਮਲ ਨਹੀਂ ਹੋਣਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਪਿਛਲੇ ਦਿਨੀਂ ਹੋਈ ਇੱਕ ਪ੍ਰੈਸ ਵਾਰਤਾ ਵਿੱਚ ਕਿਹਾ ਕਿ ਉਹ ਗੱਲਬਾਤ ਤੋਂ ਬਾਅਦ ਸਭ ਤੋਂ ਪਹਿਲਾਂ ਯੂਕਰੇਨ ਦੇ ਰਾਸ਼ਟਰਪਤੀ ਨਾਲ ਗੱਲਬਾਤ ਕਰਨਗੇ ਅਤੇ ਬਾਅਦ ਵਿੱਚ ਯੂਰਪ ਦੇ ਭਾਈਵਾਲ ਦੇਸ਼ਾਂ ਨਾਲ ਗੱਲਬਾਤ ਕੀਤੀ ਜਾਵੇਗੀ। ਇਸ ਦੌਰਾਨ ਯੂਰਪ ਦੇ ਪ੍ਰਮੁੱਖ ਮੁਲਕਾਂ ਦੇ ਆਗੂਆਂ ਨੇ ਅਮਰੀਕੀ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਯੂਕਰੇਨ ਦੇ ਰਾਸ਼ਟਰਪਤੀ ਨੂੰ ਵੀ ਅਲਾਸਕਾ ਵਿੱਚ ਹੋਣ ਵਾਲੀ ਸਾਂਤੀ ਵਾਰਤਾ ਵਿੱਚ ਸ਼ਾਮਲ ਕੀਤਾ ਜਾਵੇ। ਇਸੇ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਯੂਕਰੇਨੀ ਰਾਸ਼ਟਰਪਤੀ ਨੂੰ ਅਲਾਸਕਾ ਵਰਤਾ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ।

ਯਾਦ ਰਹੇ, ਬੀਤੇ ਕੁਝ ਮਹੀਨਿਆਂ ਵਿੱਚ ਟਰੰਪ ਅਤੇ ਪੂਤਿਨ ਦੀ ਸਹਿਮਤੀ ਨਾਲ ਦੋਹਾਂ ਧਿਰਾਂ ਦੇ ਪ੍ਰਤੀਨਿਧਾਂ ਵਿਚਕਾਰ ਯੂਕਰੇਨ ਜੰਗ ਨੂੰ ਖਤਮ ਕਰਨ ਜਾਂ ਜੰਗਬੰਦੀ ਕਰਨ ਬਾਰੇ ਕਈ ਵਾਰਤਾਵਾਂ ਚੱਲੀਆਂ ਹਨ, ਜਿਨ੍ਹਾਂ ਵਿੱਚ ਇੱਕ-ਦੂਜੇ ਦੇ ਕੈਦੀ ਵਾਪਸ ਕਰਨ ਤੋਂ ਅਗੇ ਗੱਲ ਨਹੀਂ

⇒ ਬਾਕੀ ਸਫਾ 14 ਉਤੇ ਪੜ੍ਹੋ









# ਗਿਆਨੀ ਹਰਪ੍ਰੀਤ ਸਿੰਘ ਨੇ ਸਾਂਭੀ ਨਵੇਂ ਅਕਾਲੀ ਦਲ ਦੀ ਲੀਡਰਸ਼ਿੱਪ

**ਸਫਾ ਇੱਕ ਦੀ ਬਾਕੀ...**

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਅਸਤੀਫਾ ਦੇ ਦਿੱਤਾ ਸੀ। ਇਸ ਹਾਲਤ ਵਿੱਚ ਬਾਕੀ ਬਚੇ ਪੰਜ ਮੈਂਬਰਾਂ-ਮਨਪ੍ਰੀਤ ਸਿੰਘ ਇਯਾਲੀ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਸ਼ਹੀਦ ਭਾਈ ਅਮਰੀਕ ਸਿੰਘ ਦੀ ਬੇਟੀ ਬੀਬੀ ਸਤਵੰਤ ਕੌਰ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਇਕਬਾਲ ਸਿੰਘ ਝੂੰਦਾ ਵੱਲੋਂ ਨਵੇਂ ਅਕਾਲੀ ਦਲ ਦੀ ਇਸ ਭਰਤੀ ਦੀ ਜ਼ਿੰਮੇਵਾਰੀ ਨੂੰ ਸਿਰੇ ਲਗਾਇਆ ਗਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਵਿੱਚ ਬਾਦਲ ਪਰਿਵਾਰ ਦੇ ਸ਼ਰੀਕ ਵਜੋਂ ਉਭਰਨ ਵਾਲੀ ਹਰ ਧਿਰ ਮਾਰ ਖਾਂਦੀ ਰਹੀ ਹੈ। ਇਹ ਪਹਿਲੀ ਵਾਰ ਹੈ ਕਿ ਅਕਾਲੀ ਸਫਾਂ ਨੂੰ ਬਾਦਲ ਪਰਿਵਾਰ ਦੇ ਪ੍ਰਛਾਵੇਂ ਵਿੱਚੋਂ ਬਾਹਰ ਖਿੱਚਣ ਵਿੱਚ ਕੋਈ ਧਿਰ ਸਫਲ ਹੋ ਸਕੀ ਹੈ। ਇਸ ਨਾਲ ਆਉਂਦੇ ਦਿਨਾਂ ਵਿੱਚ ਦੋਨੋ ਅਕਾਲੀ ਦਲਾਂ ਵਿਚਕਾਰ ਤਿੱਖਾ ਟਕਰਾਅ ਹੋਣ ਦੇ ਆਸਾਰ ਬਣ ਗਏ ਹਨ।

ਅਕਾਲੀ ਦਲ ਦਾ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਡੈਲੀਗੇਟ ਇਜਲਾਸ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਭਵਿੱਖ ਵਿੱਚ ਕਿਸੇ ਕਿਸਮ ਦੀ ਕੋਈ ਚੋਣ ਲੜਨ ਦੇ ਇਛੁੱਕ ਨਹੀਂ ਹਨ। ਉਨ੍ਹਾਂ ਦਾ ਨਿਸ਼ਾਨਾ ਅਕਾਲੀ ਦਲ ਨੂੰ ਮਜਬੂਤ ਕਰਨਾ, ਸੱਤਾ ਤੱਕ ਪਹੁੰਚਾਉਣ ਅਤੇ ਇਸ ਸੱਤਾ ਰਾਹੀਂ ਪੰਥ ਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨਾ ਹੈ। ਉਨ੍ਹਾਂ ਕਿਹਾ ਕਿ ਅਸੀਂ ਅਕਾਲੀ ਦਲ ਦਾ ਦਫਤਰ ਚੰਡੀਗੜ੍ਹ ਦੀ ਥਾਂ ਅੰਮ੍ਰਿਤਸਰ ਵਿੱਚ ਬਣਾਵਾਂਗੇ; ਪਰ ਚੰਡੀਗੜ੍ਹ 'ਤੇ ਆਪਣਾ ਦਾਅਵਾ ਛੱਡਿਆ ਨਹੀਂ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਉਹ ਮਾਨਸਿਕ ਤੌਰ 'ਤੇ ਇਡੀ ਵੱਡੀ ਜ਼ਿੰਮੇਵਾਰੀ ਲਈ ਤਿਆਰ ਨਹੀਂ ਸਨ, ਕਿਉਂਕਿ ਬਾਦਲਕਿਆਂ ਦੇ ਆਈ.ਟੀ. ਸੈਲ ਨੇ ਉਨ੍ਹਾਂ ਦੇ ਸਿਰ ਵਿੱਚ ਜਿਸ ਕਿਸਮ ਦੀ ਸੁਆਹ ਪਾਉਣ ਦਾ ਯਤਨ ਕੀਤਾ, ਉਹ ਉਨ੍ਹਾਂ ਨਿਵਾਣਾ ਤੱਕ ਜਾਣ ਲਈ ਤਿਆਰ ਨਹੀਂ ਸਨ। ਉਨ੍ਹਾਂ ਕਿਹਾ ਕਿ ਬੀਤੇ ਦਿਨਾਂ ਵਿੱਚ ਵੀ ਉਨ੍ਹਾਂ ਖਿਲਾਫ ਚਿੱਕੜ ਉਛਾਲਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਉਹ ਆਪਣੇ ਪਰਿਵਾਰ ਦੀ ਨਾਰਾਜ਼ਗੀ ਦੇ ਬਾਵਜੂਦ ਪੰਥ ਦੀਆਂ ਇੱਛਾਵਾਂ ਅਤੇ ਪੰਥਕ ਸੰਕਟ ਨੂੰ ਧਿਆਨ ਵਿੱਚ ਰੱਖਦਿਆਂ ਇਹ ਅਹੁਦਾ ਪ੍ਰਵਾਨ ਕਰ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, "ਪੰਜਾਬ ਦੀ ਜਵਾਨੀ ਅਵਾਜ਼ਾਰ ਹੋਈ ਫਿਰਦੀ ਹੈ। ਆਪਣੀ ਜਵਾਨੀ ਨੂੰ ਸਹੀ ਆਦਰਸ਼ ਅਤੇ ਦਿਸ਼ਾ ਦੇਣ ਦੇ ਯਤਨ ਕੀਤੇ ਜਾਣਗੇ। ਸਾਡੀ ਆਰਥਕ ਹਾਲਤ ਕੋਈ ਚੰਗੀ ਨਹੀਂ। ਗੁਰੂ ਦਾ ਪੰਥ ਬੇਹੱਦ ਅਮੀਰ ਤਾਰੀਨ ਰਿਹਾ ਹੈ। ਜੇ ਕੇਂਦਰ ਸਰਕਾਰ ਸਾਨੂੰ ਨਾ ਦਬਾਉਂਦੀ ਤਾਂ ਦੇਸ਼ ਦੀ 60 ਫੀਸਦੀ ਆਰਥਿਕਤਾ ਸਾਡੇ ਕੋਲ ਹੋਣੀ ਸੀ।" ਉਨ੍ਹਾਂ ਕਿਹਾ ਕਿ ਕਿਸੇ ਸਰਕਾਰ ਨੇ ਪੰਜਾਬ ਦੇ ਲੋਕਾਂ 'ਤੇ ਜ਼ੁਲਮ ਢਾਹੇ, ਕੋਈ ਨਸ਼ੇ ਲੈ ਆਈ ਅਤੇ ਹੁਣ ਵਾਲਿਆਂ ਨੇ ਸਾਨੂੰ ਚੁਟਕਲੇ ਸੁਣਾ-ਸੁਣਾ ਕੇ ਲੁੱਟਿਆ।

ਉਨ੍ਹਾਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਬਾਰੇ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਖਿਲਾਫ ਇਹ ਨੀਤੀ ਬੜੀ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਸ ਨੀਤੀ ਰਾਹੀਂ ਦਿੱਲੀ ਵਾਲੇ ਸਾਡੀਆਂ ਸਿਰਫ ਜ਼ਮੀਨਾਂ ਹੀ ਹਾਸਲ ਨਹੀਂ ਕਰਨਾ ਚਾਹੁੰਦੇ ਸਗੋਂ ਇਹ ਪੰਜਾਬ ਵਿੱਚ ਆਬਾਦੀ ਦਾ ਤਵਾਜ਼ਨ ਬਦਲਣ ਦੀ ਸਾਜ਼ਿਸ਼ ਹੈ। ਇਸ ਮੌਕੇ ਇੱਕ ਮਤੇ ਵਿੱਚ ਕੇਂਦਰ ਸਰਕਾਰ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਵੀ ਕੀਤੀ ਗਈ। ਜਥੇਦਾਰ ਨੇ ਪੰਜ ਮੈਂਬਰੀ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਸਿੰਘਾਂ ਨੇ ਸਾਰੇ ਦਬਾਵਾਂ ਦੇ ਬਾਵਜੂਦ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੁਕਮਨਾਮੇ ਦੇ ਅੱਖਰਾਂ ਦੀ ਲਾਜ ਰੱਖੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੰਘਾਂ ਨੇ ਅਕਾਲ ਤਖਤ ਸਾਹਿਬ ਵੱਲ ਮੂੰਹ ਕਰੀ ਰੱਖਿਆ ਅਤੇ 15 ਲੱਖ ਮੈਂਬਰਾਂ ਦੀ ਭਰਤੀ ਦਾ ਵਿਸ਼ਾਲ ਤੇ ਔਖਾ ਕਾਰਜ ਨੇਪਰੇ ਚਾੜ੍ਹਿਆ। ਉਨ੍ਹਾਂ ਹੋਰ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਨ ਵਾਲੇ ਉਹ ਪਹਿਲੇ ਵਿਅਕਤੀ ਨਹੀਂ ਹਨ। ਉਨ੍ਹਾਂ ਤੋਂ ਪਹਿਲਾਂ ਤੇਜਾ ਸਿੰਘ ਅਕਰਪੁਰੀ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਅੱਛਰ ਸਿੰਘ, ਜਥੇਦਾਰ ਮੋਹਣ ਸਿੰਘ ਤੁੜ ਅਤੇ ਗੁਰਮੁਖ ਸਿੰਘ ਮੁਸਾਫਰ ਦੋਹਾਂ ਸੰਸਥਾਵਾਂ ਦੀ ਅਗਵਾਈ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਅਕਾਲ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਹੁਕਮਨਾਮਾ ਸਾਡੇ 'ਤੇ ਅਸਿਧੇ ਢੰਗ ਨਾਲ ਅਕਾਲ ਤਖਤ ਸਾਹਿਬ ਦਾ 'ਨਾਂ ਵਰਤਣ' ਦਾ ਦੋਸ਼ ਲਾਉਂਦਾ ਹੈ ਅਤੇ ਅਕਾਲ ਤਖਤ ਤੋਂ ਭਗੌੜੇ ਦਲ ਨੂੰ ਵੀ, 'ਉਨ੍ਹਾਂ ਦੀ ਸਿਆਸਤ ਮੁਬਾਰਕ' ਆਖਦਾ ਹੈ। ਉਨ੍ਹਾਂ ਕਿਹਾ ਕਿ ਇਹ ਹੁਕਮਨਾਮਾ ਜਿਸ ਵੀ ਸ਼ਖਸ ਨੇ ਲਿਖਿਆ ਹੈ, ਉਸ ਨੂੰ ਛੇਵੇਂ ਪਾਤਸ਼ਾਹ ਵੱਲੋਂ ਸਾਜੀ ਨਿਵਾਜ਼ੀ ਗਈ ਇਸ ਮਹਾਨ ਸੰਸਥਾ ਦੀ ਸਮਝ ਨਹੀਂ ਹੈ। ਪ੍ਰਧਾਨ ਚੁਣੇ ਜਾਣ ਤੋਂ ਪਿੱਛੋਂ ਉਨ੍ਹਾਂ ਨੇ ਆਪਣੇ ਡੈਲੀਗੇਟਾਂ ਸਮੇਤ ਅਕਾਲ ਤਖਤ ਸਾਹਿਬ ਅਤੇ ਹਰਮਿੰਦਰ ਸਾਹਿਬ ਵਿਖੇ ਮੱਥਾ ਟੇਕਿਆ ਤੇ ਪੰਥਕ ਕਾਰਜਾਂ ਦੀ ਸੰਪੂਰਨਤਾ ਲਈ ਅਰਦਾਸ ਬੇਨਤੀ ਕੀਤੀ।

ਗਿਆਨੀ ਹਰਪ੍ਰੀਤ ਸਿੰਘ ਦੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਚੋਣ ਸਰਬਸੰਮਤੀ ਨਾਲ ਹੋਈ ਹੈ। ਕਿਸੇ ਨਵੀਂ ਹੋਂਦ ਵਿੱਚ ਆ ਰਹੀ ਪਾਰਟੀ ਲਈ ਇਹ ਬੇਹੱਦ ਸਕੂਨ ਭਰਿਆ ਪਲ ਹੀ ਕਿਹਾ ਜਾ ਸਕਦਾ ਹੈ। ਕਿਸੇ ਆਗੂ ਦੀ ਚੋਣ ਲਈ ਵੋਟਿੰਗ ਦਾ ਅਮਲ ਭਾਵੇਂ ਇੱਕ ਜਮਹੂਰੀ ਅਮਲ ਮੰਨਿਆ ਜਾਂਦਾ ਹੈ, ਪਰ ਪਿਛਲੇ 70-75 ਸਾਲਾਂ ਦਾ ਪਰਤਿਆਇਆ ਹੋਇਆ ਸੱਚ ਇਹ ਹੈ ਕਿ ਸਾਡੀ ਰਾਜਸੀ ਵਿਵਸਥਾ ਨੇ ਚੋਣ ਪ੍ਰਣਾਲੀ ਨੂੰ ਲੋਕਾਂ ਨੂੰ ਪਾਟੋਧਾੜ ਕਰ ਲਈ ਹੀ ਵਰਤਿਆ ਹੈ। ਸਾਡੀ ਵੋਟ ਰਾਜਨੀਤੀ ਨੇ ਸਾਡੀ ਸਮਾਜਕ ਵਿਵਸਥਾ ਨੂੰ ਲੀਰੋ ਲੀਰ ਕੀਤਾ ਹੋਇਆ ਹੈ। ਸਮਾਜ ਵਿੱਚ ਪਈ ਹਰ ਨੈਗੇਟਿਵ ਵੰਡ ਅਤੇ ਸਮਾਜਕ ਸਭਿਆਚਾਰਕ ਵਿਕਾਰ ਨੂੰ ਆਪਣੀ ਵਕਤੀ ਰਾਜਨੀਤਿਕ ਸਫਲਤਾ ਲਈ ਇੱਕ ਤਰ੍ਹਾਂ ਨਾਲ ਹਥਿਆਰ ਬਣਾ ਲਿਆ ਹੈ। ਇਹ ਭਾਵੇਂ ਜਾਤੀ-ਪਾਤੀ ਵੰਡ ਹੋਵੇ, ਪੰਜਾਬੀ ਸਮਾਜ ਵਿੱਚ ਫੈਲੀ ਹਉਮੈ, ਸ਼ਰੀਕੇਬਾਜ਼ੀ ਦਾ ਰੋਗ, ਹਰ ਸਮਾਜਕ ਵਿੰਗ-ਤੜਿੰਗ ਸੱਤਾ ਅਤੇ ਜਾਇਦਾਦ ਲਈ ਹਾਬੜੇ ਸਿਆਸਤਦਾਨਾਂ ਦੇ ਹਥਿਆਰ ਲਈ ਹੱਥਾ ਬਣ ਗਿਆ ਹੈ। ਇਹ ਸਥਿਤੀ ਪੰਜਾਬ ਵਿੱਚ ਖਾਸ ਕਰਕੇ ਵਿਆਪਕ ਹੈ। ਜਿਸ ਰਾਜਸੀ ਅਮਲ ਨੇ ਲੋਕਾਂ ਲਈ ਕਿਸੇ ਸਾਰਥਕ ਸਮਾਜਿਕ-ਆਰਥਕ ਉਥਾਨ ਦਾ ਜ਼ਰੀਆ ਬਣਨਾ ਸੀ, ਉਹੋ ਹੀ ਸਾਡੇ ਅੰਤਾਂ ਦੇ ਸਮਾਜੀ ਪਤਨ ਲਈ ਜ਼ਿੰਮੇਵਾਰ ਬਣ ਗਿਆ। ਦੁਨੀਆਂ ਦੀ ਸਭ ਤੋਂ ਨਵੀਨ ਧਾਰਮਿਕ-ਸਮਾਜਿਕ ਮਤਿ ਨੂੰ ਵੀ ਅਸੀਂ ਆਪਣੇ ਵਿਕਾਰਾਂ ਦੇ ਅਨੁਸਾਰ ਢਾਲ ਲਿਆ।

ਇਹ ਗੱਲ ਠੀਕ ਹੈ ਕਿ ਦੁਨੀਆਂ ਦਾ ਹਰ ਖਿੱਤਾ, ਕੌਮ, ਕਬੀਲਾ, ਪ੍ਰਦੇਸ ਜਾਂ ਦੇਸ਼, ਧਰਮ/ਵਿਚਾਰ ਨੂੰ ਆਪਣੇ ਸਥਾਨਕ ਰਹਿਣ-ਸਹਿਣ ਅਤੇ ਰਹੁ-ਰੀਤਾਂ ਅਨੁਸਾਰ ਢਾਲ ਲੈਂਦਾ ਹੈ; ਪਰ ਕਿਸੇ ਮਹਾਂਪੁਰਖ ਜਾਂ ਫਿਲਾਸਫਰ ਦੇ ਵਿਚਾਰਾਂ ਨੂੰ ਆਪਣੇ ਵਿਕਾਰਾਂ ਦੇ ਅਨੁਕੂਲ ਢਾਲਣਾ ਹੱਦੋਂ ਵੱਡਾ ਔਗੁਣ ਹੈ। ਇਹ ਮੂਲ ਤੱਥ ਵਧੇਰੇ ਧਿਆਨ ਨਾਲ ਸਮਝਣ ਵਾਲਾ ਹੈ ਕਿ ਸਿੱਖ ਕੌਮ/ਕਮਿਊਨਿਟੀ ਸ਼ਬਦ ਵਿੱਚੋਂ ਪੈਦਾ ਹੋਇਆ ਭਾਈਚਾਰਾ ਹੈ। ਜਿਸ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਹਨ; ਜਦਕਿ ਪੰਜਾਬ ਪੰਜਾਂ ਦਰਿਆਵਾਂ ਦੇ ਆਸ-ਪਾਸ ਉਸਰੀ ਇੱਕ ਸਮਾਜਕ ਅਤੇ ਜੀਓਪੁਲਿਟੀਕਲ ਹਸਤੀ ਹੈ, ਜਿਸ ਵਿੱਚ ਬਹੁਤ ਸਾਰੀਆਂ ਸਥਾਨਕ/ਪ੍ਰਦੇਸੀ ਨਸਲਾਂ ਦਾ ਲਹੂ ਘੁਲਿਆ-ਮਿਲਿਆ ਹੋਇਆ ਹੈ। ਇਸ ਰਲ-ਗੱਡ ਨੇ ਪੰਜਾਬ ਦੇ ਲੋਕਾਂ ਦੀ ਜਿਨੈਟਿਕ ਲੜੀ ਨੂੰ ਵੀ ਪ੍ਰਭਾਵਤ ਕੀਤਾ ਹੈ। ਇਨ੍ਹਾਂ ਲੋਕਾਂ ਦੇ ਆਪਣੇ ਗੁਣ-ਔਗੁਣ, ਸੰਸਕਾਰ ਅਤੇ ਵਿਕਾਰ ਆਦਿ ਹਜ਼ਾਰਾਂ ਸਾਲਾਂ ਵਿੱਚ ਬਣੇ-ਉਸਰੇ ਹਨ। ਇਨ੍ਹਾਂ ਵਿਕਾਰਾਂ ਅਤੇ ਔਗੁਣਾਂ ਨੇ ਵੀ ਇਨ੍ਹਾਂ ਦੇ ਨਾਲ-ਨਾਲ ਵਿਚਰਨਾ ਹੈ। ਗੁਰਮੁਖ ਅਤੇ ਗੁਰਮੁਖਾਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਕੋਈ ਵੀ ਸ਼ਬਦ ਆਧਾਰਤ ਸਿਆਸਤ ਆਪਣੀ ਆਦਰਸ਼ਮੁਖਤਾ ਦੇ ਇੱਕ ਖਾਸ ਪੱਧਰ 'ਤੋਂ ਹੇਠਾਂ ਨਹੀਂ ਡਿੱਗ ਸਕਦੀ; ਜਦੋਂ ਕਿ ਕਿਸੇ ਖਿੱਤੇ/ਕੌਮ ਦਾ ਸਾਧਾਰਨ ਜੀਵਨ ਇਸ ਤਰ੍ਹਾਂ ਦੇ ਵਿਗਾੜਾਂ ਨੂੰ ਅਕਸਰ ਹੀ ਸਹਿਣ ਕਰ ਜਾਂਦਾ ਹੈ। ਇਹ ਇਸੇ ਲਈ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਜਦੋਂ ਇੱਕ ਪੰਥਕ ਪਾਰਟੀ ਤੋਂ 1996 ਵਿੱਚ ਪੰਜਾਬੀ ਪਾਰਟੀ ਬਣਿਆ ਤਾਂ ਕੁਝ ਹੀ ਸਾਲਾਂ ਵਿੱਚ ਇਸ ਨੇ ਆਪਣੇ ਪਤਨ ਦੀਆਂ ਅੰਤਿਮ ਨਿਵਾਣਾਂ ਛੂਹ ਲਈਆਂ।

ਹੁਣ ਜਦੋਂ 2 ਦਸੰਬਰ 2024 ਦੇ ਹੁਕਮਨਾਮੇ ਦੀ ਰੋਸ਼ਨੀ ਵਿੱਚ ਅਕਾਲੀ ਦਲ ਆਪਣੇ ਅਸਲੀ ਅਤੇ ਸ਼ਬਦ ਗੁਰੂ ਆਧਾਰਤ ਆਦਰਸ਼ ਰੂਪ ਨੂੰ ਤਾਲਾਸ਼ ਰਿਹਾ ਹੈ ਤਾਂ ਉਸ ਨੂੰ ਆਪਣੀ ਅਗਵਾਈ ਲਈ ਫਿਰ ਤੋਂ ਕਿਸੇ ਧਾਰਮਿਕ ਅਗਵਾਈ ਵੱਲ ਪ੍ਰਰਣਾ ਪੈ ਰਿਹਾ ਹੈ। ਅਕਾਲੀ ਦਲ ਦੀ ਇਸ ਤਾਲਾਸ਼ ਵਿੱਚੋਂ ਹੀ ਗਿਆਨੀ ਹਰਪ੍ਰੀਤ ਸਿੰਘ ਉਭਰੇ ਹਨ। ਅਕਾਲੀ ਦਲ ਨੇ ਆਪਣੀ ਉਪਰੋਕਤ ਸ਼ਬਦ ਆਧਾਰਤ ਆਦਰਸ਼ਵਾਦੀ ਸਿਆਸਤ 'ਤੇ ਖਲੋ ਕੇ ਹੀ ਕਿਸੇ ਸਥਾਨਕ, ਦੇਸ਼ ਪੱਧਰ 'ਤੇ ਅਤੇ ਵਿਸ਼ਵਵਿਆਪਕ ਸਿਆਸੀ, ਸਮਾਜਿਕ, ਸੱਭਿਅਚਾਰਕ ਤੇ ਵਾਤਾਵਰਣਿਕ ਮਸਲੇ ਵਿੱਚ ਦਖਲ ਦੇਣਾ ਹੈ। ਅਕਾਲੀ ਦਲ ਦਾ ਪੰਜਾਬ ਦੀ ਸਿਆਸਤ ਵਿੱਚ ਦਖਲ ਵੀ ਇਸੇ ਨੁਕਤੇ ਤੋਂ ਹੋਣਾ ਚਾਹੀਦਾ ਹੈ। ਇਹ ਠੀਕ ਹੈ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਲੋਕ ਪੰਜਾਬ ਵਿੱਚ ਬਹੁਗਿਣਤੀ ਵਿੱਚ ਵੱਸਦੇ ਹਨ, ਪਰ ਜੇ ਉਹ ਆਪਣੇ ਆਪ ਨੂੰ ਪੰਜਾਬੀਅਤ ਨਾਲ ਰਲਗੱਡ ਇੱਕ ਕੌਮੀਅਤ ਵਿੱਚ ਮੁਕੰਮਲ ਰੂਪ ਵਿੱਚ ਢਾਲ ਲੈਂਦੇ ਹਨ ਤਾਂ ਇਹ ਕਿਸੇ ਸਥਾਨਕ ਸੱਭਿਅਚਾਰ ਦੇ ਸੰਸਕਾਰਾਂ ਅਤੇ ਵਿਕਾਰਾਂ ਵਿੱਚ ਢਲਿਆ ਹੋਇਆ ਧਰਮ ਹੋਵੇਗਾ। ਇਸ ਦੇ ਵਿੱਚ ਇੰਜ ਦੇ ਫਰਕ ਹੋਣਗੇ, ਜਿਵੇਂ ਆਇਰਲੈਂਡ ਅਤੇ ਬਰਤਾਨੀਆ ਜਾਂ ਰੂਸ ਵਿੱਚ ਵਿਚਰਦੀ ਇਸਾਈਅਤ ਵਿੱਚ ਫਰਕ ਹਨ। ਉਂਝ ਸਮਾਂ ਪਾ ਕੇ ਨਵੇਂ ਪੈਦਾ ਹੋਣ ਵਾਲੇ ਧਰਮ ਇਸ ਕਿਸਮ ਦੇ ਸਥਾਨਕ ਸੱਭਿਆਚਾਰਾਂ ਵਿੱਚ ਢਲ ਹੀ ਜਾਂਦੇ ਹਨ। ਹਰਿੰਦਰ ਸਿੰਘ ਮਹਿਬੂਬ ਦੇ ਸ਼ਬਦਾਂ ਵਿੱਚ 'ਇਸ ਤਰ੍ਹਾਂ ਕਰਦਿਆਂ ਇਹ ਆਪਣੀ ਪਹਿਲ ਤਾਜ਼ਗੀ ਗੁਆ ਬੈਠਦੇ ਹਨ।'

## ਨਵੇਂ ਅਕਾਲੀ ਦਲ ਵੱਲੋਂ ਪਾਸ ਕੀਤੇ ਗਏ ਮਤੇ

ਨਵੇਂ ਅਕਾਲੀ ਦਲ ਵੱਲੋਂ ਆਪਣੇ ਪ੍ਰਧਾਨ ਅਤੇ ਧਾਰਮਿਕ ਕੌਂਸਲ ਦੀ ਮੁਖੀ ਦੀ ਚੋਣ ਤੋਂ ਬਾਅਦ 10 ਮਤੇ ਪਾਸ ਕੀਤੇ ਗਏ। ਡੈਲੀਗੇਟਾਂ ਅਤੇ ਆਗੂਆਂ ਨੇ ਜੋਸ਼ੀਲੇ ਜੈਕਾਰਿਆਂ ਦੀ ਗੂੰਜ ਵਿੱਚ ਇਹ ਮਤੇ ਪਾਸ ਕੀਤੇ। ਧਾਰਮਿਕ ਕੌਂਸਲ ਦੀ ਮੁਖੀ ਚੁਣੀ ਗਈ ਬੀਬੀ ਸਤਵੰਤ ਕੌਰ ਨੇ ਇਹ ਮਤੇ ਪੜ੍ਹ ਕੇ ਸੁਣਾਏ ਅਤੇ ਡੈਲੀਗੇਟਾਂ ਨੇ ਜੈਕਾਰਿਆਂ ਨਾਲ ਇਨ੍ਹਾਂ ਮਤਿਆਂ ਨੂੰ ਪ੍ਰਵਾਨਗੀ ਦਿੱਤੀ।

1. ਪਿਛਲੇ ਸਮੇਂ ਵਿੱਚ ਪੰਥਕ ਸੰਸਥਾਵਾਂ ਵਿੱਚ ਆਏ ਨਿਘਾਰ ਨੂੰ ਦੂਰ ਕਰਨ ਲਈ ਪੰਥਕ ਕੌਂਸਲ ਦੀ ਸਥਾਪਨਾ ਕੀਤੀ ਜਾਵੇਗੀ। ਇਸ ਦੀ ਸਲਾਹ ਨਾਲ ਹੀ ਪਾਰਟੀ ਪ੍ਰਧਾਨ ਮਹੱਤਵਪੂਰਨ ਫੈਸਲੇ ਲਵੇਗਾ।
2. ਨਵੇਂ ਅਕਾਲੀ ਦਲ ਦੀ 31 ਮੈਂਬਰੀ ਵਰਕਿੰਗ ਕਮੇਟੀ ਸਥਾਪਤ ਕੀਤੀ ਜਾਵੇਗੀ।



3. ਪਾਰਟੀ ਪ੍ਰਧਾਨ ਦਾ ਅਹੁਦਾ 3 ਸਾਲ ਲਈ ਹੋਵੇਗਾ ਅਤੇ ਦੋ ਟਰਮਾਂ ਪਿੱਛੋਂ ਕੋਈ ਵੀ ਪ੍ਰਧਾਨ ਨਹੀਂ ਬਣ ਸਕੇਗਾ।
4. ਪਾਰਟੀ ਪ੍ਰਧਾਨ ਆਪਣੇ ਅਹੁਦੇ 'ਤੇ ਹੁੰਦਿਆਂ ਲੋਕ ਸਭਾ ਜਾਂ ਵਿਧਾਨ ਸਭਾ ਦੀ ਚੋਣ ਨਹੀਂ ਲੜ ਸਕੇਗਾ। ਚੋਣ ਲੜਨ ਤੋਂ ਇੱਕ ਸਾਲ ਪਹਿਲਾਂ ਉਸ ਨੂੰ ਅਹੁਦੇ ਤੋਂ ਅਸਤੀਫਾ ਦੇਣਾ ਪਵੇਗਾ।
5. ਲੋਕ ਤੇ ਵਿਧਾਨ ਸਭਾ ਵਾਸਤੇ ਉਮੀਦਵਾਰ ਚੁਣਨ ਲਈ ਪਾਰਲੀਮੈਂਟਰੀ ਬੋਰਡ ਦੀ ਸਥਾਪਨਾ ਕੀਤੀ ਜਾਵੇਗੀ।
6. ਪਾਰਟੀ ਦੀ ਭਰਤੀ ਖੁੱਲ੍ਹੀ ਰਹੇਗੀ ਅਤੇ ਡੈਲੀਗੇਟਾਂ ਦੀ ਚੋਣ 6 ਸਾਲ ਬਾਅਦ ਹੋਵੇਗੀ।
7. ਪੰਜਾਬ ਵਿੱਚ ਅਤੇ ਪੰਜਾਬ ਤੋਂ ਬਾਹਰ ਸਿੱਖ ਸੰਸਥਾਵਾਂ ਵਿੱਚ ਪਤਿਤਪੁਣੇ ਨੂੰ ਰੋਕਣ ਲਈ ਵਿਦਿਅਕ ਸੰਸਥਾਵਾਂ ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਯੂਨਿਟ ਸਥਾਪਤ ਕੀਤੇ ਜਾਣਗੇ।
8. ਫੈਡਰੇਸ਼ਨ ਦੇ ਮੈਂਬਰ ਜਾਂ ਆਗੂ ਦੀ ਉਮਰ ਹੱਦ 37 ਸਾਲ ਹੋਵੇਗੀ
9. ਸ਼੍ਰੋਮਣੀ ਅਕਾਲੀ ਦਲ ਦਾ ਡੈਲੀਗੇਟ ਇਜਲਾਸ ਇੱਕ ਸਾਲ ਬਾਅਦ ਬੁਲਾਇਆ ਜਾਵੇਗਾ
10. ਪਾਰਟੀ ਦੇ ਮੁੱਖ ਦਫਤਰ ਨੂੰ ਚਲਾਉਣ ਲਈ ਜਨਰਲ ਸਕੱਤਰ ਜ਼ਿੰਮੇਵਾਰ ਹੋਵੇਗਾ
11. ਝੂੰਦਾ ਕਮੇਟੀ ਦੀ ਰਿਪੋਰਟ ਇੰਨ-ਬਿੰਨ ਲਾਗੂ ਕੀਤੀ ਜਾਵੇਗੀ।


Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਭਾਰੀ ਕਰਜ਼ੇ ਦੇ ਬੋਝ ਨਾਲ ਕੁੱਬਾ ਹੁੰਦਾ ਪੰਜਾਬ !

ਪੰਜਾਬ, ਜੋ ਕਦੇ ਸੁਨਹਿਰੀ ਖੇਤਾਂ ਅਤੇ ਆਰਥਿਕ ਸਥਿਰਤਾ ਦਾ ਪ੍ਰਤੀਕ ਸੀ, ਅੱਜ ਇੱਕ ਵਿਸ਼ਾਲ ਕਰਜ਼ੇ ਦੇ ਬੋਝ ਹੇਠ ਦੱਬਿਆ ਜਾ ਰਿਹਾ ਹੈ। ਸੂਬੇ ਦੀ ਵਿੱਤੀ ਸਥਿਤੀ ਨੇ ਆਮ ਨਾਗਰਿਕਾਂ ਦੀਆਂ ਚਿੰਤਾਵਾਂ ਨੂੰ ਅਸਮਾਨ 'ਤੇ ਪਹੁੰਚਾ ਦਿੱਤਾ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਨਿਰਧਾਰਤ ਉਧਾਰ ਸੀਮਾ ਨੂੰ ਵਾਰ-ਵਾਰ ਤੋੜਿਆ ਹੈ, ਜਿਸ ਨਾਲ ਸੂਬੇ ਦਾ ਕੁੱਲ ਕਰਜ਼ਾ 3.82 ਲੱਖ ਕਰੋੜ ਰੁਪਏ ਦੇ ਅੰਕੜੇ ਨੂੰ ਛੂਹ ਗਿਆ ਹੈ। ਸਾਲ 2024-25 ਵਿੱਚ ਪੰਜਾਬ ਸਰਕਾਰ ਨੇ ਕੇਂਦਰ ਵੱਲੋਂ ਨਿਰਧਾਰਤ 23,716 ਕਰੋੜ ਰੁਪਏ ਦੀ ਸ਼ੁੱਧ ਉਧਾਰ ਸੀਮਾ ਦੇ ਮੁਕਾਬਲੇ 40,828 ਕਰੋੜ ਰੁਪਏ ਦਾ ਕਰਜ਼ਾ ਓਪਨ ਮਾਰਕੀਟ ਤੋਂ ਲਿਆ, ਜੋ 17,112 ਕਰੋੜ ਰੁਪਏ ਦੀ ਵਾਧੂ ਉਧਾਰ ਨੂੰ ਦਰਸਾਉਂਦਾ ਹੈ। ਇਹ ਖੁਲਾਸਾ ਵਿੱਤ ਮੰਤਰਾਲੇ ਦੀ ਰਿਪੋਰਟ ਵਿੱਚ ਹੋਇਆ, ਜੋ ਲੋਕ ਸਭਾ ਵਿੱਚ ਪੇਸ਼ ਕੀਤੀ ਗਈ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਵਿੱਚ ਜਨਮ ਲੈਣ ਵਾਲਾ ਹਰ ਬੱਚਾ ਜਨਮ ਸਮੇਂ ਤੋਂ ਹੀ ਕਰਜ਼ੇ ਦੇ ਬੋਝ ਹੇਠ ਆ ਜਾਂਦਾ ਹੈ। ਸੂਬੇ ਦੀ ਵਿੱਤੀ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਲਈ ਇਸ ਦੇ ਮੂਲ ਕਾਰਨਾਂ, ਇਤਿਹਾਸ ਅਤੇ ਸੰਭਾਵੀ ਹੱਲਾਂ 'ਤੇ ਡੂੰਘਾਈ ਨਾਲ ਵਿਚਾਰ ਕਰਨ ਦੀ ਲੋੜ ਹੈ।

### ਵਿੱਤੀ ਸੰਕਟ ਦੀ ਸ਼ੁਰੂਆਤ ਅਤੇ ਵਿਕਾਸ

ਪੰਜਾਬ ਦੀ ਵਿੱਤੀ ਸਥਿਤੀ ਦਾ ਵਿਗੜਨਾ ਕੋਈ ਰਾਤੋ-ਰਾਤ ਦੀ ਘਟਨਾ ਨਹੀਂ ਹੈ। ਪਿਛਲੇ ਕਈ ਦਹਾਕਿਆਂ ਤੋਂ ਸੂਬੇ ਦੀਆਂ ਵੱਖ-ਵੱਖ ਸਰਕਾਰਾਂ ਨੇ ਵਿੱਤੀ ਅਨੁਸ਼ਾਸਨ ਨੂੰ ਨਜ਼ਰਅੰਦਾਜ਼ ਕਰਦਿਆਂ ਓਪਨ ਮਾਰਕੀਟ ਤੋਂ ਵੱਡੀ ਮਾਤਰਾ ਵਿੱਚ ਕਰਜ਼ਾ ਲਿਆ ਹੈ। ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਸੂਬਿਆਂ ਦੀ ਉਧਾਰ ਸੀਮਾ ਜੀ.ਐਸ.ਡੀ.ਪੀ. (ਗ੍ਰਾਸ ਸਟੇਟ ਡੋਮੈਸਟਿਕ ਪ੍ਰੋਡਕਟ) ਦੇ 3 ਫੀਸਦੀ 'ਤੇ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਸੂਬਿਆਂ ਨੂੰ ਆਪਣਾ ਮਾਲੀਆ ਬਜਟ ਸੰਤੁਲਿਤ ਰੱਖਣ ਤੇ ਵਿੱਤੀ ਘਾਟੇ ਨੂੰ 3 ਫੀਸਦੀ ਦੇ ਅੰਦਰ ਸੀਮਤ ਕਰਨ ਦੀ ਸ਼ਰਤ ਹੁੰਦੀ ਹੈ; ਪਰ ਪੰਜਾਬ ਨੇ ਪਿਛਲੇ ਪੰਜ ਸਾਲਾਂ ਵਿੱਚ ਇਸ ਸੀਮਾ ਨੂੰ ਨਿਰੰਤਰ ਤੋੜਿਆ ਹੈ, ਜੋ ਸੂਬੇ ਦੀ ਵਿੱਤੀ ਸਿਹਤ ਲਈ ਚਿੰਤਾਜਨਕ ਸੰਕੇਤ ਹੈ। ਪਿਛਲੇ ਪੰਜ ਸਾਲਾਂ ਦੇ ਅੰਕੜੇ ਇਸ ਸਥਿਤੀ ਦੀ ਗੰਭੀਰਤਾ ਨੂੰ ਸਪੱਸ਼ਟ ਕਰਦੇ ਹਨ:

2020-21: ਨਿਰਧਾਰਤ ਉਧਾਰ ਸੀਮਾ 18,196 ਕਰੋੜ ਰੁਪਏ ਸੀ, ਪਰ ਸਰਕਾਰ ਨੇ 32,995 ਕਰੋੜ ਰੁਪਏ ਦਾ ਕਰਜ਼ਾ ਲਿਆ।

2021-22: ਸੀਮਾ 22,951 ਕਰੋੜ ਰੁਪਏ ਸੀ, ਜਦਕਿ 25,814 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ।

2022-23: ਸੀਮਾ 22,044 ਕਰੋੜ ਰੁਪਏ ਸੀ, ਪਰ 45,500 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ।

2023-24: ਸੀਮਾ 20,628 ਕਰੋੜ ਰੁਪਏ ਸੀ, ਜਦਕਿ 42,386 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ।

2024-25: ਸੀਮਾ 23,716 ਕਰੋੜ ਰੁਪਏ ਸੀ, ਪਰ 40,828 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ।

ਇਹ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਸਰਕਾਰ ਨੇ ਹਰ ਸਾਲ ਕੇਂਦਰ ਦੀ ਨਿਰਧਾਰਤ ਸੀਮਾ ਤੋਂ ਦੁੱਗਣੇ ਤੋਂ ਵੀ ਵੱਧ ਕਰਜ਼ਾ ਲਿਆ ਹੈ। ਸਰਕਾਰ ਦੇ ਬਜਟ ਅਨੁਸਾਰ ਵਿੱਤੀ ਸਾਲ 2025-26 ਦੇ ਅੰਤ ਤੱਕ ਸੂਬੇ 'ਤੇ ਕਰਜ਼ਾ ਵਧ ਕੇ 4 ਲੱਖ 17 ਹਜ਼ਾਰ 146 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ, ਜੋ 2023-24 ਦੇ 3 ਲੱਖ 82 ਹਜ਼ਾਰ 934 ਕਰੋੜ ਰੁਪਏ ਦੇ ਅਨੁਮਾਨ ਤੋਂ ਕਾਫੀ ਵੱਧ ਹੈ।

ਪੰਜਾਬ ਦੇ ਕਰਜ਼ੇ ਦੇ ਵਧਣ ਦੇ ਪਿੱਛੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਹੈ ਸਰਕਾਰ ਦੀਆਂ ਮੁਫਤ ਸਕੀਮਾਂ। ਇਨ੍ਹਾਂ ਵਿੱਚੋਂ ਬਿਜਲੀ ਸਬਸਿਡੀ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਸੂਬੇ ਵਿੱਚ ਹਰ ਘਰੇਲੂ ਕੁਨੈਕਸ਼ਨ 'ਤੇ 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦਿੱਤੀ ਜਾਂਦੀ ਹੈ, ਜਿਸ 'ਤੇ ਸਰਕਾਰ ਦਾ ਸਾਲਾਨਾ 20 ਤੋਂ 22 ਹਜ਼ਾਰ ਕਰੋੜ ਰੁਪਏ ਦਾ ਖਰਚ ਹੋ ਰਿਹਾ ਹੈ। ਇਸ ਤੋਂ ਇਲਾਵਾ ਹੋਰ ਮੁਫਤ ਸਕੀਮਾਂ, ਜਿਵੇਂ ਕਿ ਮੁਫਤ ਬੱਸ ਯਾਤਰਾ ਅਤੇ ਹੋਰ ਸਮਾਜਿਕ ਭਲਾਈ ਸਕੀਮਾਂ ਨੇ ਵੀ ਸਰਕਾਰ ਦੇ ਵਿੱਤੀ ਸਰੋਤਾਂ 'ਤੇ ਭਾਰੀ ਦਬਾਅ ਪਾਇਆ ਹੈ।

ਡੀ.ਏ.ਵੀ. ਕਾਲਜ ਦੇ ਅਰਥਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਬਿਮਲ ਅੰਜੁਮ ਦਾ ਕਹਿਣਾ ਹੈ ਕਿ ਪੰਜਾਬ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਸਰਕਾਰ ਨੂੰ ਆਪਣੀ ਆਮਦਨ ਦੇ ਸਰੋਤ ਵਧਾਉਣ ਦੀ ਸਖ਼ਤ ਜ਼ਰੂਰਤ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ 1986 ਵਿੱਚ ਪੰਜਾਬ ਨੂੰ ਨਕਦੀ ਸਰਪਲਸ ਵਾਲਾ ਸੂਬਾ ਮੰਨਿਆ ਜਾਂਦਾ ਸੀ, ਪਰ ਚੋਣਾਵੀ ਸਕੀਮਾਂ ਅਤੇ ਮੁਫਤ ਦੇ ਐਲਾਨਾਂ ਨੇ ਸੂਬੇ ਨੂੰ ਆਰਥਿਕ ਸੰਕਟ ਦੀ ਡੂੰਘਾਈ ਵਿੱਚ ਧੱਕ ਦਿੱਤਾ ਹੈ। ਮੁਫਤ ਸਕੀਮਾਂ 'ਤੇ ਲਗਾਮ ਲਗਾਉਣ ਅਤੇ ਨਵੇਂ ਆਰਥਿਕ ਮਾਡਲ ਅਪਣਾਉਣ ਦੀ ਜ਼ਰੂਰਤ ਹੈ।

ਪੰਜਾਬ ਦੇ ਵਿੱਤੀ ਸੰਕਟ ਦੀ ਜ਼ਿੰਮੇਵਾਰੀ ਸਿਰਫ ਮੌਜੂਦਾ ਸਰਕਾਰ 'ਤੇ ਨਹੀਂ ਪਾਈ ਜਾ ਸਕਦੀ। ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ ਵੀ ਚੋਣਾਵੀ ਸਕੀਮਾਂ ਅਤੇ ਗੈਰ-ਜ਼ਿੰਮੇਵਾਰਾਨਾ ਵਿੱਤੀ ਨੀਤੀਆਂ ਨੂੰ ਅਪਣਾਇਆ, ਜਿਸ ਨੇ ਸੂਬੇ ਦੀ ਵਿੱਤੀ ਸਥਿਤੀ ਨੂੰ ਕਮਜ਼ੋਰ ਕੀਤਾ। ਮੌਜੂਦਾ ਆਮ ਆਦਮੀ ਪਾਰਟੀ (ਆਪ) ਸਰਕਾਰ, ਜਿਸ ਨੇ 2022 ਵਿੱਚ ਸੱਤਾ ਸੰਭਾਲੀ, ਨੇ ਵੀ ਮੁਫਤ ਸਕੀਮਾਂ ਨੂੰ ਜਾਰੀ ਰੱਖਿਆ ਹੈ, ਜਿਸ ਨਾਲ ਵਿੱਤੀ ਸੰਕਟ ਹੋਰ ਗੰਭੀਰ ਹੋ ਗਿਆ ਹੈ। ਸਰਕਾਰ ਨੂੰ ਚੋਣਾਵੀ ਸਕੀਮਾਂ ਦੇ ਨਾਲ-ਨਾਲ ਆਮਦਨ ਵਧਾਉਣ ਦੇ ਠੋਸ ਉਪਾਅ ਕਰਨ ਦੀ ਜ਼ਰੂਰਤ ਹੈ।

ਪੰਜਾਬ ਦੇ ਵਿੱਤੀ ਸੰਕਟ ਨੂੰ ਹੱਲ ਕਰਨ ਲਈ ਸਰਕਾਰ ਨੂੰ ਬਹੁ-ਪੱਖੀ ਅਤੇ ਲੰਬੇ ਸਮੇਂ ਦੀ ਰਣਨੀਤੀ ਅਪਣਾਉਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਰਕਾਰ ਨੂੰ ਆਪਣੀ ਆਮਦਨ ਵਧਾਉਣ ਲਈ ਨਵੇਂ ਸਰੋਤ ਲੱਭਣੇ ਪੈਣਗੇ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:

**ਟੈਕਸ ਸੁਧਾਰ:** ਟੈਕਸ ਸੰਗ੍ਰਹਿ ਨੂੰ ਵਧੇਰੇ ਪ੍ਰਭਾਵੀ ਅਤੇ ਪਾਰਦਰਸ਼ੀ ਬਣਾਉਣਾ।

**ਉਦਯੋਗਿਕ ਵਿਕਾਸ:** ਸੂਬੇ ਵਿੱਚ ਨਵੇਂ ਉਦਯੋਗ ਸਥਾਪਤ ਕਰਨ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਨੀਤੀਆਂ ਬਣਾਉਣੀਆਂ।

**ਕਿਸਾਨੀ ਅਤੇ ਗੈਰ-ਕਿਸਾਨੀ ਆਮਦਨ:** ਖੇਤੀਬਾੜੀ ਦੇ ਨਾਲ-ਨਾਲ ਸੂਬੇ ਦੀ ਆਰਥਿਕਤਾ ਨੂੰ ਵਿਭਿੰਨਤਾ ਪ੍ਰਦਾਨ ਕਰਨ ਲਈ ਸੈਰ-ਸਪਾਟਾ, ਸੂਚਨਾ ਤਕਨਾਲੋਜੀ ਅਤੇ ਸੇਵਾ ਖੇਤਰ 'ਤੇ ਧਿਆਨ ਦੇਣਾ।

ਦੂਜਾ, ਮੁਫਤ ਸਕੀਮਾਂ ਨੂੰ ਸੀਮਤ ਜਾਂ ਵਧੇਰੇ ਨਿਸ਼ਾਨਾਬੱਧ (ਟਾਰਗੇਟਡ) ਬਣਾਉਣ ਦੀ ਜ਼ਰੂਰਤ ਹੈ। ਮਿਸਾਲ ਵਜੋਂ, ਬਿਜਲੀ ਸਬਸਿਡੀ ਨੂੰ ਸਿਰਫ ਗਰੀਬ ਅਤੇ ਲੋੜਵੰਦ ਪਰਿਵਾਰਾਂ ਤੱਕ ਸੀਮਤ ਕਰ ਕੇ ਸਰਕਾਰ ਦੇ ਖਰਚੇ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਹੋਰ ਸਬਸਿਡੀਆਂ ਅਤੇ ਮੁਫਤ ਸਕੀਮਾਂ ਦੀ ਸਮੀਖਿਆ ਕਰ ਕੇ ਉਨ੍ਹਾਂ ਨੂੰ ਵਧੇਰੇ ਕੁਸ਼ਲ ਬਣਾਇਆ ਜਾ ਸਕਦਾ ਹੈ। ਤੀਜਾ, ਸਰਕਾਰ ਨੂੰ ਨਿੱਜੀ ਖੇਤਰ ਨਾਲ ਸਹਿਯੋਗ ਵਧਾਉਣ ਦੀ ਜ਼ਰੂਰਤ ਹੈ। ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ (ਫਫਫ) ਮਾਡਲ ਅਪਣਾ ਕੇ ਸਰਕਾਰ ਬੁਨਿਆਦੀ ਢਾਂਚੇ ਅਤੇ ਵਿਕਾਸ ਪ੍ਰੋਜੈਕਟਾਂ 'ਤੇ ਖਰਚ ਨੂੰ ਘਟਾ ਸਕਦੀ ਹੈ।

*-ਪੰਜਾਬੀ ਪਰਵਾਜ਼ ਬਿਊਰੋ*

### ਭਵਿੱਖ ਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ

ਪੰਜਾਬ ਦਾ ਵਿੱਤੀ ਸੰਕਟ ਸਿਰਫ ਅੰਕੜਿਆਂ ਦੀ ਸਮੱਸਿਆ ਨਹੀਂ ਹੈ; ਇਹ ਸੂਬੇ ਦੇ ਵਿਕਾਸ ਅਤੇ ਖੁਸ਼ਹਾਲੀ 'ਤੇ ਸਿੱਧਾ ਅਸਰ ਪਾਉਂਦਾ ਹੈ। ਜੇਕਰ ਸਰਕਾਰ ਨੇ ਸਮੇਂ ਸਿਰ ਠੋਸ ਕਦਮ ਨਾ ਚੁੱਕੇ, ਤਾਂ ਕਰਜ਼ੇ ਦਾ ਬੋਝ ਹੋਰ ਵਧ ਸਕਦਾ ਹੈ, ਜਿਸ ਨਾਲ ਜਨਤਕ ਸੇਵਾਵਾਂ ਜਿਵੇਂ ਕਿ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ 'ਤੇ ਨਕਾਰਾਤਮਕ ਅਸਰ ਪਵੇਗਾ। ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਸਰਕਾਰ ਨੂੰ ਵਿੱਤੀ ਅਨੁਸ਼ਾਸਨ, ਨਵੀਨਤਾਕਾਰੀ ਨੀਤੀਆਂ ਅਤੇ ਸਮਾਜ ਦੇ ਸਾਰੇ ਵਰਗਾਂ ਦੇ ਸਹਿਯੋਗ ਦੀ ਜ਼ਰੂਰਤ ਹੈ। ਸੂਬੇ ਦੀ ਜਨਤਾ ਨੂੰ ਵੀ ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਅਤੇ ਸਰਕਾਰ ਦੇ ਸੁਧਾਰਵਾਦੀ ਕਦਮਾਂ ਵਿੱਚ ਸਹਿਯੋਗ ਕਰਨ ਦੀ ਜ਼ਰੂਰਤ ਹੈ।

ਪੰਜਾਬ ਦਾ ਵਿੱਤੀ ਸੰਕਟ ਇੱਕ ਅਜਿਹਾ ਮੁੱਦਾ ਹੈ, ਜਿਸ ਨੂੰ ਹੱਲ ਕਰਨ ਲਈ ਸਰਕਾਰ ਨੂੰ ਤੁਰੰਤ, ਸੁਚੇਤ ਅਤੇ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ। ਆਮਦਨ ਦੇ ਸਰੋਤ ਵਧਾਉਣ, ਮੁਫਤ ਸਕੀਮਾਂ ਨੂੰ ਸੀਮਤ ਜਾਂ ਨਿਸ਼ਾਨਾਬੱਧ ਕਰਨ ਅਤੇ ਵਿੱਤੀ ਅਨੁਸ਼ਾਸਨ ਨੂੰ ਯਕੀਨੀ ਬਣਾਉਣ ਨਾਲ ਹੀ ਸੂਬਾ ਇਸ ਕਰਜ਼ੇ ਦੇ ਜਾਲ ਤੋਂ ਬਾਹਰ ਨਿਕਲ ਸਕਦਾ ਹੈ। ਜੇਕਰ ਸਮੇਂ ਸਿਰ ਕਦਮ ਨਾ ਚੁੱਕੇ ਗਏ ਤਾਂ ਪੰਜਾਬ ਦੀ ਆਰਥਿਕ ਸਥਿਤੀ ਹੋਰ ਵਿਗੜ ਸਕਦੀ ਹੈ, ਜਿਸ ਦਾ ਅਸਰ ਸੂਬੇ ਦੇ ਵਿਕਾਸ ਅਤੇ ਨਾਗਰਿਕਾਂ ਦੀ ਖੁਸ਼ਹਾਲੀ 'ਤੇ ਪਵੇਗਾ। ਪੰਜਾਬ ਨੂੰ ਇਸ ਸੰਕਟ ਤੋਂ ਬਾਹਰ ਨਿਕਲਣ ਲਈ ਸਰਕਾਰ, ਨਾਗਰਿਕਾਂ ਅਤੇ ਹੋਰ ਸਟੇਕਹੋਲਡਰਾਂ ਦੇ ਸਾਂਝੇ ਯਤਨਾਂ ਦੀ ਜ਼ਰੂਰਤ ਹੈ। ਸਿਰਫ ਸੁਚੇਤ ਨੀਤੀਆਂ ਅਤੇ ਸਮਾਜਿਕ ਸਹਿਯੋਗ ਨਾਲ ਹੀ ਪੰਜਾਬ ਮੁੜ ਤੋਂ ਆਰਥਿਕ ਸਥਿਰਤਾ ਅਤੇ ਖੁਸ਼ਹਾਲੀ ਦੀ ਮੰਜ਼ਿਲ ਵੱਲ ਵਧ ਸਕਦਾ ਹੈ।


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com


FUTURITY FIRST
Retirement | Life | Health


Futurity First Insurance Group



Atlantis Banquets
1273 North Rand Road, Arlington Heights, IL 60004
Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com

Under New Management With New Glance of Experience.



ATLANTIS ATLANTIS ATLANTIS BANQUETS

Features
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Birthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਕੇਂਦਰ ਸਰਕਾਰ ਅਤੇ ਭਾਜਪਾ 'ਤੇ ਵੋਟਾਂ ਚੋਰੀ ਕਰਨ ਦੇ ਦੋਸ਼

***ਜਾਅਲੀ ਨਾਵਾਂ ਹੇਠ ਵਾਧੂ ਵੋਟਾਂ ਬਣਾ ਕੇ ਜਿੱਤੀ ਲੋਕ ਸਭਾ ਚੋਣ *ਕਾਂਗਰਸ ਪਾਰਟੀ ਵੱਲੋਂ ਸਮੁੱਚੀ ਵਿਰੋਧੀ ਧਿਰ ਨੂੰ ਲਾਮਬੰਦ ਕਰਨ ਦਾ ਯਤਨ***

**ਜਸਵੀਰ ਸਿੰਘ ਮਾਂਗਟ**

ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਇਨ੍ਹੀਂ ਦਿਨੀਂ ਭਾਰਤ ਦੀ ਸੱਤਾ ਵਿਰੋਧੀ ਰਾਜਸੀ ਸਰਗਰਮੀ ਦਾ ਕੇਂਦਰ ਬਣੇ ਹੋਏ ਹਨ। ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ 'ਤੇ ਵੋਟਾਂ ਚੋਰੀ ਕਰਨ ਦੇ ਇਲਜ਼ਾਮ ਲਗਾਏ ਜਾ ਰਹੇ ਹਨ। ਵੱਡੀ ਗੱਲ ਇਹ ਹੈ ਕਿ ਇਹ ਸਾਰੇ ਇਲਜ਼ਾਮ ਠੋਸ ਤੱਥਾਂ 'ਤੇ ਆਧਾਰਤ ਹਨ। ਇਹ ਤੱਥ ਇਕੱਠੇ ਕਰਨ ਲਈ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਸਖਤ ਮਿਹਨਤ ਕੀਤੀ ਹੈ। ਇਸ ਸਾਰੀ ਸਰਗਰਮੀ ਦੀ ਰਾਹੁਲ ਗਾਂਧੀ ਨੇ ਸਿੱਧੀ ਦੇਖ-ਰੇਖ ਕੀਤੀ ਹੈ।

ਰਾਹੁਲ ਗਾਂਧੀ ਵੱਲੋਂ ਭਾਰਤੀ ਜਨਤਾ ਪਾਰਟੀ 'ਤੇ ਵੋਟਾਂ ਚੋਰੀ ਕਰਨ ਦੇ ਇਲਜ਼ਾਮ ਬੰਗਲੌਰ ਕੇਂਦਰੀ ਲੋਕ ਸਭਾ ਹਲਕੇ ਦੇ 8 ਵਿਧਾਨ ਸਭਾ ਹਲਕਿਆਂ ਵਿੱਚੋਂ ਇੱਕ ਵਿੱਚ ਕੀਤੀ ਗਈ ਵਿਸਥਾਰਤ ਪੜਤਾਲ 'ਤੇ ਆਧਾਰਤ ਹਨ। ਇਸ ਪੜਤਾਲ ਅਨੁਸਾਰ ਇਸ ਲੋਕ ਸਭਾ ਹਲਕੇ ਦੇ 7 ਵਿਧਾਨ ਸਭਾ ਹਲਕਿਆਂ ਵਿੱਚ ਲੀਡ ਕਰਨ ਦੇ ਬਾਵਜੂਦ ਕਾਂਗਰਸ ਪਾਰਟੀ ਇੱਥੇ ਲੋਕ ਸਭਾ ਚੋਣ ਹਾਰ ਗਈ ਸੀ। ਅੱਠਾਂ ਵਿੱਚੋਂ ਇੱਕ ਵਿਧਾਨ ਸਭਾ ਹਲਕੇ ਵਿੱਚ ਭਾਰਤੀ ਜਨਤਾ ਪਾਰਟੀ ਇੰਨੀ ਜ਼ਿਆਦਾ ਲੀਡ ਲੈ ਗਈ ਕਿ ਉਸ ਨਾਲ 7 ਵਿਧਾਨ ਸਭਾ ਹਲਕਿਆਂ ਵਿੱਚ ਕਾਂਗਰਸ ਪਾਰਟੀ ਦੀ ਲੀਡ ਮਨਫੀ ਹੋ ਗਈ ਅਤੇ ਭਾਜਪਾ ਦਾ ਉਮੀਦਵਾਰ ਜਿੱਤ ਗਿਆ। ਭਾਜਪਾ ਨੂੰ ਜਿਤਾਉਣ ਵਾਲੇ ਇਸ ਅੱਠਵੇਂ ਵਿਧਾਨ ਸਭਾ ਹਲਕੇ 'ਤੇ ਹੀ ਕਾਂਗਰਸ ਪਾਰਟੀ ਨੇ ਆਪਣੀ ਪੜਤਾਲ ਸ਼ੁਰੂ ਕੀਤੀ ਸੀ। ਸਵਾਲ ਸਾਹਮਣੇ ਇਹ ਸੀ ਕਿ ਭਾਜਪਾ ਇੱਥੋਂ ਇੰਨੀ ਲੀਡ ਕਿਵੇਂ ਲੈ ਗਈ! ਇਹ ਬੇਹੱਦ ਮਿਹਨਤ ਅਤੇ ਬਾਰੀਕ ਛਾਣਬੀਣ ਵਾਲਾ ਕੰਮ ਸੀ, ਜਿਸ ਦੌਰਾਨ ਪਤਾ ਲੱਗਾ ਕਿ ਭਾਜਪਾ ਵੱਲੋਂ ਇਸ ਖੇਤਰ ਵਿੱਚ ਚਾਲੀ ਹਜ਼ਾਰ ਜਾਅਲੀ ਵੋਟਾਂ ਬਣਾਈਆਂ ਹੋਈਆਂ ਸਨ। ਇੱਥੇ ਜ਼ਿਕਰਯੋਗ ਹੈ ਕਿ ਭਾਰਤ ਵਿੱਚ ਚੋਣ ਅਮਲ ਦੀ ਨਿਰਪੱਖਤਾ 'ਤੇ ਬੀਤੇ ਕੁਝ ਸਾਲਾਂ ਵਿੱਚ ਲਗਾਤਾਰ ਸਵਾਲ ਉੱਠਦੇ ਰਹੇ ਹਨ। ਜਦੋਂ ਈ.ਵੀ.ਐਮ. ਮਸ਼ੀਨਾਂ ਹਾਲੇ ਨਹੀਂ ਸਨ ਆਈਆਂ ਤਾਂ ਚੋਣ ਮੌਕੇ ਮੌਜੂਦ ਸਰਕਾਰੀ ਧਿਰਾਂ ਅਕਸਰ ਬੂਥ ਕੈਪਚਰਿੰਗ ਕਰਕੇ ਆਪਣੇ ਉਮੀਦਵਾਰਾਂ ਨੂੰ ਵੋਟਾਂ ਪਵਾਉਣ ਦਾ ਉਪਰਾਲਾ ਕਰਿਆ ਕਰਦੀਆਂ ਸਨ। ਇਸ ਕਿਸਮ ਦੇ ਚੋਣ ਦੁਰਅਮਲ ਉਦੋਂ ਬਿਹਾਰ ਅਤੇ ਉੱਤਰ ਪ੍ਰਦੇਸ਼ ਜਿਹੇ ਰਾਜਾਂ ਵਿੱਚ ਵੇਖਣ ਨੂੰ ਮਿਲਿਆ ਕਰਦੇ ਸਨ। ਈ.ਵੀ.ਐਮ. ਮਸ਼ੀਨਾਂ ਦੀ ਆਮਦ ਨਾਲ ਇੱਕ ਵਾਰ ਲੱਗਾ ਸੀ ਕਿ ਬੂਥ ਕੈਪਚਰਿੰਗ ਜਾਂ ਹੋਰ ਹੇਰਾ-ਫੇਰੀ ਰਾਹੀਂ ਵੋਟਾਂ ਲੁੱਟਣ ਦੇ ਇਹ ਕੁਚੱਜ ਹੁਣ ਰੁਕ ਜਾਣਗੇ, ਪਰ ਫਿਰ ਈ.ਵੀ.ਐਮ. ਮਸ਼ੀਨਾਂ 'ਤੇ ਕਬਜ਼ੇ ਕਰਕੇ ਵੋਟਾਂ ਪੁਆਉਣ ਦੀਆਂ ਕਾਰਵਾਈਆਂ ਹੋਣ ਲੱਗੀਆਂ। ਪਿਛਲੇ ਦੋ ਕੁ ਦਹਾਕਿਆਂ ਵਿੱਚ ਵੋਟਾਂ ਦੀ ਹੇਰਾ-ਫੇਰੀ ਦਾ ਇਹ ਗੈਰ-ਜਮਹੂਰੀ ਕਰਮ ਸੂਖਮ ਰੂਪ ਅਖਤਿਆਰ ਕਰ ਗਿਆ ਹੈ। ਸੌਫਟਵੇਅਰ ਅਸਾਨੀ ਨਾਲ ਹੈਕ ਕੀਤੇ ਜਾ ਸਕਦੇ ਹਨ। ਮਸ਼ੀਨਾਂ ਬਦਲੀਆਂ ਜਾ ਸਕਦੀਆਂ ਹਨ। ਈ.ਵੀ.ਐਮ. ਮਸ਼ੀਨਾਂ 'ਤੇ ਇੰਜ ਦੇ ਕਾਫੀ ਸਵਾਲ ਉੱਠੇ ਕਿ ਇਨ੍ਹਾਂ ਵਿੱਚ ਸੌਫਟਵੇਅਰ ਦੀ ਹੇਰਾ-ਫੇਰੀ ਰਾਹੀਂ ਵੱਡੀ ਪੱਧਰ 'ਤੇ ਵੋਟਾਂ ਵਾਲੀ ਠੱਗੀ ਹੋ ਸਕਦੀ ਹੈ। ਕਾਂਗਰਸ ਸਰਕਾਰ ਵੇਲੇ ਇਸ ਕਿਸਮ ਦੇ ਦੋਸ਼ ਭਾਰਤੀ ਜਨਤਾ ਪਾਰਟੀ ਦੇ ਇੱਕ ਵੱਡੇ ਆਗੂ ਐਲ.ਕੇ. ਅਡਵਾਨੀ ਨੇ ਵੀ ਲਗਾਏ ਸਨ। ਭਾਰਤੀ ਜਨਤਾ ਪਾਰਟੀ ਦੇ ਇੱਕ ਹੋਰ ਆਗੂ ਜੀ.ਵੀ.ਐਲ. ਨਰਸਿਮਾਹ ਰਾਓ ਨੇ ਇਸ ਮੁੱਦੇ 'ਤੇ ਇਕ ਕਿਤਾਬ 'ਡੈਮੋਕਰੇਸੀ ਐਟ ਰਿਸਕ' ਲਿਖੀ ਸੀ, ਜਿਸ ਦਾ ਮੁੱਖਬੰਧ ਐਲ.ਕੇ. ਅਡਵਾਨੀ ਨੇ ਲਿਖਿਆ ਸੀ। ਈ.ਵੀ.ਐਮ. 'ਤੇ ਦੋਸ਼ ਲਾਉਣ ਵਾਲੇ ਇਹ ਆਗੂ ਅੱਜ ਕੱਲ੍ਹ ਭਾਰਤੀ ਜਨਤਾ ਪਾਰਟੀ ਵੱਲੋਂ ਰਾਜ ਸਭਾ ਦੇ ਮੈਂਬਰ ਹਨ। ਉਨ੍ਹਾਂ ਲਈ ਈ.ਵੀ.ਐਮ. ਹੁਣ ਕੋਈ ਮਸਲਾ ਨਹੀਂ ਹੈ। ਪਿਛਲੀਆਂ ਚੋਣਾਂ ਵੇਲੇ ਸੁਪਰੀਮ ਕੋਰਟ ਦੇ ਕੁਝ ਵਕੀਲਾਂ ਨੇ ਈ.ਵੀ.ਐਮ. ਮਸ਼ੀਨਾਂ ਖਿਲਾਫ ਇੱਕ ਵੱਡੀ ਮੁਹਿੰਮ ਛੇੜੀ ਸੀ, ਪਰ ਸਰਕਾਰ ਅਤੇ ਚੋਣ ਕਮਿਸ਼ਨ 'ਤੇ ਇਸ ਮੁਹਿੰਮ ਦਾ ਬਹੁਤਾ ਅਸਰ ਨਹੀਂ ਸੀ ਹੋਇਆ। ਈ.ਵੀ.ਐਮ. ਦੇ ਮੁੱਦੇ 'ਤੇ ਸਰਕਾਰ ਦਾ ਜਵਾਬ ਹੈ ਕਿ ਇਹ ਮਸ਼ੀਨਾ ਕਿਸੇ ਇੰਟਰਨੈਟ ਸਰਵਰ ਨਾਲ ਨਹੀਂ ਜੁੜੀਆਂ ਹੁੰਦੀਆਂ, ਇਸ ਲਈ ਇਨ੍ਹਾਂ ਵਿੱਚ ਹੇਰਾ-ਫੇਰੀ ਸੰਭਵ ਨਹੀਂ ਹੈ।




ਰਾਹੁਲ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਵਰਕਰਾਂ ਵੱਲੋਂ ਕੀਤੀ ਗਈ ਖੋਜ ਵਿੱਚ ਹੁਣ ਇਹ ਤੱਥ ਸਾਹਮਣੇ ਆਏ ਹਨ ਕਿ ਚੋਣਾਂ ਤੋਂ ਪਹਿਲਾਂ ਵੋਟਰ ਲਿਸਟਾਂ ਦੀ ਸੋਧ ਸੁਧਾਈ ਵੇਲੇ ਹੀ ਵੱਡੀਆਂ ਹੇਰਾ-ਫੇਰੀਆਂ ਹੋ ਜਾਂਦੀਆਂ ਹਨ। ਇਸ ਕਿਸਮ ਦੇ ਦੋਸ਼ ਦਿੱਲੀ ਦੀਆਂ ਬੀਤੀਆਂ ਵਿਧਾਨ ਸਭਾ ਚੋਣਾਂ ਵੇਲੇ ਆਪ ਮੁਖੀ ਅਰਵਿੰਦ ਕੇਜਰੀਵਾਲ, ਸੰਜੇ ਸਿੰਘ ਅਤੇ ਆਤਿਸ਼ੀ ਸਿੰਘ ਨੇ ਵੀ ਲਾਏ ਸਨ ਕਿ ਵੋਟਾਂ ਦੀ ਸੁਧਾਈ ਵੇਲੇ ਕਈ ਹਲਕਿਆਂ ਵਿੱਚ ਉਨ੍ਹਾਂ ਦੀ ਪਾਰਟੀ ਦੇ ਹਮਾਇਤੀ ਵੋਟਰਾਂ ਦੀਆਂ ਵੋਟਾਂ ਕੱਟੀਆਂ ਗਈਆਂ, ਪਰ ਪਿੱਛੋਂ 'ਆਪ' ਦੀ ਇਹ ਮੁਹਿੰਮ ਆਈ-ਗਈ ਹੋ ਗਈ ਸੀ।

ਹੁਣ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਦੇ ਕਾਰਕੁੰਨਾਂ ਨੇ ਵੋਟਾਂ ਦੀ ਇਸ ਚੋਰੀ ਨੂੰ ਠੋਸ ਤੱਥਾਂ 'ਤੇ ਆਧਾਰਤ ਕੀਤਾ ਹੈ। ਇਸ ਦੌਰਾਨ ਉਨ੍ਹਾਂ ਨੇ ਇੱਕ ਵੱਡੀ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਕਿਵੇਂ ਸਿਰਫ ਇੱਕ ਵਿਧਾਨ ਸਭਾ ਹਲਕੇ ਵਿੱਚ ਚਾਲੀ ਹਜ਼ਾਰ ਤੋਂ ਵੱਧ ਵੋਟਾਂ ਜਾਅਲੀ ਪਤਿਆਂ 'ਤੇ ਬਣਾਈਆਂ ਗਈਆਂ ਹਨ। ਬਹੁਤ ਸਾਰੀਆਂ ਵੋਟਾਂ 'ਤੇ ਫੋਟੋਆਂ ਜਾਂ ਤੇ ਲਗਾਈਆਂ ਨਹੀਂ ਗਈਆਂ ਜਾਂ ਫਿਰ ਜਾਅਲੀ ਲਗਾਈਆਂ ਗਈਆਂ ਹਨ। ਇਸ ਤੋਂ ਇਲਾਵਾ 80 ਵੋਟਾਂ ਇੱਕ ਛੋਟੇ ਜਿਹੇ ਕਮਰੇ ਦੇ ਪਤੇ ਉੱਤੇ ਬਣਾਈਆਂ ਗਈਆਂ ਹਨ। ਕਿਸੇ ਘਰ ਦਾ ਨੰਬਰ 0 ਲਿਖਿਆ ਗਿਆ ਹੈ, ਕਿਸੇ ਦਾ ਏ.ਬੀ.ਸੀ ਆਦਿ। ਇੱਕ ਥਾਂ ਚਾਲੀ ਪਰਿਵਾਰਾਂ ਦੀਆਂ ਵੋਟਾਂ ਦਾ ਪਤਾ ਇੱਕੋ ਦਿੱਤਾ ਗਿਆ ਹੈ।

ਇਸ ਨੰਗੇ ਚਿੱਟੇ ਫਰਾਡ ਨੂੰ ਲੈ ਕੇ ਰਾਹੁਲ ਗਾਂਧੀ ਨੇ ਇੱਕ ਵੱਡੀ ਪ੍ਰੈਸ ਕਾਨਫਰੰਸ ਤਾਂ ਕੀਤੀ ਹੀ, ਇਸ ਦੇ ਨਾਲ ਹੀ ਦੇਸ਼ ਦੀਆਂ 25 ਵਿਰੋਧੀ ਪਾਰਟੀਆਂ ਦੇ 50 ਆਗੂਆਂ ਨੂੰ ਆਪਣੇ ਘਰ ਡਿਨਰ 'ਤੇ ਸੱਦ ਕੇ ਇਹ ਸਾਰੀ ਕਹਾਣੀ ਸਾਫ ਕੀਤੀ ਹੈ। ਇਸ ਤਰ੍ਹਾਂ ਮੇਨ ਸਟਰੀਮ ਮੀਡੀਆ ਨੇ ਤਾਂ ਭਾਵੇਂ ਰਾਹੁਲ ਵੱਲੋਂ ਉਠਾਏ ਜਾ ਰਹੇ ਵੋਟ ਚੋਰੀ ਦੇ ਮੁੱਦੇ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ, ਪਰ ਤਕਰੀਬਨ ਸਾਰੀ ਵਿਰੋਧੀ ਧਿਰ ਸੱਤਾਧਾਰੀਆਂ ਦੀ ਇਸ ਘਟੀਆ ਖੇਡ ਤੋਂ ਵਾਕਫ ਹੋ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਵੋਟਾਂ ਦੀ ਵੱਡੀ ਹੇਰਾ-ਫੇਰੀ ਦੇ ਦੋਸ਼ ਕੇਂਦਰ ਸਰਕਾਰ 'ਤੇ ਲੱਗ ਚੁੱਕੇ ਹਨ। ਇਸ ਵਰਤਾਰੇ ਨਾਲ ਇਹ ਘੁੰਡੀ ਵੀ ਸਮਝ ਪੈਣ ਲੱਗੀ ਹੈ ਕਿ ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਵਿਰੋਧੀ ਪਾਰਟੀਆਂ ਦੀ ਵੱਡੀ ਚੜ੍ਹਤ ਦੇ ਬਾਵਜੂਦ ਐਨ.ਡੀ.ਏ. ਗੱਠਜੋੜ ਕਿਸ ਤਰ੍ਹਾਂ ਜਿੱਤ ਗਿਆ ਸੀ।

ਉਂਝ ਵੋਟਾਂ ਦੀ ਹੇਰਾ-ਫੇਰੀ ਅਤੇ ਵਿਰੋਧੀ ਧਿਰਾਂ ਨੂੰ ਧਮਕਾਉਣ ਦਾ ਇਹ ਵਰਤਾਰਾ ਸਿਰਫ ਹਿੰਦੁਸਤਾਨ ਤੱਕ ਸੀਮਤ ਨਹੀਂ ਹੈ, ਰੂਸ ਅਤੇ ਅਮਰੀਕਾ ਵਰਗੇ ਮੁਲਕਾਂ ਵਿੱਚ ਵੀ ਹੁਣ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪਿਛਲੀ ਵਾਰ ਜਦੋਂ ਜੋਅ ਬਾਇਡਨ ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਜਿੱਤ ਗਏ ਸਨ ਤਾਂ ਡੋਨਾਲਡ ਟਰੰਪ ਅਤੇ ਉਸ ਦੇ ਕਾਰਕੁੰਨਾ ਨੇ ਇਸ ਫਤਵੇ ਨੂੰ ਧੱਕੇ ਨਾਲ ਪਲਟਣ ਦਾ ਯਤਨ ਕਰਦਿਆਂ ਹਾਰ ਮੰਨਣੋਂ ਇਨਕਾਰ ਕਰ ਦਿੱਤਾ ਸੀ। ਬ੍ਰਾਜ਼ੀਲ ਵਿੱਚ ਵੀ ਇਸ ਕਿਸਮ ਦੇ ਦੋਸ਼ਾਂ ਕਾਰਨ ਇੱਕ ਸਾਬਕਾ ਰਾਸ਼ਟਰਪਤੀ ਜੇਲ੍ਹ ਵਿੱਚ ਹੈ। ਭਾਰਤ ਦੇ ਗੁਆਂਢੀ ਦੇਸ ਪਾਕਿਸਤਾਨ ਵਿੱਚ ਇਹ ਗੈਰ-ਜਮਹੂਰੀ ਅਮਲ ਡੂੰਘੀਆਂ ਜੜ੍ਹਾਂ ਜਮਾ ਚੁੱਕਾ ਹੈ। ਪਿਛਲੀਆਂ ਆਮ ਚੋਣਾਂ ਵਿੱਚ ਸਾਫ ਤੌਰ 'ਤੇ ਵੱਡੇ ਫਰਕ ਜਿੱਤਣ ਜਾ ਰਹੀ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਰਟੀ ਨੂੰ ਫੌਜ ਅਤੇ ਸਰਕਾਰੀ ਅਮਲੇ ਦੀ ਮਦਦ ਨਾਲ ਧੱਕੇ ਨਾਲ ਹਰਾ ਦਿੱਤਾ ਗਿਆ ਸੀ ਤੇ ਅੱਜਕੱਲ੍ਹ ਉਹ ਜੇਲ੍ਹ ਵਿੱਚ ਹਨ। ਲੋਕਾਂ ਦੀ ਜਮਹੂਰੀ ਮਰਜ਼ੀ ਨੂੰ ਫੌਜੀ ਜ਼ੋਰ ਨਾਲ ਪਲਟ ਦੇਣ ਦਾ ਪਾਕਿਸਤਾਨ ਵਿੱਚ ਪਹਿਲਾਂ ਵੀ ਇੱਕ ਇਤਿਹਾਸ ਰਿਹਾ ਹੈ। ਹੁਣ ਭਾਰਤੀ ਬੌਧਿਕ ਹਲਕਿਆਂ ਵਿੱਚ ਵੀ ਇਹ ਸਵਾਲ ਉੱਠਣ ਲੱਗਾ ਹੈ ਕਿ ਕੀ ਹਿੰਦੁਸਤਾਨ ਵੀ ਪਾਕਿਸਤਾਨੀ ਸਿਆਸੀ ਲੀਹਾਂ 'ਤੇ ਤੁਰ ਪਿਆ ਹੈ। ਸਮਾਜ ਦੀ ਫਿਰਕੂ ਵੰਡ, ਬਹੁਗਿਣਤੀ ਦੀ ਡੰਡਾਸ਼ਾਹੀ ਅਤੇ ਜਮਹੂਰੀ ਅਸੂਲਾਂ/ਨਿਯਮਾਂ/ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਹਿੰਦੁਸਤਾਨੀ ਸਿਆਸੀ ਅਮਲ ਜਿਸ ਤਰਫ ਜਾ ਰਿਹਾ ਹੈ, ਇੱਕ ਪੰਧ ਤੋਂ ਬਾਅਦ ਇਸ ਦਾ ਹੱਥ ਪਾਕਿਸਤਾਨੀ ਸਿਆਸੀ ਹੇਰਾ-ਫੇਰੀ ਨਾਲ ਹੀ ਜਾ ਮਿਲਣਗੇ।

ਰਾਹੁਲ ਗਾਂਧੀ ਨੇ ਬੀਤੇ ਦਿਨੀਂ ਉਪਰੋਕਤ ਵੋਟ ਚੋਰੀ ਦੇ ਮਸਲੇ 'ਤੇ ਚੋਣ ਕਮਿਸ਼ਨ ਕੋਲੋਂ ਜਵਾਬ ਮੰਗੇ ਤਾਂ ਉੱਤਰ ਮਿਲਿਆ ਕਿ ਉਹ ਆਪਣੀ ਸ਼ਿਕਾਇਤ ਐਫੀਡੈਵਿਟ 'ਤੇ ਲਿਖ ਕੇ ਦੇਣ। ਰਾਹੁਲ ਗਾਂਧੀ ਨੇ ਇਸ ਦੇ ਜਵਾਬ ਵਿੱਚ ਕਿਹਾ ਕਿ ਉਹ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਹਨ ਅਤੇ ਪਹਿਲਾਂ ਹੀ ਸਹੁੰ ਚੁੱਕੀ ਹੋਈ ਹੈ, ਇਸ ਲਈ ਉਹ ਐਫੀਡੈਵਿਟ ਲਿਖ ਕੇ ਨਹੀਂ ਦੇਣਗੇ। ਇਸ ਦੇ ਨਾਲ ਹੀ ਭਾਜਪਾ ਦੇ ਹੇਠਲੇ ਪੱਧਰ ਦੇ ਆਗੂਆਂ ਨੇ ਰਾਹੁਲ ਗਾਂਧੀ ਖਿਲਾਫ ਇੱਕ ਭੱਦੀ ਜਿਹੀ ਮੁਹਿੰਮ ਛੇੜ ਦਿੱਤੀ ਹੈ। ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੋਟ ਚੋਰੀ ਦੇ ਇਸ ਮੁੱਦੇ 'ਤੇ ਭੇਦ ਭਰੀ ਚੁੱਪ ਵੱਟ ਰੱਖੀ ਹੈ। ਚੋਣ ਕਮਿਸ਼ਨ ਵੀ ਸਵਾਲਾਂ ਨੂੰ ਆਨੀਂ ਬਹਾਨੀਂ ਟਾਲਣ ਦਾ ਯਤਨ ਕਰ ਰਿਹਾ ਹੈ।

# ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਵਾਪਸ ਲਈ

**ਪੰਜਾਬੀ ਪਰਵਾਜ਼ ਬਿਊਰੋ**

## *ਕਿਸਾਨ ਵਿਰੋਧ, ਕਾਨੂੰਨੀ ਅੜਚਣਾਂ, ਸਿਆਸੀ ਵਿਰੋਧ ਤੋਂ ਡਰੀ ਸਰਕਾਰ

ਪੰਜਾਬ ਸਰਕਾਰ ਨੇ ਕਿਸਾਨ ਹਲਕਿਆਂ ਅਤੇ ਵਿਰੋਧੀ ਸਿਆਸੀ ਪਾਰਟੀਆਂ ਵਲੋਂ ਕੀਤੇ ਜਾ ਰਹੇ ਸਖਤ ਵਿਰੋਧ ਦੇ ਮੱਦੇਨਜ਼ਰ ਬੀਤੇ ਜੂਨ ਮਹੀਨੇ ਵਿੱਚ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਵਾਪਸ ਲੈ ਲਈ ਹੈ। ਕਿਹਾ ਜਾ ਰਿਹਾ ਹੈ ਕਿ ਇਸ ਲੈਂਡ ਪੂਲਿੰਗ ਨੀਤੀ ਨੂੰ ਬਣਾਉਣ ਅਤੇ ਲਾਗੂ ਕਰਨ ਵਿੱਚ ਲੱਗੇ ਕੁਝ ਅਫਸਰ ਪਿਛਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਮਿਲੇ ਸਨ। ਇਸ ਮੀਟਿੰਗ ਵਿੱਚ ਇਸ ਨੀਤੀ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ। ਹਾਲੇ ਸੋਮਵਾਰ ਸਵੇਰ ਤੱਕ ਇਸ ਨੀਤੀ ਨੂੰ ਲੈ ਕੇ ਪਾਰਟੀ ਦੇ ਸੀਨੀਅਰ ਆਗੂ ਪੰਜਾਬ ਦੇ ਮੰਤਰੀਆਂ ਨਾਲ ਮਸ਼ਵਰੇ ਕਰ ਰਹੇ ਸਨ, ਪਰ ਬਾਅਦ ਵਿੱਚ ਕਾਹਲੀ ਨਾਲ ਲਿਆਂਦੀ ਨੀਤੀ ਕਾਹਲੀ ਨਾਲ ਹੀ ਵਾਪਸ ਲੈ ਲਈ ਗਈ। ਜ਼ਿਕਰਯੋਗ ਹੈ ਕਿ ਇਸ ਨੀਤੀ ਤਹਿਤ ਪੰਜਾਬ ਸਰਕਾਰ ਵੱਲੋਂ 65,533 ਏਕੜ ਜ਼ਮੀਨ ਬਿਨਾ ਕਿਸੇ ਮੁਆਵਜ਼ੇ ਦੇ ਐਕਵਾਇਰ ਕੀਤੀ ਜਾਣੀ ਸੀ। ਇਸ ਵਿੱਚੋਂ 46,861 ਏਕੜ ਸਿਰਫ ਲੁਧਿਆਣਾ ਜ਼ਿਲ੍ਹੇ ਵਿੱਚ ਅਕਵਾਇਰ ਕੀਤੀ ਜਾਣੀ ਸੀ। ਇਸ ਨੀਤੀ ਦੇ ਤਹਿਤ ਕਿਸਾਨਾਂ ਨੂੰ ਇੱਕ ਏਕੜ ਦੇ ਬਦਲੇ 800 ਵਰਗ ਗਜ਼ ਦਾ ਰਿਹਾਇਸ਼ੀ ਅਤੇ 200 ਵਰਗ ਗਜ਼ ਦਾ ਕਮਰਸ਼ੀਅਲ ਪਲਾਟ ਦਿੱਤਾ ਜਾਣਾ ਸੀ।

ਉਂਝ ਆਮ ਆਦਮੀ ਪਾਰਟੀ ਦੇ ਅੰਦਰੋਂ ਵੀ ਇਸ ਨੀਤੇ ਦੇ ਖਿਲਾਫ ਆਵਾਜ਼ਾਂ ਉੱਠ ਰਹੀਆਂ ਸਨ। ਪਾਰਟੀ ਦਾ ਪੰਜਾਬ ਯੂਨਿਟ ਇਸ ਨੀਤੀ ਦੇ ਰਾਜਨੀਤਿਕ ਉਲਟ ਪ੍ਰਭਾਵਾਂ ਬਾਰੇ ਚਿਤਾਵਨੀਆਂ ਦੇ ਰਿਹਾ ਸੀ। ਪਾਰਟੀ ਆਗੂ ਆਖ ਰਹੇ ਸਨ ਕਿ ਨੀਤੀ ਲਾਗੂ ਕਰਨ ਤੋਂ ਪਹਿਲਾਂ ਕਿਸਾਨਾਂ ਦੇ ਸਰੋਕਾਰਾਂ ਨੂੰ ਸੰਬੋਧਨ ਹੋਇਆ ਜਾਵੇ।

ਇਸ ਨੀਤੀ ਦੇ ਐਲਾਨੇ ਜਾਣ ਤੋਂ ਬਾਅਦ ਵੱਖ-ਵੱਖ ਕਿਸਾਨ ਸੰਗਠਨ ਇਸ ਦੇ ਖਿਲਾਫ ਸਰਗਰਮ ਹੋ ਗਏ ਸਨ ਅਤੇ ਵਿਰੋਧੀ ਰਾਜਨੀਤਿਕ ਪਾਰਟੀਆਂ ਨੇ ਸਰਕਾਰ 'ਤੇ ਦੋਸ਼ ਲਗਾਏ ਸਨ ਕਿ ਇਹ ਇੱਕ ਬਹੁਤ ਵੱਡਾ ਸਕੈਮ ਹੈ, ਜਿਸ ਦੇ ਰਾਹੀਂ ਲੱਖਾਂ ਕਰੋੜ ਰੁਪਏ ਕਮਾ ਕੇ ਆਮ ਆਦਮੀ ਪਾਰਟੀ ਬਾਕੀ ਭਾਰਤ ਵਿੱਚ ਆਪਣਾ ਪਾਰਟੀ ਢਾਂਚਾ ਖੜ੍ਹਾ ਕਰਨਾ ਚਾਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੱਖ-ਵੱਖ ਸ਼ਹਿਰਾਂ ਵਿੱਚ ਇਸ ਨੀਤੀ ਖਿਲਾਫ ਧਰਨੇ ਆਯੋਜਤ ਕੀਤੇ ਜਾ ਰਹੇ ਸਨ। ਬੀਤੀ 11 ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਇਸ ਨੀਤੀ ਖਿਲਾਫ ਪਟਿਆਲਾ ਵਿੱਚ ਇੱਕ ਧਰਨਾ ਆਯੋਜਿਤ ਕੀਤਾ ਗਿਆ। ਕਾਂਗਰਸ ਪਾਰਟੀ ਵੱਲੋਂ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਵੱਲੋਂ ਲਿਆਂਦੀ ਗਈ ਇਸ ਲੈਂਡ ਪੂਲਿੰਗ ਪਾਲਿਸੀ ਨੂੰ ਵੱਡਾ ਫਰਾਡ ਕਰਾਰ ਦਿੱਤਾ ਸੀ। ਇਸ ਲੈਂਡ ਪੂਲਿੰਗ ਨੀਤੀ ਨੂੰ ਹਾਈਕੋਰਟ ਵਿੱਚ ਵੀ ਚੁਣੌਤੀ ਦਿੱਤੀ ਗਈ। ਅਦਾਲਤ ਵੱਲੋਂ ਸਰਕਾਰ ਨੂੰ ਇਸ ਨੀਤੀ ਦੇ ਸਮਾਜਿਕ ਅਤੇ ਵਾਤਾਵਰਣਿਕ ਪ੍ਰਭਾਵਾਂ ਬਾਰੇ ਮੁਲੰਕਣ ਬਾਰੇ ਪੁਛਿਆ ਗਿਆ ਤਾਂ ਉਸ ਕੋਲ ਕੋਈ ਜਵਾਬ ਨਹੀਂ ਸੀ। ਯਾਦ ਰਹੇ, ਅਜਿਹੀ ਕੋਈ ਨੀਤੀ ਲਾਗੂ ਕਰਨ ਤੋਂ ਪਹਿਲਾਂ ਸੋਸ਼ਲ ਆਡਿਟ ਕਰਵਾਇਆ ਜਾਣਾ ਬੇਹੱਦ ਲਾਜ਼ਮੀ ਹੈ। ਅਦਾਲਤ ਨੇ ਇਹ ਆਖਦਿਆਂ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਸਟੇਅ ਕਰ ਦਿੱਤੀ ਸੀ ਕਿ ਇਸ ਪ੍ਰਜੈਕਟ ਦੇ ਸਮਾਜਕ ਪ੍ਰਭਾਵਾਂ ਦੇ ਮੁਲੰਕਣ ਦੀ ਰਿਪੋਰਟ ਅਗਲੀ ਪੇਸ਼ੀ 'ਤੇ ਪੇਸ਼ ਕੀਤੀ ਜਾਵੇ। ਅਦਾਲਤ ਨੇ ਇਹ ਟਿੱਪਣੀ ਵੀ ਕੀਤੀ ਸੀ ਕਿ ਇਹ ਨੀਤੀ ਕਾਹਲੀ ਵਿੱਚ ਲਿਆਂਦੀ ਜਾ ਰਹੀ ਹੈ। ਯਾਦ ਰਹੇ, ਇਸ ਨੀਤੀ ਖਿਲਾਫ ਬੀਤੇ ਦਿਨੀਂ ਕਿਸਾਨਾਂ ਵੱਲੋਂ ਟਰੈਕਟਰ ਅਤੇ ਮੋਟਰਸਾਈਕਲ ਮਾਰਚ ਕੀਤੇ ਗਏ।

ਕਿਸਾਨ ਜਥੇਬੰਦੀਆਂ ਦਾ ਇੱਕ ਵੱਡਾ ਹਿੱਸਾ ਅਤੇ ਪੰਜਾਬ ਦੇ ਆਮ ਕਿਸਾਨ ਇਸ ਨੀਤੀ ਦੇ ਪੂਰੀ ਤਰ੍ਹਾਂ ਵਿਰੋਧ ਵਿੱਚ ਨਿੱਤਰ ਆਏ ਸਨ। ਕੁਝ ਸੂਤਰਾਂ ਅਨੁਸਾਰ ਸਰਕਾਰ ਕੋਲ ਜ਼ਮੀਨ ਦੇਣ ਜਾਂ ਨਾ ਦੇਣ ਬਾਰੇ ਪਹੁੰਚੀਆਂ ਕਈ ਹਜ਼ਾਰ ਅਰਜ਼ੀਆਂ ਵਿੱਚੋਂ ਸਿਰਫ 15 ਕਿਸਾਨਾਂ ਨੇ ਜ਼ਮੀਨ ਸਰਕਾਰ ਨੂੰ ਦੇਣ ਲਈ ਸਹਿਮਤੀ ਦਿੱਤੀ। ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਨੂੰ ਪੰਜਾਬ ਦੀ ਆਬਾਦੀ ਦਾ ਸੰਤੁਲਨ ਬਦਲਣ ਦੀ ਸਾਜ਼ਿਸ਼ ਕਰਾਰ ਦਿੱਤਾ।

ਜਦੋਂਕਿ ਸਰਕਾਰੀ ਦਲੀਲ ਸੀ ਕਿ ਇਹ ਲੈਂਡ ਪਾਲਿਸੀ ਪੰਜਾਬ ਵਿੱਚ ਯੋਜਨਾਬੱਧ ਸ਼ਹਿਰੀ ਵਿਕਾਸ ਦੇ ਮਕਸਦ ਨਾਲ ਲਿਆਂਦੀ ਗਈ ਸੀ। ਯਾਦ ਰਹੇ, ਆਮ ਆਦਮੀ ਪਾਰਟੀ ਕਰਜ਼ਾ ਚੁੱਕ ਕੇ ਪੰਜਾਬ ਵਿੱਚ ਸਰਕਾਰ ਚਲਾ ਰਹੀ ਹੈ। ਪੰਜਾਬ ਸਿਰ ਚੜ੍ਹਿਆ ਕਰਜ਼ਾ ਚਾਰ ਲੱਖ ਕਰੋੜ ਰੁਪਏ ਤੋਂ ਵੱਧ ਹੋ ਚੁੱਕਾ ਹੈ। ਆਮ ਆਦਮੀ ਪਾਰਟੀ ਦੇ ਆਗੂਆਂ ਦੀ ਦਿੱਲੀ ਵਿੱਚ ਸ਼ਰਾਬ ਨੀਤੀ ਰਾਹੀਂ ਘੜੀ ਗਈ ਸਕੀਮ ਵੀ ਸਿਰੇ ਨਹੀਂ ਸੀ ਚੜ੍ਹੀ। ਪਾਰਟੀ ਦੇ ਸੀਨੀਅਰ ਨੇਤਾਵਾਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸਤਿੰਦਰ ਜੈਨ ਅਤੇ ਸੰਜੇ ਸਿੰਘ ਆਦਿ ਨੂੰ ਇਸ ਸ਼ਰਾਬ ਨੀਤੀ ਕਾਰਨ ਜੇਲ੍ਹਾਂ ਵਿੱਚ ਰਹਿਣਾ ਪਿਆ। ਅਸਲ ਵਿੱਚ 'ਆਪ' ਸਰਕਾਰ 2027 ਵਿੱਚ ਆ ਰਹੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲੜਨ ਲਈ ਵੱਡੀ ਰਕਮ ਇਕੱਠਾ ਕਰਨ ਲਈ ਹੱਥ-ਪੈਰ ਮਾਰ ਰਹੀ ਹੈ। ਸਰਕਾਰ ਵੱਲੋਂ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਲੁਧਿਆਣਾ ਸਮੇਤ ਪੰਜਾਬ ਦੇ 15 ਹੋਰ ਜ਼ਿਲ੍ਹਿਆਂ ਵਿੱਚ ਖਿਲਰੀ ਹੋਈ ਹੈ।

ਲੈਂਡ ਪੂਲ ਨੀਤੀ ਦੇ ਆਪਣੇ ਪਹਿਲੇ ਡਰਾਫਟ ਵਿੱਚ ਸਰਕਾਰ ਨੇ ਜ਼ਮੀਨ ਦੇਣ ਵਾਲੇ ਕਿਸਾਨ ਨੂੰ ਤਿੰਨ ਸਾਲ ਤੱਕ 30 ਹਜ਼ਾਰ ਰੁਪਏ ਸਾਲਾਨਾ ਦੇਣ ਦਾ ਵਾਅਦਾ ਕੀਤਾ ਸੀ। ਪਰ ਜਦੋਂ ਇਸ ਨੀਤੀ ਦਾ ਜ਼ੋਰਦਾਰ ਵਿਰੋਧ ਹੋਣ ਲੱਗਾ ਤਾਂ ਸਰਕਾਰ ਨੇ ਕਿਸਾਨ ਨੂੰ 50,000 ਰੁਪਏ ਸਾਲਾਨਾ ਦੇਣ ਦਾ ਐਲਾਨ ਕਰ ਦਿੱਤਾ। ਫਿਰ ਵਿੱਚ ਨੂੰ ਪੰਜਾਬ ਦੇ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਇੱਕ ਲੱਖ ਰੁਪਏ ਸਾਲਾਨਾ ਦੇਣ ਦੀ ਵੀ ਗੱਲ ਕਹੀ; ਪਰ ਕਿਸਾਨੀ ਨੇ ਸਰਕਾਰ ਦੀਆਂ ਦਲੀਲਾਂ ਵੱਲ ਕੰਨ ਨਹੀਂ ਕੀਤਾ। ਪਿੰਡਾਂ ਵਿੱਚ ਸਰਕਾਰ ਖਿਲਾਫ ਕਿਸਾਨਾਂ ਦਾ ਵਿਰੋਧ ਹਿੰਸਕ ਹੋ ਜਾਣ ਦੇ ਆਸਾਰ ਵੀ ਬਣ ਗਏ ਸਨ। 'ਆਪ' ਸਰਕਾਰ ਦਾ ਕਹਿਣਾ ਸੀ ਕਿ ਲੈਂਡ ਪੂਲਿੰਗ ਸੰਬੰਧੀ ਸਭ ਤੋਂ ਪਹਿਲੀ ਨੀਤੀ 2013 ਵਿੱਚ ਅਕਾਲੀ ਸਰਕਾਰ ਵੱਲੋਂ ਹੀ ਲਿਆਂਦੀ ਗਈ ਸੀ। ਇਹੋ ਅਕਾਲੀ ਹੁਣ ਸਾਡੇ ਵੱਲੋਂ ਇਸ ਨੂੰ ਅੱਗੇ ਵਧਾਏ ਜਾਣ ਦਾ ਵਿਰੋਧ ਕਰ ਰਹੇ ਹਨ।

ਯਾਦ ਰਹੇ, ਪੰਜਾਬ ਦੇ ਸ਼ਹਿਰਾਂ ਦੇ ਆਸੇ-ਪਾਸੇ 30-30 ਸਾਲ ਪੁਰਾਣੀਆਂ ਕਲੋਨੀਆਂ ਕੱਟੀਆਂ ਪਈਆਂ ਹਨ, ਜਿਨ੍ਹਾਂ 'ਤੇ ਹਾਲੇ ਤੱਕ ਵਸੇਬਾ ਨਹੀਂ ਹੋਇਆ ਜਾਂ ਟਾਂਵੇਂ-ਟਾਂਵੇਂ ਘਰ ਬਣੇ ਹਨ। ਕਾਂਗਰਸ ਘਾਹ, ਭੰਗ ਅਤੇ ਹੋਰ ਨਿੱਕ-ਸੁੱਕ ਨਾਲ ਇਹ ਭਰੀਆਂ ਪਈਆਂ ਹਨ। ਜਾਂ ਨਸ਼ਈ ਮੁੰਡਿਆਂ ਵੱਲੋਂ ਟੀਕੇ ਲਗਵਾਉਣ ਲਈ ਉਹਲਾ ਬਣਦੀਆਂ ਹਨ। ਪੰਜਾਬ ਜਿਨ੍ਹਾਂ ਚੀਜ਼ਾਂ ਦੀ ਮੰਗ ਕਰ ਰਿਹਾ ਹੈ, ਪੰਜਾਬ ਸਰਕਾਰ ਉਸ ਤੋਂ ਬਿਲਕੁਲ ਉਲਟ ਜਾ ਕੇ ਕੰਮ ਕਰ ਰਹੀ ਹੈ।

ਯਾਦ ਰਹੇ, ਮੌਜੂਦਾ ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ ਪਹਿਲੇ ਖਰੜੇ ਵਿੱਚ ਇਹ ਉਪਬੰਧ ਵੀ ਸੀ ਕਿ ਜੇ ਲੈਂਡ ਪੂਲਿੰਗ ਵਿੱਚ ਕੋਈ ਕਿਸਾਨ ਜ਼ਮੀਨ ਨਹੀਂ ਦੇਵੇਗਾ ਤਾਂ 2013 ਐਲ.ਏ.ਏ.ਆਰ. ਐਕਟ ਤਹਿਤ ਇਹ ਜ਼ਮੀਨ ਧੱਕੇ ਨਾਲ ਹਾਸਲ ਕਰ ਲਈ ਜਾਵੇਗੀ। ਇਹ ਖਰੜਾ ਹੁਣ ਸਰਕਾਰ ਨੇ ਵੈਬਸਾਈਟ ਤੋਂ ਚੁੱਕ ਦਿੱਤਾ ਹੈ। ਪੰਜਾਬ ਸਰਕਾਰ ਪਿਛਲੇ ਥੋੜ੍ਹੇ ਸਮੇਂ ਵਿੱਚ ਹੀ ਵਾਰ-ਵਾਰ ਲਿਆਂਦੇ ਗਏ ਲੈਂਡ ਪੂਲਿੰਗ ਨੀਤੀ ਦੇ ਤਿੰਨ ਖਰੜੇ ਗਾਇਬ ਕਰ ਚੁੱਕੀ ਹੈ। ਸਭ ਤੋਂ ਬਾਅਦ ਵਿੱਚ ਲਿਆਂਦਾ ਖਰੜਾ ਵੀ ਹੁਣ ਗਾਇਬ ਕਰ ਦਿੱਤਾ ਗਿਆ ਹੈ।

# ਇਜ਼ਰਾਇਲ ਵੱਲੋਂ ਗਾਜ਼ਾ ‘ਤੇ ਸਿੱਧੇ ਕਬਜ਼ੇ ਦੀ ਯੋਜਨਾ ਦਾ ਐਲਾਨ

*ਪ੍ਰਮੁੱਖ ਪੱਛਮੀ ਅਤੇ 20 ਇਸਲਾਮਿਕ ਮੁਲਕਾਂ ਵੱਲੋਂ ਇਜ਼ਰਾਇਲੀ ਯੋਜਨਾ ਦਾ ਵਿਰੋਧ *ਭੁੱਖ ਨਾਲ ਮੌਤਾਂ ਦਾ ਸਿਲਸਲਾ ਜਾਰੀ

**ਪੰਜਾਬੀ ਪਰਵਾਜ਼ ਬਿਊਰੋ**

ਇਜ਼ਰਾਇਲ ਦੀ ਨੇਤਨਯਾਹੂ ਸਰਕਾਰ ਦੀ ਸੁਰੱਖਿਆ ਕੈਬਨਿਟ ਵੱਲੋਂ ਗਾਜ਼ਾ ਸ਼ਹਿਰ ‘ਤੇ ਸਿੱਧੇ ਕਬਜ਼ੇ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ। ਮੁੱਢ ਵਿੱਚ ਖ਼ਬਰ ਭਾਵੇਂ ਇਸ ਤਰ੍ਹਾਂ ਪੇਸ਼ ਕੀਤੀ ਗਈ ਕਿ ਜਿਵੇਂ ਇਹ ਸਾਰੀ ਗਾਜ਼ਾ ਪੱਟੀ ਉੱਪਰ ਕਬਜ਼ੇ ਦੀ ਯੋਜਨਾ ਹੋਵੇ, ਪਰ ਬਾਅਦ ਵਿੱਚ ਜਦੋਂ ਕਈ ਯੂਰਪੀਅਨ ਮੁਲਕਾਂ ਨੇ ਇਸ ਇਜ਼ਰਾਇਲੀ ਦੁਸਾਹਸ ਦੀ ਨਿੰਦਾ ਕੀਤੀ ਤਾਂ ਗਾਜ਼ਾ ਸ਼ਹਿਰ ‘ਤੇ ਕਬਜ਼ੇ ਦੀ ਗੱਲ ਮੀਡੀਆ ਵਿੱਚ ਆਉਣ ਲੱਗੀ।

ਇਜ਼ਰਾਇਲੀ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਆਜ਼ਾਦ ਤੇ ਖ਼ੁਦਮੁਖਤਾਰ ਫਲਿਸਤੀਨ ਲਈ ਹਥਿਆਰਬੰਦ ਸੰਘਰਸ਼ ਕਰ ਰਹੀ ਫਲਿਸਤੀਨੀ ਜਥੇਬੰਦੀ ਹਮਾਸ ਦੀਆਂ ਜੜ੍ਹਾਂ ਗਾਜ਼ਾ ਸ਼ਹਿਰ ਵਿੱਚ ਹੀ ਲੱਗੀਆਂ ਹੋਈਆਂ ਹਨ। ਇਨ੍ਹਾਂ ਨੂੰ ਪੁੱਟੇ ਬਿਨਾ ਗਾਜ਼ਾ ਵਿੱਚ ਸ਼ਾਂਤੀ ਨਹੀਂ ਹੋ ਸਕਦੀ। ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਹ ਵੀ ਸਾਫ ਕੀਤਾ ਹੈ ਕਿ ਗਾਜ਼ਾ ਵਿੱਚ ਹਮਾਸ ਦੇ ਖਾਤਮੇ ਤੋਂ ਬਾਅਦ ਰਾਜਪ੍ਰਬੰਧ ਵਿੱਚ ਹਮਾਸ ਅਤੇ ਫਲਿਸਤੀਨੀ ਅਥਾਰਟੀ (ਪੀ.ਐਲ.ਓ.) ਦੀ ਕੋਈ ਭੂਮਿਕਾ ਨਹੀਂ ਹੋਏਗੀ। ਸਮੁੱਚੀ ਸੁਰੱਖਿਆ ਇਜ਼ਰਾਇਲ ਦੇ ਅਧੀਨ ਹੋਵੇਗੀ ਅਤੇ ਸਿਵਲ ਪ੍ਰਬੰਧ ਕਿਸੇ ਤੀਜੀ ਅਰਬ ਧਿਰ ਨੂੰ ਸੌਂਪਿਆ ਜਾਵੇਗਾ। ਦੂਜੇ ਪਾਸੇ ਹਮਾਸ ਦੇ ਬੁਲਾਰੇ ਨੇ ਮੁੜ ਕਿਸੇ ਸਮਝੌਤੇ ‘ਤੇ ਪਹੁੰਚਣ ਦੀ ਗੱਲ ਆਖੀ ਹੈ; ਪਰ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਹਮਾਸ ਦੀਆਂ ਦਲੀਲਾਂ ਸੁਣਨ ਲਈ ਤਿਆਰ ਨਹੀਂ ਹਨ। ਇਸ ਦਰਮਿਆਨ ਹਮਾਸ ਦੇ ਇੱਕ ਗੁਪਤ ਬੁਲਾਰੇ ਨੇ ਇਹ ਵੀ ਕਿਹਾ ਹੈ ਕਿ ਗਾਜ਼ਾ ‘ਤੇ ਸਿੱਧਾ ਕਬਜ਼ਾ ਇਜ਼ਰਾਇਲ ਲਈ ਆਸਾਨ (ਕੇਕ ਵਾਕ) ਨਹੀਂ ਹੋਏਗਾ। ਇਸ ਖਿਲਾਫ ਹਮਾਸ ਦੇ ਲੜਾਕੇ ਆਖਰੀ ਸਾਹ ਤੱਕ ਲੜਨਗੇ। ਜਰਮਨੀ ਨੇ ਇਜ਼ਰਾਇਲ ਨੂੰ ਹਥਿਆਰਾਂ ਦੀ ਸਪਲਾਈ ‘ਤੇ ਰੋਕ ਲਾ ਦਿੱਤੀ ਹੈ। ਇਹ ਇਜ਼ਰਾਇਲ ਵੱਲੋਂ ਗਾਜ਼ਾ ‘ਤੇ ਕਬਜੇ ਦੀ ਯੋਜਨਾ ਦੇ ਪ੍ਰਤੀਕਰਮ ਵਜੋਂ ਕੀਤਾ ਗਿਆ ਫੈਸਲਾ ਹੈ।

ਇੱਥੇ ਇਹ ਵੀ ਜਿਕਰਯੋਗ ਹੈ ਕਿ ਗਾਜ਼ਾ ‘ਤੇ ਸਿੱਧੇ ਕਬਜ਼ੇ ਲਈ ਨੇਤਨਯਾਹੂ ਵੱਲੋਂ ਅੱਗੇ ਵਧਾਈ ਜਾ ਰਹੀ ਨੀਤੀ ਦਾ ਇਜ਼ਰਾਇਲ ਦੇ ਅੰਦਰੋਂ ਵੀ ਵਿਰੋਧ ਹੋ ਰਿਹਾ ਹੈ। ਬੀਤੇ ਮਹੀਨੇ ਦੇ ਆਖ਼ਰੀ ਹਫਤੇ ਵਿੱਚ ਇਜ਼ਰਾਇਲ ਦੇ ਇੱਕ ਮਨੁੱਖੀ ਅਧਿਕਾਰ ਸੰਗਠਨ ਨੇ ਗਾਜ਼ਾ ਵਿੱਚ ਨੇਤਨਯਾਹੂ ਵੱਲੋਂ ਚਲਾਈ ਜਾ ਰਹੀ ਇਕ ਤਰਫਾ ਜੰਗ ਅਤੇ ਇਸ ਵੱਲੋਂ ਪੈਦਾ ਕੀਤੀ ਗਈ ਭੁੱਖਮਰੀ ਵਰਗੀ ਹਾਲਤ ਨੂੰ ਸਾਫ ਤੌਰ ‘ਤੇ ਨਸਲਕੁਸ਼ੀ ਦਾ ਨਾਂ ਦਿੱਤਾ ਸੀ। ਇਸ ਮੁੱਦੇ ‘ਤੇ ਹੁਣ ਇਜ਼ਰਾਇਲ ਦੇ ਕੁਝ ਹੋਰ ਸੰਗਠਨ ਵੀ ਅੱਗੇ ਆਉਣ ਲੱਗੇ ਹਨ। ਹਰ ਆਏ ਦਿਨ ਇਸ ਦੇਸ਼ ਵਿੱਚ ਲੋਕਾਂ ਵੱਲੋਂ ਇਸ ਨਸਲਕੁਸ਼ੀ ਵਿਰੁਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਜ਼ਰਾਇਲ ਪਾਰਲੀਮੈਂਟ ਵਿੱਚ ਪੂਰੀ ਵਿਰੋਧੀ ਧਿਰ ਨੇਤਨਯਾਹੂ ਦੀ ਗਾਜ਼ਾ ‘ਤੇ ਸਿੱਧੇ ਕਬਜ਼ੇ ਦੀ ਯੋਜਨਾ ਦੇ ਵਿਰੁਧ ਖੜ੍ਹ ਗਈ ਹੈ। ਇੱਥੋਂ ਤੱਕ ਕਿ ਇਜ਼ਰਾਇਲ ਦੀ ਚੀਫ ਆਫ ਡਿਫੈਂਸ ਸਟਾਫ ਅਤੇ ਇਜ਼ਰਾਇਲ ਦੇ ਵਿਦੇਸ਼ ਮੰਤਰੀ ਨੇ ਵੀ ਗਾਜ਼ਾ ‘ਤੇ ਸਿੱਧੇ ਕਬਜ਼ੇ ਦਾ ਵਿਰੋਧ ਕੀਤਾ ਹੈ। ਇਸ ਕਾਰਨ ਉਨ੍ਹਾਂ ਨੂੰ ਆਪਣੇ ਅਹੁਦਿਆਂ ਤੋਂ ਵੀ ਹੱਥ ਧੋਣੇ ਪਏ ਹਨ। ਇੰਗਲੈਂਡ, ਯੂਰਪੀਅਨ ਯੂਨੀਅਨ, ਜਰਮਨੀ, ਫਰਾਂਸ ਅਤੇ ਸਪੇਨ ਆਦਿ ਦੇਸ਼ਾਂ ਨੇ ਵੀ ਗਾਜ਼ਾ ਉੱਪਰ ਸਿੱਧੇ ਕਬਜ਼ੇ ਦੀ ਇਜ਼ਰਾਇਲੀ ਯੋਜਨਾ ਦਾ ਵਿਰੋਧ ਕੀਤਾ ਹੈ। ਇਨ੍ਹਾਂ ਮੁਲਕਾਂ ਦੇ ਬੁਲਾਰਿਆਂ ਨੇ ਕਿਹਾ ਕਿ ਇਜ਼ਰਾਇਲ ਲਈ ਗਾਜ਼ਾ ‘ਤੇ ਸਿੱਧੇ ਕਬਜ਼ੇ ਦਾ ਯਤਨ ਉਨ੍ਹਾਂ ਲਈ ਬਹੁਤ ਮਹਿੰਗਾ ਪਏਗਾ।



*ਇਜ਼ਰਾਇਲੀ ਵਸਨੀਕ ਬੀਤੇ ਦਿਨੀਂ ਸਰਹੱਦ ‘ਤੇ ਇਕੱਠੇ ਹੋਏ ਤੇ ਇਜ਼ਰਾਇਲ ਤੋਂ ਗਾਜ਼ਾ ਵਿੱਚ ਬਸਤੀਆਂ ਬਣਾਉਣ ਦੀ ਮੰਗ ਕੀਤੀ, ‘ਅਸੀਂ ਤੁਰੰਤ ਗਾਜ਼ਾ ਵਿੱਚ ਜਾਣ ਲਈ ਤਿਆਰ ਹਾਂ।’ ਉਨ੍ਹਾਂ ਖੁੱਲ੍ਹੇਆਮ ਉਥੋਂ ਫਲਿਸਤੀਨੀਆਂ ਨੂੰ ਜ਼ਬਰਦਸਤੀ ਕੱਢਣ ਦੀ ਮੰਗ ਕੀਤੀ। ਉਂਜ ਮੰਨਿਆ ਜਾਂਦਾ ਹੈ ਕਿ ਨਸਲੀ ਸਫਾਈ ਅੰਤਰਰਾਸ਼ਟਰੀ ਕਾਨੂੰਨ ਤਹਿਤ ਇੱਕ ਅਪਰਾਧ ਹੈ।*

ਇੱਥੇ ਇਹ ਵੀ ਧਿਆਨਯੋਗ ਹੈ ਕਿ ਹਾਲੇ ਕੁਝ ਦਿਨ ਪਹਿਲਾਂ ਹੀ ਇਨ੍ਹਾਂ ਦੇਸ਼ਾਂ ਨੇ ਆਜ਼ਾਦ ਅਤੇ ਪ੍ਰਭੂਸੱਤਾ ਸੰਪਨ ਫਲਿਸਤੀਨ ਕਾਇਮ ਕਰਨ ਦੀ ਵਕਾਲਤ ਕੀਤੀ ਸੀ। ਇਨ੍ਹਾਂ ਪ੍ਰਮੁੱਖ ਪੱਛਮੀ ਮੁਲਕਾਂ ਅਨੁਸਾਰ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ‘ਟੂ ਸਟੇਟਸ’ ਹੱਲ ਹੀ ਇਸ ਜੰਗ ਦਾ ਅਸਲੀ ਹੱਲ ਹੋ ਸਕਦਾ ਹੈ। ਸੰਯੁਕਤ ਰਾਸ਼ਟਰ ਨੇ ਵੀ ਨੇਤਨਯਾਹੂ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਸੁਰੱਖਿਆ ਕੌਂਸਲ ਦੀ ਬੀਤੇ ਐਤਵਾਰ ਮੀਟਿੰਗ ਬੁਲਾਈ। ਉਂਝ ਇਸ ਮੀਟਿੰਗ ਵਿੱਚ ਜ਼ੁਬਾਨੀ ਜਮ੍ਹਾ ਖ਼ਰਚ ਤੋਂ ਬਿਨਾ ਕੁਝ ਵੀ ਠੋਸ ਸਾਹਮਣੇ ਆਉਣ ਦੀ ਆਸ ਨਹੀਂ ਸੀ; ਕਿਉਂਕਿ ਅਮਰੀਕਾ ਇਜ਼ਰਾਇਲ ਖਿਲਾਫ ਸਾਹਮਣੇ ਆਉਣ ਵਾਲੇ ਹਰ ਮਤੇ ਨੂੰ ਵੀਟੋ ਕਰ ਸਕਦਾ ਹੈ, ਪਰ ਫਿਰ ਵੀ ਇਸ ਪੱਖੋਂ ਹੁਣ ਦੁਨੀਆਂ ਦੇ ਬਹੁਤੇ ਵਿਸ਼ਲੇਸ਼ਕ ਸਹਿਮਤ ਵਿਖਾਈ ਦਿੰਦੇ ਹਨ ਕਿ ਇਜ਼ਰਾਇਲ ਖਿਲਾਫ ਇਕ ਵਿਆਪਕ ਕੌਮਾਂਤਰੀ ਮਾਹੌਲ ਬਣ ਰਿਹਾ ਹੈ ਅਤੇ ਇਸ ਦੇ ਦੂਰ-ਰਸ ਪ੍ਰਭਾਵ ਹੋ ਸਕਦੇ ਹਨ। ਗਾਜ਼ਾ ਪੱਟੀ ਵਿੱਚ ਪ੍ਰਵੇਸ਼ ਕਰਨ ਵਾਲੀ ਸਹਾਇਤਾ ਨੂੰ ਦੇਰ ਤੱਕ ਰੋਕ ਕੇ ਇਜ਼ਰਾਇਲ ਨੇ ਗਾਜ਼ਾ ਪੱਟੀ ਵਿੱਚ ਭੁੱਖਮਰੀ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ। ਇਸ ਭੁੱਖਮਰੀ ਕਾਰਨ ਪਿਛਲੇ ਕੁਝ ਹੀ ਸਮੇਂ ਵਿੱਚ 250 ਵਿਅਕਤੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਅੱਧੇ ਬੱਚੇ ਹਨ।

ਇਸ ਤੋਂ ਇਲਾਵਾ 7 ਅਕਤੂਬਰ 2023 ਤੋਂ ਬਾਅਦ ਗਾਜ਼ਾ ਵਿੱਚ ਫਲਿਸਤੀਨੀਆਂ ਵਿਰੁਧ ਇਜ਼ਰਾਇਲੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਵਿੱਚ 62,000 ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ, ਜਦਕਿ ਡੇਢ ਲੱਖ ਤੋਂ ਉੱਪਰ ਲੋਕ ਜ਼ਖਮੀ ਹੋਏ ਹਨ। ਤਕਰੀਬਨ 13-14 ਹਜ਼ਾਰ ਦੇ ਕਰੀਬ ਲੋਕ ਲਾਪਤਾ ਹਨ ਅਤੇ ਉਨ੍ਹਾਂ ਦੇ ਥੇਹ ਬਣੀ ਗਾਜ਼ਾ ਪੱਟੀ ਦੇ ਮਲਬੇ ਹੇਠ ਦਬੇ ਹੋਣ ਦਾ ਖਦਸ਼ਾ ਹੈ। ਇਸ ਤੋਂ ਇਲਾਵਾ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਗਾਜ਼ਾ ਵਿੱਚ ਦਿੱਤੀ ਜਾ ਰਹੀ ਫੂਡ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਥਾਵਾਂ ‘ਤੇ ਮਿੱਥ ਕੇ ਚਲਾਈ ਜਾ ਰਹੀ ਇਜ਼ਰਾਇਲੀ ਫੌਜੀ ਗੋਲੀਬਾਰੀ ਨਾਲ 1400 ਲੋਕਾਂ ਦੀ ਮੌਤ ਹੋ ਚੁੱਕੀ ਹੈ। ਬਹੁਤ ਸਾਰੇ ਲੋਕ ਆਪਣੀ ਨਜ਼ਰ ਗੁਆ ਚੁੱਕੇ ਹਨ ਅਤੇ ਅਨੇਕਾਂ ਹੋਰ ਉਮਰ ਭਰ ਲਈ ਅਪਹਾਜ ਹੋ ਗਏ ਹਨ। ਉਪਰੋਂ ਹਾਲਾਤ ਇਹ ਹਨ ਕਿ ਇਨ੍ਹਾਂ ਅਪਹਾਜ ਅਤੇ ਬਿਮਾਰ ਲੋਕਾਂ ਨੂੰ ਆਪਣੇ ਢੱਠੇ ਘਰਾਂ ਦੀਆਂ ਕੁੰਦਰਾਂ ਵਿੱਚ ਲੱਗੇ ਟੈਂਟ ਹੀ ਓਟ-ਆਸਰਾ ਦੇ ਰਹੇ ਹਨ। ਗਾਜ਼ਾ ਦਾ ਸਿਹਤ ਪ੍ਰਬੰਧ ਤਬਾਹ ਹੋ ਚੁੱਕਾ ਹੈ ਅਤੇ ਬਹੁਤ ਸਾਰੇ ਹਸਪਤਾਲਾਂ ਤੇ ਰਾਹਤ ਕੈਂਪਾ ‘ਤੇ ਇਰਾਇਲੀ ਫੌਜ ਵੱਲੋਂ ਸਾਰੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਬੰਬ ਸੁੱਟੇ ਗਏ। ਰਹਿਣ-ਸਹਿਣ ਪੱਖੋਂ ਗਾਜ਼ਾ ਪੱਟੀ ਨਰਕ ਦਾ ਨਮੂਨਾ ਬਣ ਚੁੱਕੀ ਹੈ। ਇੱਥੋਂ ਦੇ 80 ਫੀਸਦੀ ਇਲਾਕੇ ‘ਤੇ ਇਜ਼ਰਾਇਲੀ ਫੌਜ ਦਾ ਕਬਜ਼ਾ ਹੈ ਅਤੇ ਬਾਕੀ ਦੇ 20 ਫੀਸਦੀ ਇਲਕੇ ਵਿੱਚ 22 ਲੱਖ ਫਲਿਸਤੀਨੀਆਂ ਨੂੰ ਧੱਕ ਕੇ ਤੂੜਨ ਦਾ ਯਤਨ ਕੀਤਾ ਜਾ ਰਿਹਾ ਹੈ।

ਇਹ ਪਿਛਲੀ ਸਦੀ ਦੇ ਪਹਿਲੇ ਅੱਧ ਵਿੱਚ ਹਿਟਲਰ ਵੱਲੋਂ ਜਰਮਨੀ ਵਿੱਚ ਯਹੂਦੀਆਂ ਲਈ ਬਣਾਏ ਗਏ ਕਨਸੰਟਰੇਸ਼ਨ ਕੈਂਪਾਂ ਵਰਗਾ ਹੀ ਯਤਨ ਹੈ। ਇਸ ਮਨੋਬਿਰਤੀ ਨੂੰ ਪੜ੍ਹਨਾ ਬਹੁਤ ਜ਼ਰੂਰੀ ਹੈ ਕਿ ਹਿਟਲਰਸ਼ਾਹੀ ਤੋਂ ਕਤਲੇਆਮ ਦਾ ਸ਼ਿਕਾਰ ਹੋਣ ਵਾਲੀ ਇੱਕ ਕੌਮ/ਕਮਿਊਨਿਟੀ ਹਿਟਲਰ ਵਾਲੇ ਹਥਕੰਡਿਆਂ ‘ਤੇ ਹੀ ਉੱਤਰ ਆਈ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨੇਤਨਯਾਹੂ ਨੂੰ ਇਹ ਆਖ਼ ਕੇ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਕਿ ਗਾਜ਼ਾ ਵਿੱਚ ਕੀ ਕੀਤਾ ਜਾਵੇ, ਇਸ ਦਾ ਫੈਸਲਾ ਨੇਤਨਯਾਹੂ ਹੀ ਕਰੇਗਾ। ਇਸ ਤੋਂ ਇਕ ਦੋ ਦਿਨ ਬਾਅਦ ਹੀ ਨੇਤਨਯਾਹੂ ਸਰਕਾਰ ਨੇ ਗਾਜ਼ਾ ‘ਤੇ ਮੁਕੰਮਲ ਕਬਜ਼ਾ ਕਰਨ ਦਾ ਐਲਾਨ ਕਰ ਦਿੱਤਾ ਹੈ।

ਬੀਤੀ 9 ਅਗਸਤ ਨੂੰ ਕਤਰ ਆਧਾਰਤ ਚੈਨਲ ਅਲਜਜ਼ੀਰਾ ‘ਤੇ ਜਾਰੀ ਹੋਈ ਇਕ ਜਾਣਕਾਰੀ ਅਨੁਸਾਰ ਬੀਤੇ 24 ਘੰਟੇ ਵਿੱਚ ਹੀ 11 ਵਿਅਕਤੀਆਂ ਦੀ ਭੁੱਖ ਨਾਲ ਮੌਤ ਹੋ ਗਈ ਹੈ। ਫੌਜ ਤੋਂ ਇਲਾਵਾ ਜਿਹੜੇ ਯਹੂਦੀ ਲੋਕ ਫਲਿਸਤੀਨੀ ਇਲਾਕਿਆਂ ਵਿੱਚ ਇਜ਼ਰਾਇਲ ਵੱਲੋਂ ਵਸਾਏ ਗਏ ਹਨ, ਉਹ ਵੀ ਲਗਾਤਾਰ ਸਥਾਨਕ ਅਬਾਦੀ ‘ਤੇ ਹਮਲੇ ਕਰਨ, ਉਨ੍ਹਾਂ ਨੂੰ ਖਦੇੜਨ ਦਾ ਯਤਨ ਕਰਦੇ ਰਹਿੰਦੇ ਹਨ। ਇਸ ਦੌਰਾਨ ਲੰਡਨ, ਐਮਸਟਰਡਮ ਅਤੇ ਕੁਆਲਾਲੰਪੁਰ ਸਮੇਤ ਤਕਰੀਬਨ ਸਾਰੇ ਯੂਰਪ ਵਿੱਚ ਗਾਜ਼ਾ ਵਿੱਚ ਹੋ ਰਹੇ ਨਸਲਘਾਤ ਖਿਲਾਫ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਇਹ ਵੀ ਸੁਣਨ ਵਿੱਚ ਆਇਆ ਹੈ ਕਿ ਪਰਦੇ ਪਿੱਛੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਯੂਕਰੇਨ ਅਤੇ ਗਾਜਾ ਵਿੱਚ ਜੰਗ ਬੰਦ ਕਰਵਾਉਣ ਲਈ ਨਵੇਂ ਸਿਰੇ ਤੋਂ ਗੱਲਬਾਤ ਤੋਰਨ ਦਾ ਯਤਨ ਕਰ ਰਹੇ ਹਨ। ਸਪੇਨ ਵਿੱਚ ਅਮਰੀਕੀ ਰਾਸ਼ਟਰਪਤੀ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਅਤੇ ਕਤਰ ਦੇ ਪ੍ਰਧਾਨ ਮੰਤਰੀ ਵਿਚਕਾਰ ਬੀਤੇ ਸ਼ਨੀਵਾਰ ਇਸ ਮਸਲੇ ਨੂੰ ਲੈ ਕੇ ਗੱਲਬਾਤ ਵੀ ਹੋਈ ਹੈ। ਇਸ ਦਰਮਿਆਨ ਦੋ ਅਰਬ ਅਧਿਕਾਰੀਆਂ ਨੇ ਇੱਕ ਮੀਡੀਆ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਮਿਸਰ ਅਤੇ ਕਤਰ ਦੇ ਕੁਝ ਵਿਚੋਲੀਏ ਇੱਕੋ ਗੇੜ ਵਿੱਚ ਸਾਰੇ ਇਜ਼ਰਾਇਲੀ ਬੰਦੀ ਰਿਹਾਅ ਕਰਨ ਅਤੇ ਗਾਜ਼ਾ ਵਿੱਚੋਂ ਇਜ਼ਰਾਇਲੀ ਫੌਜਾਂ ਦੀ ਵਾਪਸੀ ਨੂੰ ਲੈ ਕੇ ਕਿਸੇ ਸਮਝੌਤੇ ‘ਤੇ ਪਹੁੰਚਣ ਦਾ ਯਤਨ ਕਰ ਰਹੇ ਹਨ। ਯਾਦ ਰਹੇ, 7 ਅਕਤੂਬਰ 2023 ਨੂੰ ਹਮਾਸ ਵੱਲੋਂ ਅਗਵਾ ਕੀਤੇ ਗਏ ਢਾਈ ਸੌ ਇਜ਼ਰਾਇਲੀਆਂ ਵਿੱਚੋਂ 50 ਹਾਲੇ ਵੀ ਹਮਾਸ ਦੇ ਕਬਜ਼ੇ ਵਿੱਚ ਹਨ। ਇਨ੍ਹਾਂ ਵਿਚੋਂ 20 ਹਾਲੇ ਵੀ ਜਿੰਦਾ ਹਨ। ਬਾਕੀ ਮੁਰਦਾ ਹਾਲਤ ਵਿੱਚ ਹਨ। ਇਨ੍ਹਾਂ ਵਿੱਚੋਂ ਇਕ ਦੀ ਹਮਾਸ ਨੇ ਬੇਹੱਦ ਕਮਜ਼ੋਰ ਹਾਲਤ ਵਿੱਚ ਇੱਕ ਫੋਟੋ ਰਿਲੀਜ਼ ਕਰਦਿਆਂ ਕਿਹਾ ਸੀ ਕਿ ਗਾਜ਼ਾ ਦੇ ਲੋਕਾਂ ਨੂੰ ਖ਼ੁਰਾਕ ਨਹੀਂ ਮਿਲੇਗੀ ਤਾਂ ਬੰਦੀ ਵੀ ਭੁੱਖੇ ਰਹਿਣਗੇ। ਇਨ੍ਹਾਂ ਬੰਦੀਆਂ ਦੇ ਰਿਸ਼ਤੇਦਾਰ ਇਜ਼ਰਾਇਲ ਵਿੱਚ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਉਨ੍ਹਾਂ ਦੇ ਸੰਬੰਧੀਆਂ ਨੂੰ ਵਾਪਸ ਲਿਆਉਣ ਦੀ ਮੰਗ ਕਰ ਰਹੇ ਹਨ। ਇਸ ਦਰਮਿਆਨ ਕੈਨੇਡਾ ਸਮੇਤ 10 ਯੂਰਪੀ ਮੁਲਕਾਂ ਨੇ ਆਪਣੇ ਸਾਂਝੇ ਬਿਆਨ ਵਿੱਚ ਇਜ਼ਰਾਇਲ ਵੱਲੋਂ ਗਾਜ਼ਾ ‘ਤੇ ਸਿੱਧੇ ਕਬਜ਼ੇ ਦਾ ਵਿਰੋਧ ਕੀਤਾ ਹੈ। ਇਸ ਤੋਂ ਇਲਾਵਾ ਇਰਾਨ ਦੀ ਪਹਿਲ ਕਦਮੀ ‘ਤੇ ਕਤਰ, ਮਿਸਰ, ਸਾਉਦੀ ਅਰਬ, ਤੁਰਕੀ ਅਤੇ ਯੂ.ਏ.ਈ. ਸਮੇਤ 20 ਮੁਸਲਿਮ ਮੁਲਕਾਂ ਨੇ ਇਜ਼ਰਾਇਲ ਦੀ ਨਵੀਂ ਗਾਜ਼ਾ ਯੋਜਨਾ ਦਾ ਵਿਰੋਧ ਕੀਤਾ ਹੈ। ਰੂਸ ਨੇ ਵੀ ਇਜ਼ਰਾਇਲ ਦੇ ਗਾਜ਼ਾ ‘ਤੇ ਸਿੱਧੇ ਕਬਜ਼ੇ ਦੀ ਯੋਜਨਾ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਇਨ੍ਹਾਂ ਮੁਲਕਾਂ ਦਾ ਆਖਣਾ ਹੈ ਕਿ ਇਜ਼ਰਾਇਲ ਦੀ ਗਾਜ਼ਾ ‘ਤੇ ਸਿੱਧੇ ਕਬਜ਼ੇ ਦੀ ਯੋਜਨਾ ਖਤਰਨਾਕ ਅਤੇ ਅਸਵੀਕਾਰਨ ਯੋਗ ਹੈ। ਦੋ ਮੁਲਕਾਂ ਦੀ ਸਮਾਨਾਂਤਰ ਸਹਿਹੋਂਦ ਹੀ ਮਸਲੇ ਦਾ ਸਹੀ ਹੱਲ ਹੈ।

## ਗਾਜ਼ਾ ਜੰਗ: ਮੌਤ ਦਾ ਤਾਂਡਵ ਅਤੇ ਮਨੁੱਖੀ ਸੰਕਟ

ਗਾਜ਼ਾ ਪੱਟੀ, ਜੋ ਕਿ ਫਲਿਸਤੀਨ ਦਾ ਇੱਕ ਛੋਟਾ ਜਿਹਾ ਇਲਾਕਾ ਹੈ, ਪਿਛਲੇ ਕਈ ਸਾਲਾਂ ਤੋਂ ਜੰਗ, ਨਾਕਾਬੰਦੀ ਅਤੇ ਮਨੁੱਖੀ ਸੰਕਟ ਦੀ ਲਪੇਟ ਵਿੱਚ ਹੈ। ਇਜ਼ਰਾਇਲੀ ਫੌਜ (ਆਈ.ਡੀ.ਐਫ.) ਦੇ ਹਮਲਿਆਂ ਵਿੱਚ ਹੁਣ ਤੱਕ 60,000 ਤੋਂ ਵੱਧ ਫਲਿਸਤੀਨੀ ਮਾਰੇ ਜਾ ਚੁੱਕੇ ਹਨ, ਜਦਕਿ ਹਮਾਸ ਦੇ ਹਮਲਿਆਂ ਵਿੱਚ 1,200 ਤੋਂ ਵੱਧ ਇਜ਼ਰਾਇਲੀ ਅਤੇ ਇਜ਼ਰਾਇਲੀ-ਅਮਰੀਕੀ ਨਾਗਰਿਕਾਂ ਦੀ ਮੌਤ ਹੋਈ ਹੈ। ਹਾਲ ਹੀ ਵਿੱਚ ਗਾਜ਼ਾ ਵਿੱਚ ਰਾਹਤ ਕੇਂਦਰਾਂ ‘ਤੇ ਭੋਜਨ ਅਤੇ ਹੋਰ ਜ਼ਰੂਰੀ ਸਮਾਨ ਲੈਣ ਪਹੁੰਚੇ ਲੋਕਾਂ ‘ਤੇ ਇਜ਼ਰਾਇਲੀ ਫੌਜ ਨੇ ਕਥਿਤ ਤੌਰ ‘ਤੇ ਗੋਲੀਬਾਰੀ ਕੀਤੀ। ਇੱਕ ਘਟਨਾ ਵਿੱਚ 23 ਫਲਸਤੀਨੀਆਂ ਦੀ ਮੌਤ ਹੋ ਗਈ, ਜਦੋਂ ਉਹ ਗਾਜ਼ਾ ਹਿਊਮੈਨੀਟੇਰੀਅਨ ਫਾਊਂਡੇਸ਼ਨ (ਜੀ.ਐਚ.ਐਫ.) ਦੇ ਰਾਹਤ ਕੇਂਦਰ ਦੇ ਨੇੜੇ ਭੋਜਨ ਦੀ ਭਾਲ ਵਿੱਚ ਸਨ। ਸੰਯੁਕਤ ਰਾਸ਼ਟਰ ਅਤੇ ਸਥਾਨਕ ਹਸਪਤਾਲਾਂ ਅਨੁਸਾਰ ਅਜਿਹੀਆਂ ਘਟਨਾਵਾਂ ਵਿੱਚ ਸੈਂਕੜੇ ਲੋਕ ਮਾਰੇ ਜਾ ਚੁੱਕੇ ਹਨ। ਦੱਖਣੀ ਗਾਜ਼ਾ ਦੇ ਨਾਸਿਰ ਹਸਪਤਾਲ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਕਈ ਰਾਹਤ ਕੇਂਦਰਾਂ ਨੇੜਿਓਂ ਲਾਸ਼ਾਂ ਮਿਲੀਆਂ, ਜਿਨ੍ਹਾਂ ਵਿੱਚੋਂ ਅੱਠ ਤੇਈਨਾ ਨਾਮਕ ਸਥਾਨ ਤੋਂ ਸਨ, ਜੋ ਖਾਨ ਯੂਨਸ ਦੇ ਨੇੜੇ ਹੈ।

ਇਸੇ ਤਰ੍ਹਾਂ ਸ਼ਾਕੂਸ਼ ਅਤੇ ਮੋਰਾਗ ਵਰਗੀਆਂ ਜਗ੍ਹਾਵਾਂ ‘ਤੇ ਵੀ ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ, ਜਿੱਥੇ ਕੁਝ ਲੋਕ ਮਾਰੇ ਗਏ। ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ 27 ਮਈ ਤੋਂ 31 ਜੁਲਾਈ 2025 ਤੱਕ ਜੀ.ਐਚ.ਐਫ. ਦੇ ਰਾਹਤ ਕੇਂਦਰਾਂ ਦੇ ਨੇੜੇ 859 ਲੋਕ ਮਾਰੇ ਗਏ, ਜਦਕਿ ਸੈਂਕੜੇ ਹੋਰ ਸੰਯੁਕਤ ਰਾਸ਼ਟਰ ਦੇ ਰਾਹਤ ਟਰੱਕਾਂ ਦੇ ਰਸਤਿਆਂ ‘ਤੇ ਜਾਨ ਗਵਾ ਚੁੱਕੇ ਹਨ।

**ਮਨੁੱਖੀ ਸੰਕਟ ਅਤੇ ਭੁੱਖਮਰੀ:** ਗਾਜ਼ਾ ਵਿੱਚ 20 ਲੱਖ ਤੋਂ ਵੱਧ ਲੋਕ ਰਹਿੰਦੇ ਹਨ ਅਤੇ ਇਸ ਸਮੇਂ ਇਹ ਇਲਾਕਾ ਭੁੱਖਮਰੀ ਦੀ ਕਗਾਰ ‘ਤੇ ਹੈ। ਇਜ਼ਰਾਇਲ ਦੀ ਨਾਕਾਬੰਦੀ ਨੇ ਭੋਜਨ, ਦਵਾਈਆਂ ਅਤੇ ਹੋਰ ਜ਼ਰੂਰੀ ਸਮਾਨ ਦੀ ਸਪਲਾਈ ਨੂੰ ਸੀਮਤ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਦੀ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਯੂ.ਐਫ.ਪੀ.) ਦੀ ਇੱਕ ਰਿਪੋਰਟ ਅਨੁਸਾਰ, ਗਾਜ਼ਾ ਦੀ 80% ਤੋਂ ਵੱਧ ਆਬਾਦੀ ਨੂੰ ਭੋਜਨ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਗਭਗ 1.1 ਮਿਲੀਅਨ ਲੋਕ ‘ਗੰਭੀਰ ਭੁੱਖਮਰੀ’ ਦੀ ਸਥਿਤੀ ਵਿੱਚ ਹਨ, ਜਦਕਿ 3,00,000 ਤੋਂ ਵੱਧ ਬੱਚਿਆਂ ਨੂੰ ਕੁਪੋਸ਼ਣ ਦਾ ਸਾਹਮਣਾ ਹੈ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਨਾਕਾਬੰਦੀ ਅਤੇ ਜੰਗ ਜਾਰੀ ਰਹੀ, ਤਾਂ ਗਾਜ਼ਾ ਵਿੱਚ ਅਕਾਲ ਦੀ ਸਥਿਤੀ ਪੈਦਾ ਹੋ ਸਕਦੀ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਅਨੁਸਾਰ, ਗਾਜ਼ਾ ਦੇ ਹਸਪਤਾਲਾਂ ਵਿੱਚ ਦਵਾਈਆਂ ਅਤੇ ਮੈਡੀਕਲ ਸਾਜ਼ੋ-ਸਮਾਨ ਦੀ ਕਮੀ ਕਾਰਨ ਹਜ਼ਾਰਾਂ ਮਰੀਜ਼ਾਂ ਦੀ ਜਾਨ ਜੋਖਮ ਵਿੱਚ ਹੈ। ਖਾਸ ਤੌਰ ‘ਤੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚ ਰਿਹਾ ਹੈ।


**ਹਸਪਤਾਲਾਂ ਦੀ ਸਥਿਤੀ:** ਗਾਜ਼ਾ ਦੇ ਹਸਪਤਾਲ, ਜਿਵੇਂ ਕਿ ਨਾਸਿਰ ਹਸਪਤਾਲ ਅਤੇ ਔਦਾ ਹਸਪਤਾਲ, ਜੰਗ ਦੇ ਸ਼ੁਰੂ ਹੋਣ ਤੋਂ ਬਾਅਦ ਲਗਾਤਾਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਨਾਸਿਰ ਹਸਪਤਾਲ ਦੇ ਅਧਿਕਾਰੀਆਂ ਅਨੁਸਾਰ, ਉਨ੍ਹਾਂ ਨੂੰ ਰਾਹਤ ਕੇਂਦਰਾਂ ਦੇ ਨੇੜੇ ਹੋਈਆਂ ਗੋਲੀਬਾਰੀਆਂ ਵਿੱਚ ਜ਼ਖਮੀ ਹੋਏ ਸੈਂਕੜੇ ਮਰੀਜ਼ ਮਿਲੇ, ਪਰ ਸਾਜ਼ੋ-ਸਮਾਨ ਅਤੇ ਸਟਾਫ ਦੀ ਕਮੀ ਕਾਰਨ ਉਹ ਸਹੀ ਇਲਾਜ ਨਹੀਂ ਕਰ ਸਕਦੇ। ਔਦਾ ਹਸਪਤਾਲ ਨੇ ਰਿਪੋਰਟ ਕੀਤੀ ਕਿ ਨੇਟਜ਼ਾਰਿਮ ਕਾਰੀਡੋਰ ਦੇ ਨੇੜੇ ਜੀ.ਐਚ.ਐਫ. ਰਾਹਤ ਕੇਂਦਰ ‘ਤੇ ਹੋਈ ਗੋਲੀਬਾਰੀ ਵਿੱਚ 5 ਲੋਕ ਮਾਰੇ ਗਏ ਅਤੇ 27 ਜ਼ਖਮੀ ਹੋਏ। ਗਾਜ਼ਾ ਦੇ ਸਿਹਤ ਮੰਤਰਾਲੇ ਅਨੁਸਾਰ, ਜੰਗ ਦੇ ਸ਼ੁਰੂ ਹੋਣ ਤੋਂ ਬਾਅਦ 11,000 ਤੋਂ ਵੱਧ ਬੱਚੇ ਅਤੇ 16,000 ਔਰਤਾਂ ਮਾਰੇ ਜਾ ਚੁੱਕੇ ਹਨ। ਹਸਪਤਾਲਾਂ ‘ਤੇ ਹਮਲਿਆਂ ਕਾਰਨ ਸਿਹਤ ਸੇਵਾਵਾਂ ਪੂਰੀ ਤਰ੍ਹਾਂ ਠੱਪ ਹੋ ਚੁੱਕੀਆਂ ਹਨ। ਕਈ ਹਸਪਤਾਲਾਂ ਨੂੰ ਬੰਬਾਰੀ ਵਿੱਚ ਨੁਕਸਾਨ ਪਹੁੰਚਿਆ ਹੈ ਅਤੇ ਜੋ ਬਚੇ ਹਨ, ਉਹ ਓਵਰਲੋਡ ਹਨ।

**ਜੰਗ ਦਾ ਪਿਛੋਕੜ:** 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਨੇ ਇਸ ਜੰਗ ਨੂੰ ਜਨਮ ਦਿੱਤਾ। ਇਸ ਹਮਲੇ ਦੇ ਜਵਾਬ ਵਿੱਚ, ਇਜ਼ਰਾਇਲ ਨੇ ਗਾਜ਼ਾ ‘ਤੇ ਵਿਆਪਕ ਹਵਾਈ ਅਤੇ ਜ਼ਮੀਨੀ ਹਮਲੇ ਸ਼ੁਰੂ ਕੀਤੇ। ਸੰਯੁਕਤ ਰਾਸ਼ਟਰ ਅਨੁਸਾਰ, ਇਜ਼ਰਾਇਲ ਦੀਆਂ ਕਾਰਵਾਈਆਂ ਨੇ ਗਾਜ਼ਾ ਦੇ 70% ਤੋਂ ਵੱਧ ਰਿਹਾਇਸ਼ੀ ਇਲਾਕਿਆਂ ਨੂੰ ਤਬਾਹ ਕਰ ਦਿੱਤਾ ਹੈ, ਜਿਸ ਕਾਰਨ 1.7 ਮਿਲੀਅਨ ਲੋਕ ਬੇਘਰ ਹੋ ਚੁੱਕੇ ਹਨ। ਹਮਾਸ ਦੇ ਬੰਧਕਾਂ ਵਿੱਚੋਂ ਕੁਝ ਨੂੰ ਸਮਝੌਤਿਆਂ ਦੇ ਤਹਿਤ ਰਿਹਾਅ ਕੀਤਾ ਗਿਆ ਹੈ, ਪਰ ਅਜੇ ਵੀ ਸੈਂਕੜੇ ਲੋਕ ਉਸ ਦੇ ਕਬਜ਼ੇ ਵਿੱਚ ਹਨ। ਦੂਜੇ ਪਾਸੇ, ਇਜ਼ਰਾਇਲ ਦੀਆਂ ਜ਼ਮੀਨੀ ਕਾਰਵਾਈਆਂ ਨੇ ਗਾਜ਼ਾ ਦੇ ਉਤਰੀ ਅਤੇ ਦੱਖਣੀ ਹਿੱਸਿਆਂ ਨੂੰ ਪੂਰੀ ਤਰ੍ਹਾਂ ਘੇਰ ਲਿਆ ਹੈ, ਜਿਸ ਨਾਲ ਰਾਹਤ ਸਮਾਨ ਦੀ ਸਪਲਾਈ ਹੋਰ ਵੀ ਮੁਸ਼ਕਲ ਹੋ ਗਈ ਹੈ।

**ਅੰਤਰਰਾਸ਼ਟਰੀ ਪ੍ਰਤੀਕਿਰਿਆ:** ਅੰਤਰਰਾਸ਼ਟਰੀ ਭਾਈਚਾਰੇ ਨੇ ਗਾਜ਼ਾ ਦੇ ਸੰਕਟ ‘ਤੇ ਵੱਖ-ਵੱਖ ਪ੍ਰਤੀਕਿਰਿਆਵਾਂ ਦਿੱਤੀਆਂ ਹਨ। ਸੰਯੁਕਤ ਰਾਸ਼ਟਰ ਅਤੇ ਹੋਰ ਮਨੁੱਖੀ ਸੰਗਠਨਾਂ ਨੇ ਇਜ਼ਰਾਇਲ ਦੀ ਨਾਕਾਬੰਦੀ ਅਤੇ ਹਮਲਿਆਂ ਦੀ ਨਿਖੇਧੀ ਕੀਤੀ ਹੈ, ਜਦਕਿ ਅਮਰੀਕਾ ਤੇ ਕੁਝ ਹੋਰ ਦੇਸ਼ਾਂ ਨੇ ਇਜ਼ਰਾਇਲ ਦੀ ਸੁਰੱਖਿਆ ਦੇ ਹੱਕ ’ਚ ਸਮਰਥਨ ਜਾਰੀ ਰੱਖਿਆ ਹੈ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਕਈ ਵਾਰ ਜੰਗਬੰਦੀ ਦੀ ਮੰਗ ਕੀਤੀ ਹੈ, ਪਰ ਇਹ ਮੰਗਾਂ ਅਜੇ ਤੱਕ ਪੂਰੀਆਂ ਨਹੀਂ ਹੋਈਆਂ। ਮਨੁੱਖੀ ਸੰਗਠਨਾਂ ਨੇ ਗਾਜ਼ਾ ਵਿੱਚ ਰਾਹਤ ਸਮਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ, ਪਰ ਇਜ਼ਰਾਇਲੀ ਸੈਨਿਕਾਂ ਦੁਆਰਾ ਰਾਹਤ ਟਰੱਕਾਂ ‘ਤੇ ਹਮਲਿਆਂ ਨੇ ਇਨ੍ਹਾਂ ਕੋਸ਼ਿਸ਼ਾਂ ਨੂੰ ਰੋਕ ਦਿੱਤਾ ਹੈ। ਵਿਸ਼ਵ ਖੁਰਾਕ ਪ੍ਰੋਗਰਾਮ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਰਾਹਤ ਸਮਾਨ ਦੀ ਸਪਲਾਈ ਨੂੰ ਤੁਰੰਤ ਨਾ ਵਧਾਇਆ ਗਿਆ ਤਾਂ ਗਾਜ਼ਾ ਵਿੱਚ ਮਨੁੱਖੀ ਤ੍ਰਾਸਦੀ ਹੋਰ ਵੀ ਗੰਭੀਰ ਹੋ ਸਕਦੀ ਹੈ। ਸਥਿਤੀ ਹਰ ਗੁਜ਼ਰਦੇ ਦਿਨ ਨਾਲ ਵਿਗੜਦੀ ਜਾ ਰਹੀ ਹੈ। ਭੁੱਖਮਰੀ, ਸਿਹਤ ਸੰਕਟ ਤੇ ਲਗਾਤਾਰ ਹਮਲਿਆਂ ਨੇ ਇਸ ਇਲਾਕੇ ਨੂੰ ਜੀਵਨ ਲਈ ਅਸੁਰੱਖਿਅਤ ਬਣਾ ਦਿੱਤਾ ਹੈ।

# ਕਸ਼ਮੀਰ ਦੀ ਹੋਣੀ: ਸੱਤਾ ਦੇ ਬੂਟ ਬਨਾਮ ਕਸ਼ਮੀਰੀਆਂ ਦੀ ਖਾਮੋਸ਼ੀ

**ਅਪੂਰਵਾਨੰਦ**
(ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ)



## ਨਾਗਰਿਕਾਂ ਦੇ ਅਧਿਕਾਰਾਂ ਦੀ ਲੁੱਟ, ਰਾਜਪਾਲਾਂ ਅਤੇ ਕੇਂਦਰੀ ਸਰਕਾਰ ਦੀਆਂ ਮਨਮਾਨੀਆਂ ਦਾ ਲੰਮਾ ਸਿਲਸਿਲਾ

ਅਪਮਾਨ, ਅਨਿਆਂ ਅਤੇ ਜ਼ੁਲਮ ਦਾ ਇੱਕ ਹੋਰ ਸਾਲ ਬੀਤ ਗਿਆ। ਇੱਕ ਹੋਰ ਸ਼ੁਰੂ ਹੋਣ ਵਾਲਾ ਹੈ। ਜੇ ਮੈਂ ਕਸ਼ਮੀਰੀ ਹੁੰਦਾ ਤਾਂ ਕੈਲੰਡਰ ਵਿੱਚ 5 ਅਗਸਤ ਦੀ ਤਾਰੀਖ ਨੂੰ ਵੇਖਦਿਆਂ ਮੇਰੇ ਮਨ ਵਿੱਚ ਇਹੀ ਖਿਆਲ ਆਉਂਦਾ। ਇਸ ਜ਼ਲਾਲਤ, ਨਾ-ਇਨਸਾਫ਼ੀ ਅਤੇ ਜ਼ੁਲਮ ਦਾ ਮੈਂ ਕੁਝ ਨਹੀਂ ਕਰ ਸਕਦਾ, ਇਹ ਖਿਆਲ ਮੈਨੂੰ ਆਪਣੀਆਂ ਨਜ਼ਰਾਂ ਵਿੱਚ ਛੋਟਾ ਬਣਾਉਂਦਾ। ਮੈਂ ਕੁਝ ਦੁੱਖ ਅਤੇ ਤਕਲੀਫ਼ ਨਾਲ ਇਹ ਵੀ ਵੇਖਦਾ ਕਿ ਜਿਹੜੀ ਤਾਰੀਖ ਮੈਨੂੰ ਜ਼ਲਾਲਤ ਅਤੇ ਜ਼ੁਲਮ ਦੀ ਯਾਦ ਦਿਵਾਉਂਦੀ ਹੈ, ਉਹ ਬਾਕੀ ਬਹੁਤੇ ਭਾਰਤੀਆਂ ਲਈ ਜਸ਼ਨ ਦਾ ਦਿਨ ਹੈ।

ਇੱਕ ਜ਼ਮੀਨ ਦੇ ਟੁਕੜੇ ਨੂੰ ਪੂਰੀ ਤਰ੍ਹਾਂ ਹਿੰਦੁਸਤਾਨ ਦਾ ਹਿੱਸਾ ਬਣਾ ਲੈਣ ਦੀ ਸ਼ੈਤਾਨੀ ਖੁਸ਼ੀ। ਜਾਂ ਜੇ ਉਹ ਸੱਚ ਬੋਲਣ ਦੀ ਸਮਰੱਥਾ ਰੱਖਦੇ ਹੋਣ ਤਾਂ ਕਹਿ ਸਕਣਗੇ ਕਿ ਇਹ ਖੁਸ਼ੀ ਅਸਲ ਵਿੱਚ ਕਿਸੇ ਇੱਕ ਪੂਰੀ ਆਬਾਦੀ ਨੂੰ ਕੁਚਲਣ ਦੀ ਹੈ। ਉਸ ਦਾ ਵਜੂਦ ਖਤਮ ਕਰ ਦੇਣ ਦੀ ਹੈ।




5 ਅਗਸਤ ਦਾ ਮਹਿਮਾਮੰਡਨ ਇਹ ਦਾਅਵਾ ਕਰਕੇ ਕੀਤਾ ਜਾਂਦਾ ਹੈ ਕਿ ਇਸ ਦਿਨ ਕਸ਼ਮੀਰ ਨੇ ਭਾਰਤੀ ਸੰਵਿਧਾਨ ਨੂੰ ਪੂਰੀ ਤਰ੍ਹਾਂ ਅਪਣਾ ਲਿਆ। ਇਸ ਤੋਂ ਵੱਡਾ ਝੂਠ ਜਾਂ ਧੋਖਾ ਕੋਈ ਹੋਰ ਨਹੀਂ ਹੋ ਸਕਦਾ। ਖੁਦ ਭਾਰਤ ਦੀ ਸੰਸਦ ਨੇ ਭਾਰਤੀ ਸੰਵਿਧਾਨ ਦੀ ਆਤਮਾ ਦਾ ਉਸ ਦਿਨ ਕਤਲ ਕਰ ਦਿੱਤਾ, ਜਦੋਂ ਉਸ ਨੇ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕਰ ਦਿੱਤਾ। ਇਹ ਇੱਕ ਤਰ੍ਹਾਂ ਨਾਲ ਉਸ ਧਾਗੇ ਨੂੰ ਤੋੜ ਦੇਣਾ ਸੀ, ਜਿਸ ਨੇ ਹਿੰਦੁਸਤਾਨ ਨਾਲ ਕਸ਼ਮੀਰੀਆਂ ਨੂੰ ਜੋੜਿਆ ਹੋਇਆ ਸੀ।

370 ਹਿੰਦੁਸਤਾਨ ਅਤੇ ਕਸ਼ਮੀਰ ਵਿਚਕਾਰ ਕੋਈ ਦੀਵਾਰ ਨਹੀਂ ਸੀ, ਜਿਸ ਨੂੰ ਤੋੜ ਕੇ ਹੀ ਦੋਹਾਂ ਦੇ ਦਿਲ ਮਿਲ ਸਕਦੇ ਸਨ। ਇਹ ਭਾਰਤ ਦਾ ਕਸ਼ਮੀਰ ਨਾਲ ਇੱਕ ਵਾਅਦਾ ਸੀ, ਜਿਸ ਨੂੰ ਭਾਰਤ ਦੀ ਸਰਕਾਰ ਜਾਂ ਸੰਸਦ ਇਕੱਲੇ ਨਹੀਂ ਬਦਲ ਸਕਦੇ ਸਨ। ਕਿਸੇ ਵੀ ਤਰ੍ਹਾਂ ਦੀ ਤਬਦੀਲੀ ਲਈ ਜੰਮੂ-ਕਸ਼ਮੀਰ ਦੀ ਸੰਵਿਧਾਨ ਸਭਾ ਦੀ ਸਹਿਮਤੀ ਜ਼ਰੂਰੀ ਸੀ। ਉਸ ਦੀ ਗੈਰ-ਹਾਜ਼ਰੀ ਵਿੱਚ ਰਾਜ ਦੀ ਵਿਧਾਨ ਸਭਾ ਦੀ ਸਹਿਮਤੀ ਨਾਲ ਹੀ ਕੋਈ ਤਬਦੀਲੀ ਕੀਤੀ ਜਾ ਸਕਦੀ ਸੀ; ਪਰ ਜਦੋਂ ਵਿਧਾਨ ਸਭਾ ਨੂੰ ਹੀ ਮੁਅੱਤਲ ਕਰ ਦਿੱਤਾ ਗਿਆ ਅਤੇ ਕੇਂਦਰੀ ਸ਼ਾਸਨ ਲਾਗੂ ਕਰ ਦਿੱਤਾ ਗਿਆ, ਤਾਂ ਰਾਜਪਾਲ ਦੀ ਸਹਿਮਤੀ ਨੂੰ ਵਿਧਾਨ ਸਭਾ ਦੀ ਸਹਿਮਤੀ ਦੇ ਬਰਾਬਰ ਕਿਵੇਂ ਮੰਨਿਆ ਜਾ ਸਕਦਾ ਸੀ?

ਵਿਧਾਨ ਸਭਾ ਵਿੱਚ ਜਨ ਪ੍ਰਤੀਨਿਧੀ ਹੁੰਦੇ ਹਨ। ਉਹ ਰਾਜ ਦੀ ਜਨਤਾ ਦੇ ਮਤ ਨੂੰ ਪ੍ਰਗਟ ਕਰਦੇ ਹਨ। ਰਾਜਪਾਲ ਜਨਤਾ ਦਾ ਪ੍ਰਤੀਨਿਧੀ ਨਹੀਂ, ਉਹ ਕੇਂਦਰੀ ਸਰਕਾਰ ਦਾ ਪ੍ਰਤੀਨਿਧੀ ਹੈ। ਫਿਰ ਉਸ ਨੂੰ ਵਿਧਾਨ ਸਭਾ ਦੇ ਬਰਾਬਰ ਕਿਵੇਂ ਮੰਨ ਲਿਆ ਗਿਆ? ਪਰ ਇਹ ਜ਼ਬਰਦਸਤੀ ਕੀਤੀ ਗਈ ਅਤੇ ਇਸ ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਵੀ ਸਹੀ ਮੰਨ ਲਿਆ!

ਇੱਕ ਪਲ ਲਈ ਮੰਨ ਵੀ ਲਈਏ ਕਿ 370 ਭਾਰਤ ਅਤੇ ਕਸ਼ਮੀਰ ਦੇ ਆਪਸੀ ਮੇਲ ਵਿੱਚ ਆਖਰੀ ਰੁਕਾਵਟ ਸੀ, ਜਿਸ ਨੂੰ ਹਟਾਉਣਾ ਜ਼ਰੂਰੀ ਸੀ, ਤਾਂ ਫਿਰ ਉਸ ਦੇ ਨਾਲ ਹੀ ਜੰਮੂ-ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹ ਲੈਣ ਦਾ, ਉਸ ਦੀ ਵਿਧਾਨ ਸਭਾ ਭੰਗ ਕਰ ਦੇਣ ਦਾ ਅਤੇ ਉਸ ਨੂੰ ਦੋ ਟੁਕੜਿਆਂ ਵਿੱਚ ਵੰਡ ਦੇਣ ਦਾ ਕਾਰਨ ਅਤੇ ਮਕਸਦ ਕੀ ਸੀ? ਜੇ ਇਹ ਕਸ਼ਮੀਰੀਆਂ ਨੂੰ ਬੇਇੱਜਤ ਕਰਨ ਲਈ ਨਹੀਂ ਕੀਤਾ ਗਿਆ ਸੀ ਤਾਂ ਹੋਰ ਕੀ ਸੀ? ਉਨ੍ਹਾਂ ਨੂੰ ਇਹ ਦੱਸਣਾ ਕਿ ਹੁਣ ਉਹ ਪੂਰੀ ਤਰ੍ਹਾਂ ਦਿੱਲੀ ਦੀ ਮਰਜ਼ੀ 'ਤੇ ਹਨ ਅਤੇ ਦਿੱਲੀ ਦੇ ਇਸ ਕਦਮ ਦੀ ਕਿਤੇ ਕੋਈ ਸੁਣਵਾਈ ਨਹੀਂ।

ਭਾਰਤ ਵਿੱਚ ਅੱਜ ਤੱਕ ਕਿਸੇ ਰਾਜ ਦਾ ਦਰਜਾ ਘਟਾਇਆ ਨਹੀਂ ਗਿਆ ਸੀ। ਕਿਸੇ ਪੂਰਨ ਰਾਜ ਨੂੰ ਤੋੜ ਕੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਨਹੀਂ ਬਦਲਿਆ ਗਿਆ ਸੀ। ਇਹ ਜੰਮੂ-ਕਸ਼ਮੀਰ ਨਾਲ ਕੀਤਾ ਗਿਆ। ਸਰਕਾਰ ਚਾਹੇ ਜੋ ਬੋਲਦੀ ਰਹੇ, ਇਸ ਦੇ ਮਾਅਨੇ ਸਭ ਦੇ ਸਾਹਮਣੇ ਸਾਫ ਸਨ। ਇਹ ਜੰਮੂ-ਕਸ਼ਮੀਰ ਨੂੰ ਸਜ਼ਾ ਦਿੱਤੀ ਗਈ ਸੀ।

ਇਸ ਦਾ ਇੱਕ ਹੋਰ ਮਤਲਬ ਸੀ। ਜੰਮੂ-ਕਸ਼ਮੀਰ ਇਕੱਲਾ ਰਾਜ ਸੀ, ਜਿੱਥੇ ਮੁੱਖ ਮੰਤਰੀ ਮੁਸਲਮਾਨ ਹੁੰਦੇ ਸਨ। ਜਿੱਥੇ ਮੁਸਲਮਾਨ ਸਿਆਸੀ ਤੌਰ 'ਤੇ ਪ੍ਰਭਾਵੀ ਸਨ। ਇਹ ਰਾਸ਼ਟਰੀ ਸਵੈਸੇਵਕ ਸੰਘ ਦੀ ਵਿਚਾਰਧਾਰਾ ਦੇ ਬਿਲਕੁਲ ਖਿਲਾਫ ਸੀ। ਆਖਿਰ ਆਰ.ਐਸ.ਐਸ. ਦੇ ਸਭ ਤੋਂ ਨਰਮ ਵਿਅਕਤੀ ਦੀਨਦਿਆਲ ਉਪਾਧਿਆਏ ਨੇ ਵੀ ਤਾਂ ਇਹੀ ਕਿਹਾ ਸੀ ਕਿ ਮੁਸਲਮਾਨਾਂ ਨੂੰ ਸਿਆਸੀ ਤੌਰ 'ਤੇ ਹਰਾਉਣਾ ਹੀ ਮਕਸਦ ਹੈ। ਉਹ ਜਿੰਦਾ ਰਹਿ ਸਕਦੇ ਹਨ, ਪਰ ਸਿਆਸੀ ਤੌਰ 'ਤੇ ਉਨ੍ਹਾਂ ਨੂੰ ਕਿਤੇ ਵੀ ਮਹੱਤਵਪੂਰਨ ਨਹੀਂ ਰਹਿਣ ਦਿੱਤਾ ਜਾ ਸਕਦਾ।

ਦਿੱਲੀ ਨੇ ਮੁਸਲਮਾਨ ਆਬਾਦੀ ਨੂੰ ਅਨੁਸ਼ਾਸਿਤ ਕਰਨ ਲਈ ਉਪ-ਰਾਜਪਾਲ ਦੇ ਰੂਪ ਵਿੱਚ ਆਪਣੇ ਆਦਮੀ ਭੇਜੇ। ਉਹ ਹੁਣ ਦਿੱਲੀ ਦੇ ਫਰਮਾਨ ਉਥੇ ਲਾਗੂ ਕਰਨਗੇ। ਇਹ ਭਾਰਤ ਦੇ ਹਿੰਦੂਕਰਨ ਦੇ ਰਾਹ ਵਿੱਚ ਆਖਰੀ ਰੁਕਾਵਟ, ਯਾਨੀ ਜੰਮੂ-ਕਸ਼ਮੀਰ ਵਿੱਚ ਮੁਸਲਮਾਨ ਪ੍ਰਤੀਨਿਧਤਾ ਦੀ ਸਮਾਪਤੀ ਦਾ ਕਦਮ ਸੀ।

ਭਾਰਤ ਦੇ ਹਿੰਦੁਤਵਕਰਨ ਦੀ ਯੋਜਨਾ ਦਾ ਇਹ ਇੱਕ ਹਿੱਸਾ ਸੀ। ਇਸ ਲਈ ਇਹ ਕੋਈ ਇਤਫਾਕ ਨਹੀਂ ਹੈ ਕਿ 5 ਅਗਸਤ ਨੂੰ ਜੰਮੂ-ਕਸ਼ਮੀਰ ਦੇ ਭਾਰਤ ਨਾਲ ਕਰਾਰ ਦੇ ਪ੍ਰਤੀਕ ਧਾਰਾ 370 ਨੂੰ ਰੱਦ ਕਰਨ ਦਾ ਫੈਸਲਾ ਹੋਇਆ ਅਤੇ ਉਸ ਤੋਂ ਇੱਕ ਸਾਲ ਬਾਅਦ 5 ਅਗਸਤ ਨੂੰ ਹੀ ਅਯੋਧਿਆ ਵਿੱਚ ਬਾਬਰੀ ਮਸਜਿਦ ਦੀ ਜ਼ਮੀਨ 'ਤੇ ਰਾਮ ਮੰਦਿਰ ਲਈ ਭੂਮੀ-ਪੂਜਨ ਕੀਤਾ ਗਿਆ। ਇਹ ਰਾਮ ਮੰਦਿਰ ਵੀ ਮੁਸਲਮਾਨ ਪਹਿਚਾਣ ਨੂੰ ਮਿਟਾ ਕੇ ਹਿੰਦੂ ਕਬਜ਼ੇ ਦਾ ਹੀ ਇੱਕ ਪ੍ਰਤੀਕ ਹੈ। ਜਿਵੇਂ ਬਾਬਰੀ ਮਸਜਿਦ ਨੂੰ ਢਾਹਿਆ ਗਿਆ, ਉਸੇ ਤਰ੍ਹਾਂ ਜੰਮੂ-ਕਸ਼ਮੀਰ ਨੂੰ ਵੀ। ਜਿਵੇਂ ਬਾਬਰੀ ਮਸਜਿਦ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਗਿਆ, ਉਸੇ ਤਰ੍ਹਾਂ ਕਸ਼ਮੀਰ ਦੀ ਜ਼ਮੀਨ 'ਤੇ ਵੀ।

ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਬਾਕੀ ਭਾਰਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਕਿ ਹੁਣ ਕਸ਼ਮੀਰ ਵਿੱਚ ਜ਼ਮੀਨ ਲਈ ਜਾ ਸਕਦੀ ਹੈ ਅਤੇ ਕਸ਼ਮੀਰੀ ਕੁੜੀਆਂ ਆਪਣੀਆਂ ਹੋ ਸਕਦੀਆਂ ਹਨ। ਇਹ ਅਸ਼ਲੀਲ ਖੁਸ਼ੀ ਧਾਰਾ 370 ਨੂੰ ਖਤਮ ਕੀਤੇ ਜਾਣ ਦੇ ਸਮਰਥਕਾਂ ਦੇ ਅਸਲੀ ਸੁਭਾਅ ਨੂੰ ਸਮਝਣ ਲਈ ਕਾਫੀ ਹੈ। ਮੁਸਲਮਾਨਾਂ ਦੇ ਖਿਲਾਫ ਨਫ਼ਰਤ ਦੇ ਪਿੱਛੇ ਜੋ ਇੱਕ ਜਿਨਸੀ ਹੀਣਤਾ ਦੀ ਭਾਵਨਾ ਹੈ ਜਾਂ ਜਿਨਸੀ ਈਰਖਾ ਹੈ, ਕਸ਼ਮੀਰ ਨੂੰ ਲੈ ਕੇ ਕੀਤੇ ਜਾ ਰਹੇ ਇਸ ਫੂਹੜ ਅਤੇ ਘਿਣਾਉਣੇ ਪ੍ਰਚਾਰ ਵਿੱਚ ਜ਼ਾਹਰ ਹੁੰਦੀ ਹੈ।

ਕਸ਼ਮੀਰ 5 ਅਗਸਤ 2019 ਤੋਂ ਬਾਅਦ ਜ਼ਿਆਦਾਤਰ ਖਾਮੋਸ਼ ਰਿਹਾ ਹੈ। ਕਈ ਲੋਕ ਇਸ ਗੱਲ ਤੋਂ ਹੈਰਾਨ ਹਨ ਕਿ ਕਸ਼ਮੀਰ ਵਿੱਚ ਕੋਈ ਵੱਡਾ ਵਿਰੋਧ ਨਹੀਂ ਵੇਖਿਆ ਗਿਆ। ਕਸ਼ਮੀਰ ਦੇ ਸਾਰੇ ਆਗੂਆਂ ਨੂੰ ਗ੍ਰਿਫਤਾਰ ਜਾਂ ਨਜ਼ਰਬੰਦ ਕਰ ਦਿੱਤਾ ਗਿਆ। ਕਸ਼ਮੀਰੀ ਸਮਾਜ ਦੇ ਪ੍ਰਮੁੱਖ ਲੋਕਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਕਸ਼ਮੀਰ ਦੇ ਪ੍ਰਮੁੱਖ ਪੱਤਰਕਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਾਂ ਹਰ ਕਿਸੇ ਨੂੰ ਬੋਲਣ ਦੇ ਅੰਜਾਮ ਭੁਗਤ ਲੈਣ ਦੀ ਧਮਕੀ ਦੇ ਦਿੱਤੀ ਗਈ।

ਅਜਿਹੇ ਹਾਲਾਤ ਵਿੱਚ ਕਸ਼ਮੀਰੀਆਂ ਨੇ ਸ਼ਾਇਦ ਚੁੱਪ ਰਹਿ ਕੇ ਜ਼ਿਆਦਾ ਅਕਲਮੰਦੀ ਵਿਖਾਈ ਹੈ। ਜਦੋਂ ਹਰ ਥਾਂ 'ਤੇ ਫੌਜ ਹੋਵੇ ਜਿਸ ਲਈ ਕਸ਼ਮੀਰੀ ਜਾਨ ਦੀ ਕੋਈ ਕੀਮਤ ਨਹੀਂ, ਤਾਂ ਆਪਣਾ ਵਿਰੋਧ ਵਿਖਾਉਣ ਦਾ ਤਰੀਕਾ ਵੀ ਹੋਰ ਖੋਜਣਾ ਪਵੇਗਾ। ਖੁਦਕੁਸ਼ੀ ਨਹੀਂ ਕੀਤੀ ਜਾ ਸਕਦੀ।

ਉਸ ਖਾਮੋਸ਼ੀ ਨੂੰ ਜਿਨ੍ਹਾਂ ਨੇ ਕਬੂਲਨਾਮਾ ਸਮਝਿਆ ਸੀ, ਉਨ੍ਹਾਂ ਨੂੰ 2024 ਦੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਕਸ਼ਮੀਰੀ ਅਵਾਮ ਦਾ ਜਵਾਬ ਸੁਣਾਈ ਦਿੱਤਾ ਹੋਵੇਗਾ। ਭਾਜਪਾ ਕਸ਼ਮੀਰ ਵਿੱਚ ਕਿਸੇ ਵੀ ਜਗ੍ਹਾ ਆਪਣਾ ਉਮੀਦਵਾਰ ਖੜ੍ਹਾ ਨਹੀਂ ਕਰ ਸਕੀ। ਆਖਿਰ 5 ਸਾਲਾਂ ਤੋਂ ਉਪ-ਰਾਜਪਾਲ ਦੇ ਜ਼ਰੀਏ ਭਾਜਪਾ ਦੀ ਹੀ ਹਕੂਮਤ ਤਾਂ ਚੱਲ ਰਹੀ ਹੈ! ਜੇ ਉਹ ਇੰਨੀ ਹੀ ਸਹੀ ਅਤੇ ਲੋਕਪ੍ਰਿਯ ਹੈ ਤਾਂ ਭਾਜਪਾ ਨੂੰ ਜਨਤਾ ਦੇ ਸਾਹਮਣੇ ਖੜ੍ਹੇ ਹੋਣ ਦੀ ਹਿੰਮਤ ਕਿਉਂ ਨਹੀਂ ਹੋਈ? ਉਸ ਨੇ ਪਿੱਛੇ ਤੋਂ ਜਿਸ ਦਾ ਸਮਰਥਨ ਕੀਤਾ, ਉਹ ਸਾਰੇ ਬੁਰੀ ਤਰ੍ਹਾਂ ਹਾਰੇ।

ਇੰਨਾ ਹੀ ਨਹੀਂ, ਭਾਰਤ ਨਾਲ ਆਪਣਾ ਭਵਿੱਖ ਜੋੜ ਕੇ ਚੱਲਣ ਦੀ ਵਕਾਲਤ ਕਰਨ ਵਾਲੇ ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੇ ਸਭ ਤੋਂ ਵੱਡੇ ਆਗੂ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਨੂੰ ਵੀ ਜਨਤਾ ਨੇ ਹਰਾ ਦਿੱਤਾ। ਇਸ ਦੇ ਮਾਅਨੇ ਬਹੁਤ ਡੂੰਘੇ ਹਨ। ਇਹ ਇੱਕ ਤਰ੍ਹਾਂ ਨਾਲ ਭਾਰਤੀ ਰਾਜ ਦਾ ਨਕਾਰ ਹੈ।

ਇਨ੍ਹਾਂ 6 ਸਾਲਾਂ 'ਚ ਕਸ਼ਮੀਰੀਆਂ ਨੇ ਆਪਣੀ ਜ਼ਿੰਦਗੀ ਦੇ ਹਰ ਹਿੱਸੇ ਵਿੱਚ ਭਾਰਤੀ ਰਾਜ ਦੀ ਹਿੰਸਾ ਸਹੀ ਹੈ। ਬਿਨਾਂ ਕਾਰਨ ਦੱਸੇ ਕਿਸੇ ਵੀ ਕਰਮਚਾਰੀ ਨੂੰ ਬਰਖਾਸਤ ਕੀਤਾ ਜਾ ਸਕਦਾ ਹੈ। ਕਸ਼ਮੀਰ ਦੀ ਜ਼ਮੀਨ ਨੂੰ ਸਾਰੇ ਨਿਯਮ-ਕਾਇਦਿਆਂ ਨੂੰ ਢਿੱਲਾ ਕਰਕੇ ਪੂੰਜੀਪਤੀਆਂ ਦੇ ਹਵਾਲੇ ਕੀਤਾ ਜਾ ਸਕਦਾ ਹੈ। ਕਸ਼ਮੀਰ ਦੇ ਸੇਬ ਦੇ ਕਾਰੋਬਾਰ ਨੂੰ ਤਬਾਹ ਕੀਤਾ ਜਾ ਸਕਦਾ ਹੈ। ਪਰ ਭਾਰਤੀ ਰਾਜ ਨੂੰ ਪਤਾ ਹੈ ਕਿ ਕਸ਼ਮੀਰੀਆਂ ਦੀ ਖਾਮੋਸ਼ੀ ਵਿੱਚ ਡੂੰਘਾ ਅਸਵੀਕਾਰ ਹੈ। ਇਸ ਲਈ ਭਾਰਤੀ ਰਾਜ ਵਾਰ-ਵਾਰ ਆਪਣੀ ਤਾਕਤ ਦੇ ਜ਼ਰੀਏ ਉਨ੍ਹਾਂ ਤੋਂ ਪਿਆਰ ਦਾ ਇਜ਼ਹਾਰ ਕਰਨਾ ਚਾਹੁੰਦਾ ਹੈ।

ਪਿਛਲੇ ਸਾਲ ਪ੍ਰਧਾਨ ਮੰਤਰੀ ਨੇ ਕਸ਼ਮੀਰ ਵਿੱਚ ਯੋਗ ਦਿਵਸ ਮਨਾਉਣ ਦਾ ਫੈਸਲਾ ਕੀਤਾ। ਸਰਕਾਰੀ ਕਰਮਚਾਰੀਆਂ, ਅਧਿਆਪਕਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਪ੍ਰਧਾਨ ਮੰਤਰੀ ਦੇ ਇਸ ਪ੍ਰੋਗਰਾਮ ਵਿੱਚ ਜ਼ਰੂਰ ਹਾਜ਼ਰ ਹੋਣ। ਪ੍ਰੋਗਰਾਮ ਵਿੱਚ ਜਾਣ ਲਈ ਰਾਤ ਦੇ 3 ਵਜੇ ਤੋਂ ਉਹ ਬੱਸਾਂ ਦੀ ਉਡੀਕ ਕਰਨ ਲਈ ਮਜਬੂਰ ਕੀਤੇ ਗਏ। ਪ੍ਰੋਗਰਾਮ ਸਥਾਨ 'ਤੇ ਜਾਣ ਤੋਂ ਪਹਿਲਾਂ ਸਾਰਿਆਂ ਦੇ ਜੁੱਤੇ ਉਤਾਰ ਲਏ ਗਏ। ਇਸ ਸਮੂਹਿਕ ਅਪਮਾਨ ਤੋਂ ਬਾਅਦ ਬੰਦ ਸਟੇਡੀਅਮ ਵਿੱਚ ਉਨ੍ਹਾਂ ਦੀ ਤਸਵੀਰ ਨੂੰ ਭਾਰਤ ਵਿੱਚ ਪ੍ਰਸਾਰਿਤ ਕੀਤਾ ਗਿਆ। ਇਹ ਸਿਰਫ਼ ਭਾਰਤੀ ਰਾਜ ਦੀ ਤਾਕਤ ਦਾ ਪ੍ਰਦਰਸ਼ਨ ਸੀ। ਫੂਹੜ, ਹਿੰਸਕ ਪ੍ਰਦਰਸ਼ਨ!

ਕਸ਼ਮੀਰ ਦੇ ਬੁੱਲ੍ਹ ਸੀਤੇ ਗਏ ਹਨ ਅਤੇ ਉਸ ਦੀ ਛਾਤੀ 'ਤੇ ਭਾਰਤੀ ਰਾਜ ਦੇ ਬੂਟ ਹਨ। ਕੀ ਇਹ ਕਸ਼ਮੀਰ ਦੀ ਰਜ਼ਾਮੰਦੀ ਹਾਸਲ ਕਰਨ ਦਾ ਭਾਰਤੀ ਤਰੀਕਾ ਹੈ?

5 ਅਗਸਤ 2019 ਤੋਂ ਬਾਅਦ ਦਾ ਕਸ਼ਮੀਰ ਭਾਰਤ ਲਈ ਸ਼ੀਸ਼ਾ ਹੈ। ਉਸ ਤੋਂ ਬਾਅਦ ਭਾਰਤ ਦਾ ਤੇਜ਼ ਗਤੀ ਨਾਲ ਕਸ਼ਮੀਰੀਕਰਨ ਹੋਇਆ ਹੈ। ਨਾਗਰਿਕਾਂ ਦੇ ਅਧਿਕਾਰਾਂ ਦੀ ਲੁੱਟ, ਰਾਜਪਾਲਾਂ ਅਤੇ ਕੇਂਦਰੀ ਸਰਕਾਰ ਦੀਆਂ ਮਨਮਾਨੀਆਂ ਦਾ ਲੰਮਾ ਸਿਲਸਿਲਾ ਕਸ਼ਮੀਰ ਦੀ ਹੋਣੀ। ਹੌਲੀ ਹੌਲੀ ਲੋਕ ਇਹ ਵੇਖ ਰਹੇ ਹਨ ਕਿ ਉਨ੍ਹਾਂ ਨੂੰ ਸਾਮਰਾਜ ਵਿਸਥਾਰ ਦਾ ਅਨੰਦ ਦੇ ਕੇ ਪੂਰੀ ਤਰ੍ਹਾਂ ਸ਼ਕਤੀਹੀਣ ਕਰ ਦਿੱਤਾ ਗਿਆ ਹੈ। ਪਰ ਜੇ ਉਹ ਆਪਣੀ ਖੁਦਮੁਖਤਿਆਰੀ ਵਾਪਸ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਕਸ਼ਮੀਰੀਆਂ ਦੀ ਖੁਦਮੁਖਤਿਆਰੀ ਲਈ ਵੀ ਲੜਨਾ ਪਵੇਗਾ। ਕਸ਼ਮੀਰ ਨਾਲ ਜੋ ਬੇਇਨਸਾਫ਼ੀ ਕੀਤੀ ਗਈ ਹੈ, ਜਦੋਂ ਤੱਕ ਉਸ ਦਾ ਪਸ਼ਚਾਤਾਪ ਨਹੀਂ ਕੀਤਾ ਜਾਂਦਾ, ਭਾਰਤ ਨੂੰ ਸ਼ਾਂਤੀ ਨਹੀਂ ਮਿਲੇਗੀ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**
**Address:**
827 E. Kings Row, Unit# 7, Palatine, IL 60074
**Managed by:**
Anureet Kaur & Kuljeet Singh
**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਕਨਵਰ ਗਰੇਵਾਲ ਨੇ ਸ਼ਿਕਾਗੋ 'ਚ ਬਖੇਰਿਆ ਸੂਫੀਆਨਾ ਰੰਗ

**ਕੁਲਜੀਤ ਦਿਆਲਪੁਰੀ**

**ਸ਼ਿਕਾਗੋ:** ਲੰਘੇ ਐਤਵਾਰ ਨੂੰ ਨੇਪਰਵਿਲ ਦੇ ਯੈਲੋ ਬਾਕਸ ਹਾਲ ਵਿੱਚ ਕਨਵਰ ਗਰੇਵਾਲ ਨੇ ਗਾਇਕੀ ਦਾ ਸੂਫੀਆਨਾ ਰੰਗ ਬਖੇਰਦਿਆਂ ਸਰੋਤਿਆਂ ਦੇ ਦਿਲ ਜਿੱਤ ਲਏ। ਉਸ ਨੇ ਅਜਿਹਾ ਰੰਗ ਬੰਨ੍ਹਿਆ ਕਿ ਹਰ ਕੋਈ ਅਸ਼ ਅਸ਼ ਕਰ ਉਠਿਆ। ਸ਼ੋਅ ਇੰਨਾ ਕਾਮਯਾਬ ਰਿਹਾ ਕਿ ਸ਼ਾਇਦ ਸ਼ੋਅ ਕਰਵਾਉਣ ਵਾਲਿਆਂ ਨੂੰ ਵੀ ਐਨੀ ਉਮੀਦ ਨਹੀਂ ਸੀ। ਅਹਿਮ ਗੱਲ ਇਹ ਸੀ ਕਿ ਕਨਵਰ ਗਰੇਵਾਲ ਨੇ ਸਟੇਜ 'ਤੇ ਆਉਣ ਤੋਂ ਲੈ ਕੇ ਸਟੇਜ ਤੋਂ ਜਾਣ ਸਮੇਂ ਤੱਕ ਗਾਇਕੀ ਦੀ ਐਸੀ ਛਹਿਬਰ ਲਾਈ ਕਿ ਸਰੋਤੇ ਅਨੰਦ ਭਰਪੂਰ ਹੋ ਗਏ ਸਨ ਤੇ ਕਨਵਰ ਆਪ ਵੀ ਵਜਦ ਵਿੱਚ ਆਇਆ ਮਸਤ ਮੌਲਾ ਬਣ ਸਟੇਜ 'ਤੇ ਛਾਇਆ ਰਿਹਾ। ਉਸ ਦੇ ਨਸੀਹਤ ਭਰੇ ਬੋਲਾਂ ਦਾ ਸਰੋਦੀ ਅਸਰ ਵੀ ਲੋਕਾਂ ਨੇ ਕਬੂਲਿਆ। ਪਿਛਲੇ ਸਾਲ ਸ਼ਿਕਾਗੋਲੈਂਡ ਵਿੱਚ ਹੋਏ ਦਿਲਜੀਤ ਦੋਸਾਂਝ ਦੇ ਸ਼ੋਅ ਪਿੱਛੋਂ ਹੁਣ ਕਨਵਰ ਗਰੇਵਾਲ ਨੇ ਪੰਜਾਬੀ ਗਾਇਕੀ ਦਾ ਇੱਕ ਨਵਾਂ ਅਧਿਆਏ ਲਿਖ ਦਿੱਤਾ ਹੈ, ਜੋ ਸਰੋਤਿਆਂ ਦੇ ਦਿਲਾਂ 'ਤੇ ਵਿਲੱਖਣ ਛਾਪ ਛੱਡ ਗਿਆ ਹੈ। ਦੂਜੇ ਸ਼ਬਦਾਂ ਵਿੱਚ ਇਹ ਸ਼ਾਮ ਬਹੁਤ ਹੀ ਖਾਸ ਹੋ ਨਿਬੜੀ।

ਪਹਿਲਾਂ ਪਹਿਲ ਤਾਂ ਇਹ ਲੱਗ ਰਿਹਾ ਸੀ ਕਿ ਸ਼ੋਅ ਬਹੁਤਾ ਕਾਮਯਾਬ ਨਹੀਂ ਹੋਵੇਗਾ, ਕਿਉਂਕਿ ਐਤਵਾਰ ਦੀ ਸ਼ਾਮ ਜੋ ਸੀ। ਸੋਮਵਾਰ ਨੂੰ ਸਭ ਨੇ ਆਪੋ ਆਪਣੇ ਕੰਮਾਂ-ਕਾਰਾਂ 'ਤੇ ਜਾਣਾ ਹੁੰਦਾ ਹੈ, ਇਸ ਲਈ ਸਰੋਤੇ ਵੱਡੀ ਗਿਣਤੀ ਵਿੱਚ ਤਾਂ ਨਾ ਜੁੜ ਸਕੇ, ਪਰ ਜਿਸ ਲਹਿਜ਼ੇ 'ਚ ਸ਼ੋਅ ਜੁੜਿਆ ਜਾਂ ਕਨਵਰ ਨੇ ਸਰੋਤਿਆਂ ਨੂੰ ਆਪਣੇ ਨਾਲ ਜੋੜੀ ਰੱਖਿਆ, ਉਸ ਬਾਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਰੀਲਾਂ ਵੇਖ ਕੇ ਤੇ ਸ਼ੋਅ ਦੀ ਚਰਚਾ ਕਰ-ਸੁਣ ਕੇ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਭਾਵੇਂ ਕੋਈ ਸੋਫੀ ਸੀ, ਭਾਵੇਂ ਕੋਈ ਹਵਾ-ਪਿਆਜ਼ੀ ਹੋਇਆ ਸੀ; ਭਾਵੇਂ ਕਿਸੇ ਨੂੰ ਨੱਚਣਾ ਆਉਂਦਾ ਸੀ ਜਾਂ ਨਹੀਂ; ਤੇ ਜਾਂ ਫਿਰ ਕੋਈ ਵੱਡਾ ਸੀ ਜਾਂ ਛੋਟਾ, ਬੰਦਾ ਸੀ ਜਾਂ ਬੀਬੀ- ਸਭ ਨੇ ਸ਼ੋਅ ਦਾ ਅਨੰਦ ਨਿੱਠ ਕੇ ਮਾਣਿਆ। ਕਨਵਰ ਦੀ ਇਹ ਖਾਸੀਅਤ ਰਹੀ ਕਿ ਉਸ ਨੇ ਸਰੋਤਿਆਂ ਨਾਲ ਗੱਲਾਂ ਵੀ ਕੀਤੀਆਂ ਤੇ ਗਾਇਕੀ ਦਾ ਅਖਾੜਾ ਵੀ ਮਘਾਈ ਰੱਖਿਆ। ਨੱਚਣ ਵਾਲਿਆਂ ਦੀ ਅੱਡੀ ਥਿਰਕਦੀ ਰਹੀ ਤੇ ਬਹਿ ਕੇ ਸੁਣਨ ਵਾਲੇ ਵੀ ਕਿਸੇ ਵੱਖਰੀ ਲੋਰ ਵਿੱਚ ਸਨ। ਉਸ ਨੇ ਗਾਉਣ ਦਾ ਤੇ ਨੱਚਣ ਵਾਲਿਆਂ ਨੇ ਨੱਚਣ ਦਾ ਪੂਰਾ ਭੜਥੂ ਪਾਇਆ। ਅਖੀਰ 'ਚ ਤਾਂ ਦੋ ਬੀਬੀਆਂ ਸਟੇਜ 'ਤੇ ਹੀ ਚੜ੍ਹ ਕੇ ਨੱਚਣ ਲੱਗ ਪਈਆਂ। ਖਾਸ ਗੱਲ ਇਹ ਵੀ ਸੀ ਕਿ ਕਨਵਰ ਨੇ ਇੱਕ ਵੀ ਸ਼ਬਦ ਲੱਚਰਪੁਣੇ ਵਾਲਾ, ਹਥਿਆਰਾਂ, ਨਸ਼ਿਆਂ ਤੇ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕਰਨ ਵਾਲਾ ਨਹੀਂ ਗਾਇਆ।









ਕਨਵਰ ਨੇ ਸਟੇਜ 'ਤੇ ਆਉਂਦਿਆਂ ਹੀ ਹਾਰਮੋਨੀਅਮ ਦੀਆਂ ਸੁਰਾਂ ਨਾਲ ਹਾਲ ਦੀ ਫਿਜ਼ਾ ਨੂੰ ਸੰਗੀਤਮਈ ਬਣਾ ਲਿਆ ਤੇ 'ਇਸ਼ਕ ਬੁੱਲੇ ਨੂੰ ਨਚਾਵੇ ਯਾਰ ਤਾਂ ਨੱਚਣਾ ਪੈਂਦਾ ਏ' ਗਾਉਂਦਿਆਂ ਸਰੋਤੇ ਕੀਲ ਲਏ; ਜਿਵੇਂ ਕੋਈ ਸਪੇਰਾ ਬੀਨ ਵਜਾ ਕੇ ਨਾਗ ਨੂੰ ਕੀਲ ਲੈਂਦਾ ਹੈ। ਨਿਰਸੰਦੇਹ ਕਨਵਰ ਨੇ ਦਰਸ਼ਕਾਂ ਨੂੰ ਆਪਣੇ ਵੱਸ ਵਿੱਚ ਕਰਨ ਦਾ ਮੰਤਰ ਫੂਕ ਦਿੱਤਾ ਹੋਇਆ ਸੀ, ਕਿਉਂਕਿ ਉਹ ਲੋਕਾਂ ਲਈ ਅਤੇ ਲੋਕਾਂ ਦਾ ਹੋ ਕੇ ਗਾ ਰਿਹਾ ਸੀ। ਉਸ ਦੇ ਬੋਲ ਗੂੰਜੇ 'ਜਿੱਥੇ ਤੇਰਾ ਪੈਰ ਹੋਵੇ, ਖੈਰ ਸੱਜਣਾ; ਮੰਗਾਂ ਇਹ ਦੁਆਵਾਂ ਅੱਠੇ ਪਹਿਰ ਸੱਜਣਾ' ਤੇ ਨਾਲ ਨਾਲ ਉਹਦਾ ਹਲਕਾ ਜਿਹਾ ਸਰੀਰ ਵੀ ਲੋਰ ਵਿੱਚ ਆਇਆ ਲਰਜ਼ ਰਿਹਾ ਸੀ। ਫਿਰ ਉਸ ਨੇ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੇ ਜ਼ਿਕਰ ਨਾਲ ਕਿਹਾ ਕਿ ਉਹ ਹਾਰਮੋਨੀਅਮ, ਚਿਮਟਾ, ਢੋਲ ਦਾ ਕਲਚਰ ਲੈ ਕੇ ਆਏ ਅਤੇ ਨਾਲ ਸੰਗਤ ਨੂੰ ਗਾਉਣ ਲਈ ਜੋੜਿਆ; ਤੇ ਕਨਵਰ ਨੇ ਆਪਣੇ ਨਾਲ ਸਰੋਤਿਆਂ ਨੂੰ ਵੀ ਗਾਉਣ ਲਾ ਲਿਆ ਸੀ, 'ਵਾਹ ਵਾਹ ਮੌਜ ਫਕੀਰਾਂ ਦੀ', 'ਇਹ ਦੁਨੀਆਂ ਕੀ ਜਾਣੇ ਸਾਧੂ ਸੁੱਤੇ ਆ ਕਿ ਜਾਗਦੇ।'

'ਅੱਖੀਆਂ ਹੋ ਜਾਣ ਚਾਰ ਤਾਂ ਨੱਚਣਾ ਪੈਂਦਾ ਏ' ਗਾਉਂਦਿਆਂ ਗਾਉਂਦਿਆਂ ਉਸ ਨੇ ਇਸ਼ਕ ਹਕੀਕੀ ਤੇ ਇਸ਼ਕ ਮਜਾਜ਼ੀ ਦਾ ਕਿੱਸਾ ਛੇੜ ਲਿਆ ਕਿ ਅੱਖੀਆਂ ਦੋ ਤੇ ਦੋ ਚਾਰ ਹੀ ਚੰਗੀਆਂ, ਜੇ ਚਾਰ ਦੀ ਥਾਂ ਅੱਖੀਆਂ ਛੇ ਜਾਂ ਅੱਠ ਹੋ ਜਾਣ ਯਾਨੀ ਗਿਣਤੀ ਵਧ ਜਾਵੇ ਤਾਂ ਉਹ ਇਸ਼ਕ ਹਕੀਕੀ ਨਹੀਂ। ਜਿਨ੍ਹਾਂ ਦੀਆਂ ਦੋ ਤੇ ਦੋ ਚਾਰ ਹੋਈਆਂ ਤੇ ਇੱਕ-ਦੂਜੇ 'ਚ ਐਨ ਰਚ ਗਏ, ਉਨ੍ਹਾਂ ਦੇ ਫਿਰ ਗੀਤ ਬਣੇ- 'ਵੇ ਮੈਂ ਜਿਹੜੇ ਪਾਸੇ ਵੇਖਾਂ, ਮੈਨੂੰ ਤੂੰ ਦਿਸਦਾ' ਫਿਰ ਉਹ ਧਰਮ ਦੀਆਂ ਵਲਗਣਾਂ ਤੋਂ ਪਾਰ ਦੀ ਗੱਲ ਕਰਦੇ ਸ਼ਬਦਾਂ ਦੇ ਛੱਟੇ ਕੇਰਨ ਲੱਗਾ, 'ਇੱਕ ਤੂੰ ਹੀ ਤੂੰ...।' ਕਨਵਰ ਨੇ ਇਸ ਸ਼ੋਅ ਨੂੰ ਵਿਆਹ ਦੇ ਮਾਹੌਲ ਵਰਗਾ ਸਿਰਜਣ ਦੀ ਕੋਸ਼ਿਸ਼ ਕੀਤੀ, ਤੇ ਉਹ ਇਸ ਵਿੱਚ ਕਾਮਯਾਬ ਵੀ ਰਿਹਾ; ਕਿਉਂਕਿ ਉਸ ਨੇ ਬੀਬੀਆਂ ਨੂੰ ਨੱਚਣ ਲਾ ਲਿਆ ਤੇ ਉਨ੍ਹਾਂ ਨੂੰ ਸਤਿਕਾਰ ਦਿੰਦਿਆਂ ਵਡਿਆਇਆ ਵੀ। ਦੂਜੀ ਛੱਟੇ ਉਸ ਨੇ 'ਵਹਿਮਾਂ ਭਰਮਾਂ ਵਿੱਚ ਪਾਉਣ ਲਈ' ਬੀਬੀਆਂ ਦੇ ਰੋਲ ਦਾ ਚਿੱਠਾ ਵੀ ਪੜ੍ਹ ਮਾਰਿਆ, ਤੇ ਹਾਲ ਵਿੱਚ ਹਾਸਾ ਤਾਰੀ ਹੋ ਗਿਆ।

ਜਿਹੜੇ ਕੁਝ ਸੱਜਣ ਥੋੜ੍ਹੇ ਥੋੜ੍ਹੇ ਸਮੇਂ ਲਈ ਹਾਲ 'ਚੋਂ ਬਾਹਰ ਹੋਰ ਤਰਾਰੇ ਵਿੱਚ ਹੋਣ ਲਈ ਜਾ ਰਹੇ ਸਨ, ਉਨ੍ਹਾਂ 'ਤੇ ਮਜ਼ਾਹੀਆ ਟਿੱਪਣੀ ਕਰਦਿਆਂ ਕਨਵਰ ਨੇ ਕਿਹਾ ਕਿ ਇਹ ਤਾਂ ਤੜਕੇ ਲੱਸੀ ਮੰਗੂਗੀ। ਉਸ ਕਿਹਾ, ਜਿਸ ਨੂੰ ਇਹਦਾ ਚਸਕਾ ਲੱਗਿਆ, ਜਦੋਂ ਤੱਕ ਤਾਰ ਨਹੀਂ ਜੁੜਦੀ, ਓਹਨੂੰ ਸਵਾਦ ਨਹੀਂ ਆਉਂਦਾ। ਕਈ ਵਾਰ ਖਾਧੀ-ਪੀਤੀ ਵਾਲੇ ਦਾ ਗੌਣ ਸੁਣਨ 'ਚ ਧਿਆਨ ਵੱਧ ਲੱਗ ਜਾਂਦਾ, ਜਦਕਿ ਸੋਫੀ ਬੰਦਾ ਖਾਲੀ ਮੁੜ ਜਾਂਦਾ। ਉਹ ਪਿਆਕੜਾਂ ਨੂੰ ਵਡਿਆਈ ਵੀ ਜਾ ਰਿਹਾ ਸੀ ਤੇ ਵਿਅੰਗ ਵਾਲੇ ਤੁਣਕੇ ਵੀ ਮਾਰੀ ਜਾ ਰਿਹਾ ਸੀ, ਪਰ ਇਹ ਸਭ ਹਾਸੇ-ਮਜ਼ਾਕ ਦਾ ਹਿੱਸਾ ਸੀ।



'ਮੇਰੀ ਜ਼ਾਤ ਗੋਤ ਨਾ ਪੁੱਛੀਂ, ਬੰਦਾ ਬਣ ਕੇ ਹੀ ਮਿਲਦਾ ਰਹਿ', 'ਜਪ ਲੈ ਸਾਈਂ ਦਾ ਨਾਂ, ਨਾਮ ਵਾਲੀ ਬੂਟੀ ਪੀ ਲੈ', 'ਵੇਖ ਮਰਦਾਨਿਆ ਵੇ ਰੰਗ ਕਰਤਾਰ ਦੇ', 'ਸਾਰੀ ਦੁਨੀਆਂ ਤੋਂ ਉਚਾ ਬਾਬੇ ਨਾਨਕ ਦਾ ਦਰ', 'ਤੇਰੇ ਖਾਲਸੇ ਨੂੰ ਸਦਾ ਮੈਂ ਆਜ਼ਾਦ ਵੇਖਿਆ', 'ਡੇਰੇ 'ਚ ਫਕੀਰ ਨੱਚਦਾ, ਰੱਬ ਸਾਹਮਣੇ ਬੈਠ ਕੇ ਦੇਖੇ', 'ਤੱਕੜੀ ਨਾਨਕ ਦੀ, ਤੇਰਾ ਤੇਰਾ ਤੋਲੇ', 'ਮੇਰਾ ਤੁਣਕਾ ਯਾਰ ਵਜਾਵੇ, ਮਸਤੀ ਮੈਂ ਫਿਰਦੀ' ਆਦਿ ਗਾਉਣ ਸਮੇਂ ਉਹ ਚਿਮਟਾ ਖੜਕਾਅ ਖੜਕਾਅ ਨੱਚਦਾ- ਜਿਸ ਤਰ੍ਹਾਂ ਨਾਮ ਦੀ ਖੁਮਾਰੀ ਵਿੱਚ ਕੋਈ ਜੋਗਣ ਨੱਚਦੀ ਹੋਵੇ ਤੇ ਜਾਂ ਕਦੇ ਡਫਲੀ ਵਜਾਉਣ ਲੱਗਦਾ ਤੇ ਡੌਰੂ ਵਾਂਗ ਸਿਰ ਹਿਲਾਉਂਦਾ। ਕਦੇ ਕਦੇ ਲੱਗਦਾ ਕੋਈ ਭਜਨ-ਮੰਡਲੀ ਸਟੇਜ 'ਤੇ ਗਾਉਣ ਬੈਠੀ ਹੈ ਤੇ ਕਦੇ ਲੱਗਦਾ ਪੰਜਾਬੀ ਅਖਾੜਾ ਲੱਗਿਆ ਹੋਵੇ; ਜਾਂ ਕਦੇ ਕਦੇ ਇਹ ਅਹਿਸਾਸ ਹੋਣ ਲੱਗਦਾ ਕਿ ਕੋਈ ਡੇਰੇਦਾਰ ਬੈਠਾ ਅਧਿਆਤਮ ਦੇ ਪਾਠ ਪੜ੍ਹਾ ਰਿਹਾ ਹੋਵੇ। ਉਸ ਦੇ ਸਾਜੀਆਂ ਵਿੱਚ ਟੌਹਰੇ ਵਾਲੀ ਪੱਗ ਬੰਨ੍ਹੀ ਬੈਠਾ ਸੱਜਣ ਤੂੰਬੇ ਦੀਆਂ ਸੁਰਾਂ ਨਾਲ ਅਤੇ ਗਿਟਾਰ ਵਾਲਾ, ਢੋਲ ਤੇ ਤਬਲੇ ਵਾਲਾ ਵੀ ਕਨਵਰ ਦੇ ਬੋਲਾਂ ਨਾਲ ਇੱਕ-ਮਿੱਕ ਹੋਏ ਪਏ ਸਨ। ਚੰਗੀ ਗੱਲ ਇਹ ਸੀ ਕਿ ਹਾਲ ਵਿੱਚ ਸਾਊਂਡ ਦੀ ਕੋਈ ਸਮੱਸਿਆ ਨਹੀਂ ਸੀ ਤੇ ਕਨਵਰ ਦੀ ਆਵਾਜ਼ ਵੀ ਸਪਸ਼ਟ ਸੁਣਾਈ ਦੇ ਰਹੀ ਸੀ। ਇਸ ਸ਼ੋਅ ਬਾਰੇ ਇਹ ਕਹਿਣਾ ਕੁਥਾਂ ਨਹੀਂ ਕਿ ਜਿਨ੍ਹਾਂ ਨੇ ਕਨਵਰ ਦਾ ਸ਼ੋਅ ਪ੍ਰਤੱਖ ਦੇਖਿਆ, ਉਹ ਬਾਗੋਬਾਗ ਸਨ ਤੇ ਜਿਹੜੇ ਦੇਖਣ ਆਏ ਹੀ ਨਾ, ਉਨ੍ਹਾਂ ਨੂੰ ਝੋਰਾ ਤਾਂ ਜ਼ਰੂਰ ਹੀ ਰਹੇਗਾ!

ਹਾਲਾਂ ਕਿ ਸ਼ੋਅ ਸ਼ੁਰੂ ਹੋਣ ਸਮੇਂ ਸਟੇਜ ਤੋਂ ਇੱਕ ਪ੍ਰਬੰਧਕ ਡਾ. ਹਰਜਿੰਦਰ ਸਿੰਘ ਖਹਿਰਾ ਦੇ ਇਹ ਸ਼ਬਦ ਗੂੰਜੇ ਕਿ ਸ਼ਿਕਾਗੋ ਦੀ ਇੱਕ ਪ੍ਰਾਬਲਮ ਹੈ, ਇੱਥੇ ਤੁਸੀਂ ਫਰੀ ਮੇਲਾ ਕਰਵਾ ਦਿਓ ਤਾਂ ਕੋਈ ਚੱਕਰ ਨਹੀਂ, ਦੁਨੀਆਂ ਜਿੰਨੀ ਮਰਜ਼ੀ 'ਕੱਠੀ ਕਰ ਲਓ; ਪਰ ਜਦੋਂ ਟਿਕਟ ਈਵੈਂਟ ਆਉਂਦੀ ਹੈ, ਉਦੋਂ ਪ੍ਰਾਬਲਮ ਆ ਜਾਂਦੀ ਹੈ। ਕਨਵਰ ਗਰੇਵਾਲ ਵਧੀਆ ਕਲਾਕਾਰ ਹੈ, ਨਾ ਓਹ ਲੱਚਰ ਗਾਣੇ ਗਾਉਂਦਾ ਹੈ, ਪਰ ਉਹਨੂੰ ਦੇਖਣ ਲਈ ਵੀ ਸਾਨੂੰ ਕਾਲਾਂ ਕਰਨੀਆਂ ਪਈਆਂ। ਉਨ੍ਹਾਂ ਨਾਲ ਹੀ ਕਿਹਾ ਕਿ ਪ੍ਰੋਗਰਾਮ ਵਿੱਚ ਮਿਡਵੈਸਟ ਦੇ ਪ੍ਰਮੁੱਖ ਸਾਰੇ ਪੰਜਾਬੀ ਸੱਭਿਆਚਾਰ ਨੂੰ ਪਿਆਰ ਕਰਨ ਵਾਲੇ ਇੱਥੇ ਆਏ ਨੇ। ਉਨ੍ਹਾਂ ਸਾਰੇ ਮਹਿਮਾਨਾਂ ਤੇ ਸਪਾਂਸਰਾਂ ਦਾ ਉਚੇਚਾ ਧੰਨਵਾਦ ਕੀਤਾ ਅਤੇ ਪੰਜਾਬੀਆਂ ਦੇ ਮਾਣ ਵਿੱਚ ਇੱਕ ਸ਼ੇਅਰ ਵੀ ਸੁਣਾਇਆ।

ਸ਼ੋਅ ਦੌਰਾਨ ਕਨਵਰ ਨੇ 'ਨਾ ਜਾਈਂ ਮਸਤਾਂ ਦੇ ਡੇਰੇ' ਗੀਤ ਸ਼ੁਰੂ ਕਰਦਿਆਂ 'ਆਜੋ ਨੀ ਕੁੜੀਓ' ਆਖ ਕੇ ਬੀਬੀਆਂ ਨੂੰ ਸਟੇਜ ਮੂਹਰੇ ਨੱਚਣ ਲਈ ਸੱਦਾ ਦੇ ਦਿੱਤਾ। ਨੱਚਣ ਨੂੰ ਪਹਿਲਾਂ ਹੀ ਕਾਹਲੀਆਂ ਪਈਆਂ ਬੀਬੀਆਂ ਨੇ ਫਿਰ ਗੀਤ ਦੇ ਬੋਲਾਂ 'ਤੇ ਧਮੱਚੜ ਪਾ ਦਿੱਤਾ ਤੇ ਉਹ ਪੂਰੀਆਂ ਮਸਤ ਗਈਆਂ ਸਨ। ਹਾਲਾਂਕਿ ਇਸ ਦੌਰਾਨ ਸਟੇਜ ਦੇ ਐਨ ਮੂਹਰੇ ਬੈਠੇ ਮਹਿਮਾਨਾਂ ਅਤੇ ਗਾਇਕ ਵਿਚਾਲੇ ਅੜਿੱਕਾ ਜਿਹਾ ਪੈ ਗਿਆ ਸੀ, ਪਰ ਕਿਸੇ ਆਮ-ਖਾਸ ਨੇ ਬਹੁਤਾ ਉਜਰ ਨਾ ਕੀਤਾ। ਸ਼ੋਅ ਦੀ ਨਿਰੰਤਰਤਾ ਬਣੀ ਰਹੀ ਤੇ ਫਿਰ ਕਨਵਰ ਨੇ 'ਤੂੰਬਾ ਮੇਰੀ ਜਾਨ ਕੁੜੇ' ਗਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਕੇ ਉਹ 'ਛੱਲਾ' ਗਾਉਂਦਾ, ਉਸ ਨੇ ਕਿਹਾ ਕਿ ਵਿਆਹਾਂ 'ਤੇ ਵੱਧ ਖਰਚਾ ਮੁੰਡੇ ਦੀ ਭੈਣ, ਮੁੰਡੇ ਦੀ ਭਰਜਾਈ ਤੇ ਇੱਥੋਂ ਤੱਕ ਕਿ ਮੁੰਡੇ ਦੀ ਮਾਂ ਵੀ ਸ਼ਾਪਿੰਗ 'ਤੇ ਕਰਦੀ ਹੈ, 'ਪਰ ਹੈ ਇਹ ਖੁਸ਼ੀਆਂ ਤੁਹਾਡੇ ਨਾਲ ਹੀ' ਆਖ ਕੇ ਸੱਚ ਵੀ ਬਿਆਨ ਦਿੱਤਾ। ਉਸ ਨੇ ਕੁੜੀਆਂ ਦੇ ਮਾਣ ਵਿੱਚ ਸ਼ਬਦ ਉਚਾਰੇ,

ਅਸੀਂ ਕੁੜੀਆਂ ਹਾਂ, ਅਸੀਂ ਚਿੜੀਆਂ ਨਈਂ
ਅਸੀਂ ਬਾਜ਼ ਕਹਾਵਣ ਜਾਣਦੀਆਂ।
ਪੈਰਾਂ ਦੀ ਜੁੱਤੀ ਨਹੀਂ ਬਣਨਾ ਅਸੀਂ
ਸਿਰ ਤਾਜ ਕਹਾਵਣ ਜਾਣਦੀਆਂ।

ਕਨਵਰ ਇੱਕ ਗੀਤ ਸ਼ੁਰੂ ਕਰ ਕੇ ਕੁਝ ਹੋਰ ਗੀਤਾਂ ਦੇ ਮੁਖੜੇ ਤੇ ਅੰਤਰੇ ਵਿੱਚ ਸ਼ਾਮਲ ਕਰ ਲੈਂਦਾ ਅਤੇ ਅਖੀਰ ਤੋੜਾ ਸ਼ੁਰੂ ਕੀਤੇ ਗੀਤ 'ਤੇ ਹੀ ਝਾੜਦਾ। ਉਹ 'ਕੁਝ ਵੀ ਨਾਲ ਨਾ ਜਾਣ ਦੀਆਂ' ਗੱਲਾਂ ਵੀ ਕਰ ਰਿਹਾ ਸੀ ਤੇ ਆਪਣੇ ਵੱਲੋਂ ਸਾਲ ਦੇ ਦੋ-ਢਾਈ ਸੌ ਸ਼ੋਅ ਕਰਨ ਬਾਰੇ ਵੀ ਦੱਸ ਰਿਹਾ ਸੀ। ਉਸ ਕਿਹਾ, ਅਸੀਂ ਸੈਲੀਬਰੇਟੀ ਹਾਂ, ਪਰ ਅੰਦਰ ਚੈਨ ਨਹੀਂ। ਅੱਜ ਕੱਲ੍ਹ ਲੋਕ-ਦਿਖਾਵਾ ਇੰਨਾ ਵਧ ਗਿਆ ਹੈ ਕਿ ਲੋਕ ਆਪਣੀਆਂ ਟੱਟੀਆਂ (ਪਖਾਨੇ) ਹੀ ਦਿਖਾਈ ਜਾਂਦੇ ਹਨ; ਇਹ ਹੌਲੇ ਬੰਦੇ ਦੀਆਂ ਨਿਸ਼ਾਨੀਆਂ ਹਨ। ਅਖੀਰ ਕਨਵਰ ਨੇ 'ਅੱਧੀ ਰਾਤੀਂ ਪੈਂਦਾ ਆਸ਼ਕਾਂ ਦੇ ਵਿਹੜੇ, ਗਿੱਧਾ ਤੇਰੇ ਇਸ਼ਕੇ ਦਾ' ਅਤੇ 'ਕਰਾਂ ਸ਼ੁਕਰ ਵਾਹਿਗੁਰੂ ਦਾ, ਸਾਡੀ ਨਿਭ'ਗੀ ਵੇ ਸਰਦਾਰਾ', 'ਵੇ ਨਾ ਮਾਰ ਜਾਲਮਾਂ, ਪੇਕੇ ਤੱਤੜੀ ਦੇ ਦੂਰ', 'ਟਿਕਟਾਂ ਦੋ ਲੈ ਲਈਂ', 'ਇਸ਼ਕ ਤੇਰੇ ਦੀ ਚੜ੍ਹੀ ਲੋਰ ਵੇ ਮਾਹੀਆ' ਗਾਉਂਦਿਆਂ ਟੱਪਿਆਂ ਤੇ ਬੋਲੀਆਂ ਨਾਲ ਗੌਣ ਟੀਸੀ 'ਤੇ ਲੈ ਆਂਦਾ। 'ਕਨਫਰਮ ਦੋਸਤਾ ਵੇ ਤੇਰੀ ਟਿਕਟ ਵਾਪਸੀ ਦੀ' ਗਾ ਕੇ ਕਨਵਰ ਨੇ ਸਮਾਪਤੀ ਕੀਤੀ। ਮੁੱਖ ਮਹਿਮਾਨ ਵੱਲੋਂ ਕਨਵਰ ਗਰੇਵਾਲ ਦਾ ਲੋਈ ਦੇ ਕੇ ਸਨਮਾਨ ਕੀਤਾ ਗਿਆ। ਮੁੱਖ ਮਹਿਮਾਨ ਦਰਸ਼ਨ ਸਿੰਘ ਧਾਲੀਵਾਲ ਤੇ ਜੇ.ਪੀ. ਖਹਿਰਾ ਸਨ, ਜਦਕਿ ਗਰੈਂਡ ਸਪਾਂਸਰ ਲੱਖਾ ਢੀਂਡਸਾ ਤੇ ਅਮਰਜੀਤ ਸਿੰਘ ਢੀਂਡਸਾ ਸਨ, ਜਿਨ੍ਹਾਂ ਦਾ ਸ਼ੋਅ ਦੌਰਾਨ ਸਨਮਾਨ ਕੀਤਾ ਗਿਆ। ਸ਼ੋਅ ਦੇ ਮੁੱਖ ਪ੍ਰਬੰਧਕ ਡਾ. ਹਰਜਿੰਦਰ ਸਿੰਘ ਖਹਿਰਾ, ਹੈਪੀ ਹੀਰ, ਗੁਲਜ਼ਾਰ ਸਿੰਘ ਮੁਲਤਾਨੀ ਤੇ ਜਿੰਦੀ ਦਿਆਲ ਸਨ।

# ਨੌਕਰੀਆਂ ਵਿੱਚ ਕਟੌਤੀ ਤੇ ਟੈਰਿਫ ਨੀਤੀਆਂ ਕਾਰਨ ਹਲਚਲ

**ਪੰਜਾਬੀ ਪਰਵਾਜ਼ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ ਅਤੇ ਵਪਾਰ ਨੀਤੀਆਂ ਨੇ ਵਿਸ਼ਵ ਭਰ ਦੇ ਬਾਜ਼ਾਰਾਂ ਵਿੱਚ ਹਲਚਲ ਮਚਾ ਦਿੱਤੀ ਹੈ। ਇਨ੍ਹਾਂ ਨੀਤੀਆਂ ਦਾ ਸਿੱਧਾ ਅਸਰ ਅਮਰੀਕੀ ਅਰਥਵਿਵਸਥਾ ਅਤੇ ਰੁਜ਼ਗਾਰ ਬਾਜ਼ਾਰ 'ਤੇ ਪਿਆ ਹੈ, ਜਿਸ ਨਾਲ ਨੌਕਰੀਆਂ ਦਾ ਗੰਭੀਰ ਸੰਕਟ ਖੜ੍ਹਾ ਹੋ ਗਿਆ ਹੈ। ਇਸ ਸੰਕਟ ਦੇ ਵਿਚਕਾਰ ਟਰੰਪ ਨੇ ਰੁਜ਼ਗਾਰ ਅੰਕੜਿਆਂ ਦੀ ਨਿਗਰਾਨੀ ਕਰਨ ਵਾਲੀ ਸੰਘੀ ਏਜੰਸੀ ਕਿਰਤ ਬਿਊਰੋ (ਬੀ.ਐਲ.ਐਸ.) ਦੀ ਨਿਰਦੇਸ਼ਕ ਏਰਿਕਾ ਮੈਕਐਂਟਾਰਫਰ ਨੂੰ ਬਰਖਾਸਤ ਕਰ ਦਿੱਤਾ। ਇਹ ਫੈਸਲਾ ਟਰੰਪ ਦੇ ਉਸ ਦਾਅਵੇ ਦੀ ਪਿੱਠਭੂਮੀ ਵਿੱਚ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਸਿਆਸੀ ਉਦੇਸ਼ਾਂ ਲਈ ਅੰਕੜਿਆਂ ਵਿੱਚ ਹੇਰਾਫੇਰੀ ਦਾ ਦੋਸ਼ ਲਾਇਆ ਸੀ।

**ਟਰੰਪ ਦੀਆਂ ਟੈਰਿਫ ਨੀਤੀਆਂ ਅਤੇ ਅਰਥਵਿਵਸਥਾ 'ਤੇ ਅਸਰ:** ਡੋਨਾਲਡ ਟਰੰਪ ਦੀਆਂ ਵਪਾਰ ਨੀਤੀਆਂ, ਖਾਸ ਤੌਰ 'ਤੇ ਵਿਦੇਸ਼ੀ ਮਾਲ 'ਤੇ ਲਗਾਏ ਗਏ ਭਾਰੀ ਟੈਰਿਫ ਨੇ ਅਮਰੀਕੀ ਅਤੇ ਵਿਸ਼ਵ ਅਰਥਵਿਵਸਥਾ ਨੂੰ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਟੈਰਿਫਾਂ ਦਾ ਮੁੱਖ ਉਦੇਸ਼ ਅਮਰੀਕੀ ਉਦਯੋਗਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਅਤੇ ਸਥਾਨਕ ਨਿਰਮਾਣ ਨੂੰ ਉਤਸ਼ਾਹਿਤ ਕਰਨਾ ਸੀ, ਪਰ ਅਸਲੀਅਤ ਵਿੱਚ ਇਸ ਨੇ ਅਮਰੀਕੀ ਬਾਜ਼ਾਰ ਵਿੱਚ ਅਸਥਿਰਤਾ ਪੈਦਾ ਕੀਤੀ ਹੈ। ਵਿਦੇਸ਼ੀ ਸਾਮਾਨ ਦੀਆਂ ਕੀਮਤਾਂ ਵਧਣ ਨਾਲ ਕੰਪਨੀਆਂ ਨੂੰ ਉਤਪਾਦਨ ਦੀ ਲਾਗਤ ਵਧਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਕਈ ਖੇਤਰਾਂ ਵਿੱਚ ਨੌਕਰੀਆਂ ਦੀ ਕਟੌਤੀ ਨੂੰ ਵਧਾਇਆ।

ਕਿਰਤ ਵਿਭਾਗ ਦੀ ਤਾਜ਼ਾ ਰਿਪੋਰਟ ਮੁਤਾਬਕ, ਜੁਲਾਈ 2025 ਵਿੱਚ ਅਮਰੀਕੀ ਕੰਪਨੀਆਂ ਨੇ ਸਿਰਫ 73,000 ਨੌਕਰੀਆਂ ਜੋੜੀਆਂ, ਜੋ ਕਿ ਅਰਥਸ਼ਾਸਤਰੀਆਂ ਦੀ ਉਮੀਦ ਤੋਂ ਕਾਫੀ ਘੱਟ ਹੈ। ਇਸ ਦੇ ਉਲਟ, ਮਈ ਅਤੇ ਜੂਨ 2025 ਵਿੱਚ ਕੁੱਲ 2,58,000 ਨੌਕਰੀਆਂ ਖਤਮ ਹੋਈਆਂ। ਇਸ ਨਾਲ ਬੇਰੁਜ਼ਗਾਰੀ ਦਰ ਵਧ ਕੇ 4.2% 'ਤੇ ਪਹੁੰਚ ਗਈ ਅਤੇ ਬੇਰੁਜ਼ਗਾਰ ਵਿਅਕਤੀਆਂ ਦੀ ਗਿਣਤੀ ਵਿੱਚ 2,21,000 ਦਾ ਵਾਧਾ ਹੋਇਆ। ਇਹ ਅੰਕੜੇ ਅਮਰੀਕੀ ਅਰਥਵਿਵਸਥਾ ਵਿੱਚ ਮੰਦੀ ਦੀ ਸੰਭਾਵਨਾ ਨੂੰ ਦਰਸਾਉਂਦੇ ਹਨ।

ਬੀ.ਐਮ.ਓ. ਕੈਪੀਟਲ ਮਾਰਕੀਟਸ ਦੇ ਮੁੱਖ ਅਰਥਸ਼ਾਸਤਰੀ ਸਕੌਟ ਐਂਡਰਸਨ ਦਾ ਕਹਿਣਾ ਹੈ ਕਿ ਟੈਰਿਫ, ਵਪਾਰ ਯੁੱਧ ਅਤੇ ਪਰਵਾਸ ਰੋਕਾਂ ਨੇ ਅਮਰੀਕੀ ਕਿਰਤ ਬਾਜ਼ਾਰ ਨੂੰ ਕਮਜ਼ੋਰ ਕੀਤਾ ਹੈ। ਉਨ੍ਹਾਂ ਕਿਹਾ, "ਅਸੀਂ ਪਹਿਲਾਂ ਹੀ ਇਸ ਗਿਰਾਵਟ ਦਾ ਅੰਦਾਜ਼ਾ ਲਗਾ ਰਹੇ ਸੀ, ਪਰ ਤਾਜ਼ਾ ਅੰਕੜਿਆਂ ਨੇ ਸਥਿਤੀ ਦੀ ਗੰਭੀਰਤਾ ਨੂੰ ਸਾਹਮਣੇ ਲਿਆਂਦਾ ਹੈ।" ਇਹ ਰਿਪੋਰਟ ਕਿਰਤ ਬਾਜ਼ਾਰ ਵਿੱਚ ਹੋਰ ਵੀ ਮੁਸ਼ਕਲ ਸਥਿਤੀਆਂ ਦੇ ਜੋਖਮ ਨੂੰ ਉਜਾਗਰ ਕਰਦੀ ਹੈ।

ਟਰੰਪ ਨੇ ਕਿਰਤ ਬਿਊਰੋ ਦੀ ਨਿਰਦੇਸ਼ਕ ਏਰਿਕਾ ਮੈਕਐਂਟਾਰਫਰ ਨੂੰ ਬਰਖਾਸਤ ਕਰਨ ਦਾ ਫੈਸਲਾ ਕੀਤਾ, ਜਿਨ੍ਹਾਂ ਨੂੰ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ 2023




ਵਿੱਚ ਨਾਮਜ਼ਦ ਕੀਤਾ ਸੀ। ਮੈਕਐਂਟਾਰਫਰ ਜਨਵਰੀ 2024 ਵਿੱਚ ਬੀ.ਐਲ.ਐਸ. ਦੀ ਕਮਿਸ਼ਨਰ ਬਣੀ ਸੀ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਦੋਸ਼ ਲਾਇਆ ਕਿ ਮੈਕਐਂਟਾਰਫਰ ਦੀ ਅਗਵਾਈ ਵਿੱਚ ਰੁਜ਼ਗਾਰ ਅੰਕੜਿਆਂ ਵਿੱਚ ਸਿਆਸੀ ਕਾਰਨਾਂ ਕਰ ਕੇ ਹੇਰਾਫੇਰੀ ਕੀਤੀ ਗਈ, ਜਿਸ ਨਾਲ ਰਿਪਬਲਿਕਨ ਪਾਰਟੀ ਅਤੇ ਉਸ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ।

ਟਰੰਪ ਨੇ ਕਿਹਾ, "ਮੈਂ ਆਪਣੀ ਟੀਮ ਨੂੰ ਨਿਰਦੇਸ਼ ਦਿੱਤਾ ਹੈ ਕਿ ਇਸ ਸਿਆਸੀ ਵਿਅਕਤੀ ਨੂੰ ਤੁਰੰਤ ਹਟਾਇਆ ਜਾਵੇ ਅਤੇ ਉਸ ਦੀ ਥਾਂ ਜ਼ਿਆਦਾ ਸਮਰੱਥ ਅਤੇ ਯੋਗ ਵਿਅਕਤੀ ਨੂੰ ਨਿਯੁਕਤ ਕੀਤਾ ਜਾਵੇ। ਅੰਕੜਿਆਂ ਵਿੱਚ ਹੇਰਾਫੇਰੀ ਨਾਲ ਮੈਨੂੰ ਅਤੇ ਰਿਪਬਲਿਕਨ ਪਾਰਟੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।" ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕੀ ਜਨਤਾ ਨੂੰ ਸਹੀ ਅਤੇ ਨਿਰਪੱਖ ਅੰਕੜੇ ਮਿਲਣੇ ਚਾਹੀਦੇ ਹਨ, ਜਿਨ੍ਹਾਂ 'ਤੇ ਸਿਆਸੀ ਦਬਾਅ ਨਾ ਹੋਵੇ। ਟਰੰਪ ਦੇ ਇਸ ਫੈਸਲੇ ਦੀ ਸਖ਼ਤ ਨਿੰਦਾ ਹੋਈ ਹੈ। 'ਫ੍ਰੈਂਡਜ਼ ਆਫ ਬੀ.ਐਲ.ਐਸ' ਸਮੂਹ ਨੇ ਕਿਹਾ ਕਿ ਮੈਕਐਂਟਾਰਫਰ ਨੂੰ ਹਟਾਉਣ ਦਾ ਤਰਕ ਬੇਬੁਨਿਆਦ ਹੈ ਅਤੇ ਇਹ ਸੰਘੀ ਅੰਕੜਿਆਂ ਦੀ ਭਰੋਸੇਯੋਗਤਾ ਨੂੰ ਖਤਰੇ ਵਿੱਚ ਪਾਉਂਦਾ ਹੈ। ਇਸ ਸਮੂਹ ਨੇ ਜ਼ੋਰ ਦੇ ਕੇ ਕਿਹਾ ਕਿ ਬੀ.ਐਲ.ਐਸ. ਦੇ ਅੰਕੜੇ ਕਾਰੋਬਾਰਾਂ, ਪਰਿਵਾਰਾਂ ਅਤੇ ਨੀਤੀ ਨਿਰਮਾਤਾਵਾਂ ਲਈ ਮਹੱਤਵਪੂਰਨ ਹਨ ਤੇ ਇਨ੍ਹਾਂ ਨੂੰ ਸਿਆਸੀ ਦਖਲਅੰਦਾਜ਼ੀ ਤੋਂ ਮੁਕਤ ਰੱਖਣਾ ਜ਼ਰੂਰੀ ਹੈ।

ਦੂਜੇ ਪਾਸੇ, ਕਿਰਤ ਵਿਭਾਗ ਦੀ ਰਿਪੋਰਟ ਮੁਤਾਬਕ ਅਮਰੀਕੀ ਅਰਥਵਿਵਸਥਾ ਦੇ ਕਈ ਸੈਕਟਰਾਂ ਵਿੱਚ ਨੌਕਰੀਆਂ ਵਿੱਚ ਕਟੌਤੀ ਦਾ ਸਿਲਸਿਲਾ ਜਾਰੀ ਹੈ। ਖਾਸ ਤੌਰ 'ਤੇ ਨਿਰਮਾਣ ਸੈਕਟਰ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਜੁਲਾਈ 2025 ਵਿੱਚ ਕਾਰਖਾਨਿਆਂ ਨੇ 11,000 ਨੌਕਰੀਆਂ ਵਿੱਚ ਕਟੌਤੀ ਕੀਤੀ, ਜੋ ਜੂਨ ਵਿੱਚ 15,000 ਅਤੇ ਮਈ ਵਿੱਚ 11,000 ਨੌਕਰੀਆਂ ਦੀ ਕਟੌਤੀ ਦਾ ਹੀ ਹਿੱਸਾ ਹੈ। ਸੰਘੀ ਸਰਕਾਰ ਵਿੱਚ ਵੀ 12,000 ਨੌਕਰੀਆਂ ਘਟੀਆਂ, ਜਦਕਿ ਪ੍ਰਸ਼ਾਸਨ ਅਤੇ ਸਹਾਇਕ ਸੇਵਾਵਾਂ ਵਿੱਚ 20,000 ਨੌਕਰੀਆਂ ਦੀ ਕਮੀ ਦਰਜ ਕੀਤੀ ਗਈ।

ਇਸੇ ਦੌਰਾਨ ਸਿਹਤ ਸੰਭਾਲ ਸੈਕਟਰ ਨੇ ਜੁਲਾਈ ਵਿੱਚ 55,400 ਨੌਕਰੀਆਂ ਜੋੜੀਆਂ, ਜੋ ਕਿ ਇੱਕ ਸਕਾਰਾਤਮਕ ਸੰਕੇਤ ਹੈ; ਪਰ ਸਿੱਖਿਆ ਸੰਬੰਧੀ ਨੌਕਰੀਆਂ ਵਿੱਚ ਵੀ ਗਿਰਾਵਟ ਦੇਖੀ ਗਈ। ਜੂਨ ਵਿੱਚ ਰਾਜ ਅਤੇ ਸਥਾਨਕ ਸਰਕਾਰਾਂ ਨੇ 64,000 ਸਿੱਖਿਆ ਸੰਬੰਧੀ ਨੌਕਰੀਆਂ ਜੋੜੀਆਂ ਸਨ, ਪਰ ਸੋਧਾਂ ਤੋਂ ਬਾਅਦ ਇਹ ਅੰਕੜਾ ਘਟ ਕੇ 10,000 ਤੋਂ ਵੀ ਘੱਟ ਰਹਿ ਗਿਆ।

**ਵਿਸ਼ਵ ਅਰਥਵਿਵਸਥਾ 'ਤੇ ਪ੍ਰਭਾਵ:** ਟਰੰਪ ਦੀਆਂ ਟੈਰਿਫ ਨੀਤੀਆਂ ਦਾ ਅਸਰ ਸਿਰਫ ਅਮਰੀਕਾ ਤੱਕ ਸੀਮਤ ਨਹੀਂ ਹੈ। ਅੰਤਰਰਾਸ਼ਟਰੀ ਵਪਾਰ ਸੰਗਠਨ (ਡਬਲਯੂ.ਟੀ.ਓ.) ਦੀ ਇੱਕ ਰਿਪੋਰਟ ਮੁਤਾਬਕ ਅਮਰੀਕੀ ਟੈਰਿਫਾਂ ਨੇ ਵਿਸ਼ਵ ਵਪਾਰ ਵਿੱਚ 3.4% ਦੀ ਕਮੀ ਦਾ ਅਨੁਮਾਨ ਲਗਾਇਆ ਹੈ। ਖਾਸ ਤੌਰ 'ਤੇ ਚੀਨ, ਮੈਕਸੀਕੋ ਅਤੇ ਕੈਨੇਡਾ ਵਰਗੇ ਦੇਸ਼ਾਂ ਨਾਲ ਵਪਾਰ ਸਬੰਧ ਪ੍ਰਭਾਵਿਤ ਹੋਏ ਹਨ। ਇਸ ਨਾਲ ਅਮਰੀਕੀ ਐਕਸਪੋਰਟਰਾਂ ਨੂੰ ਵੀ ਨੁਕਸਾਨ ਹੋਇਆ ਹੈ, ਕਿਉਂਕਿ ਵਿਦੇਸ਼ੀ ਬਾਜ਼ਾਰਾਂ ਵਿੱਚ ਅਮਰੀਕੀ ਸਾਮਾਨ ਦੀ ਮੰਗ ਘਟੀ ਹੈ।

ਅਮਰੀਕੀ ਖੇਤੀਬਾੜੀ ਸੈਕਟਰ ਵੀ ਇਸ ਸੰਕਟ ਦੀ ਲਪੇਟ ਵਿੱਚ ਆਇਆ ਹੈ। ਸੋਇਆਬੀਨ ਅਤੇ ਮੱਕੀ ਵਰਗੀਆਂ ਫਸਲਾਂ ਦੇ ਐਕਸਪੋਰਟ ਵਿੱਚ 15% ਦੀ ਕਮੀ ਦਰਜ ਕੀਤੀ ਗਈ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ 'ਤੇ ਮਾੜਾ ਅਸਰ ਪਿਆ। ਇਸ ਦੇ ਨਾਲ ਹੀ, ਉਤਪਾਦਨ ਸੈਕਟਰ ਵਿੱਚ ਵੀ ਮੰਦੀ ਦੇ ਸੰਕੇਤ ਸਾਫ ਨਜ਼ਰ ਆ ਰਹੇ ਹਨ। ਅਮਰੀਕੀ ਅਰਥਵਿਵਸਥਾ ਦੀ ਮੌਜੂਦਾ ਸਥਿਤੀ ਨੂੰ ਵੇਖਦਿਆਂ ਅਰਥਸ਼ਾਸਤਰੀਆਂ ਨੇ ਮੰਦੀ ਦੀ ਸੰਭਾਵਨਾ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ। ਫੈਡਰਲ ਰਿਜ਼ਰਵ ਨੇ ਵਿਆਜ ਦਰਾਂ ਵਿੱਚ 0.5% ਦੀ ਕਟੌਤੀ ਦਾ ਐਲਾਨ ਕੀਤਾ ਹੈ, ਪਰ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਸਥਿਤੀ ਸੁਧਰਨ ਵਿੱਚ ਸਮਾਂ ਲੱਗ ਸਕਦਾ ਹੈ। ਨਾਲ ਹੀ, ਟੈਰਿਫ ਨੀਤੀਆਂ ਦੀ ਸਮੀਖਿਆ ਅਤੇ ਵਪਾਰ ਸਮਝੌਤਿਆਂ ਨੂੰ ਮੁੜ ਸੰਤੁਲਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਅਮਰੀਕੀ ਕਿਰਤ ਬਾਜ਼ਾਰ ਨੂੰ ਸਥਿਰ ਕਰਨ ਲਈ ਸਰਕਾਰ ਨੂੰ ਨਵੀਂ ਨੀਤੀਆਂ ਅਤੇ ਲਾਭਕਾਰੀ ਪੈਕੇਜਾਂ 'ਤੇ ਕੰਮ ਕਰਨ ਦੀ ਜ਼ਰੂਰਤ ਹੈ। ਸਿਹਤ ਸੰਭਾਲ ਅਤੇ ਤਕਨੀਕੀ ਸੈਕਟਰਾਂ ਵਿੱਚ ਨੌਕਰੀਆਂ ਦੀ ਸੰਭਾਵਨਾ ਵਧਾਉਣ ਲਈ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਨਾਲ ਹੀ ਸਿੱਖਿਆ ਅਤੇ ਹੁਨਰ ਵਿਕਾਸ ਪ੍ਰੋਗਰਾਮਾਂ ਨੂੰ ਮਜਬੂਤ ਕਰਕੇ ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਲਈ ਤਿਆਰ ਕਰਨਾ ਜ਼ਰੂਰੀ ਹੈ।

ਸੋ, ਅਮਰੀਕੀ ਅਰਥਵਿਵਸਥਾ ਮੌਜੂਦਾ ਸਮੇਂ ਵਿੱਚ ਇੱਕ ਨਾਜ਼ੁਕ ਮੋੜ 'ਤੇ ਖੜ੍ਹੀ ਹੈ। ਟਰੰਪ ਦੀਆਂ ਟੈਰਿਫ ਅਤੇ ਵਪਾਰ ਨੀਤੀਆਂ ਨੇ ਇੱਕ ਪਾਸੇ ਸਥਾਨਕ ਉਦਯੋਗਾਂ ਨੂੰ ਸੁਰੱਖਿਆ ਦੇਣ ਦੀ ਕੋਸ਼ਿਸ਼ ਕੀਤੀ, ਪਰ ਦੂਜੇ ਪਾਸੇ ਇਸ ਨੇ ਨੌਕਰੀਆਂ ਦੇ ਸੰਕਟ ਅਤੇ ਅਰਥਵਿਵਸਥਾ ਵਿੱਚ ਅਸਥਿਰਤਾ ਨੂੰ ਜਨਮ ਦਿੱਤਾ। ਕਿਰਤ ਬਿਊਰੋ ਦੀ ਨਿਰਦੇਸ਼ਕ ਦੀ ਬਰਖਾਸਤਗੀ ਨੇ ਸੰਘੀ ਅੰਕੜਿਆਂ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਅਜਿਹੇ ਵਿੱਚ, ਸਰਕਾਰ ਨੂੰ ਨਿਰਪੱਖ ਅਤੇ ਪਾਰਦਰਸ਼ੀ ਨੀਤੀਆਂ ਅਪਣਾਉਣ ਦੀ ਜ਼ਰੂਰਤ ਹੈ, ਤਾਂ ਜੋ ਅਰਥਵਿਵਸਥਾ ਨੂੰ ਮੁੜ ਸਥਿਰ ਕੀਤਾ ਜਾ ਸਕੇ ਅਤੇ ਅਮਰੀਕੀ ਜਨਤਾ ਨੂੰ ਸਹੀ ਅਤੇ ਭਰੋਸੇਮੰਦ ਅੰਕੜੇ ਮੁਹੱਈਆ ਕਰਵਾਏ ਜਾ ਸਕਣ।

# ਕਾਂਗਰਸਮੈਨ ਦਲੀਪ ਸਿੰਘ ਸੋਂਧ ਬਾਰੇ ਦਸਤਾਵੇਜ਼ੀ ਲਈ ਫੰਡ ਇਕੱਤਰ

**ਸ਼ਿਕਾਗੋ:** ਪੁਰਸਕਾਰ ਜੇਤੂ ਦਸਤਾਵੇਜ਼ੀ ਫਿਲਮ ਨਿਰਮਾਤਾ ਮ੍ਰਿਦੂ ਚੰਦਰਾ ਨੇ ਕਾਂਗਰਸਮੈਨ ਦਲੀਪ ਸਿੰਘ ਸੋਂਧ ਬਾਰੇ ਦਸਤਾਵੇਜ਼ੀ ਤਿਆਰ ਕਰਨ ਸਬੰਧੀ ਫੰਡ ਇਕੱਤਰ ਕਰਨ ਲਈ ਹਾਲ ਹੀ ਵਿੱਚ ਮਿਡਵੈਸਟ ਦਾ ਦੌਰਾ ਕੀਤਾ ਅਤੇ ਭਾਈਚਾਰੇ ਨੂੰ ਸ੍ਰੀ ਸੋਂਧ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਬਾਰੇ ਬਣਾਈ ਜਾ ਰਹੀ ਫਿਲਮ ਸਬੰਧੀ ਵਿਸਥਾਰ ਵਿੱਚ ਦੱਸਿਆ ਅਤੇ ਆਪਣੇ ਪ੍ਰਾਜੈਕਟ ਬਾਰੇ ਗੱਲਾਂ ਕੀਤੀਆਂ।

ਜ਼ਿਕਰਯੋਗ ਹੈ ਕਿ ਸ੍ਰੀ ਸੋਂਧ ਨੇ ਸੰਯੁਕਤ ਰਾਜ ਅਮਰੀਕਾ ਦੇ ਇਤਿਹਾਸ ਵਿੱਚ ਅਮਰੀਕਾ ਦੇ ਪਹਿਲੇ ਏਸ਼ੀਆਈ, ਭਾਰਤੀ ਅਤੇ ਸਿੱਖ ਕਾਂਗਰਸਮੈਨ ਵਜੋਂ ਤਿੰਨ ਵਾਰ ਸੇਵਾ ਨਿਭਾਈ। ਉਨ੍ਹਾਂ ਦੀ ਕਹਾਣੀ ਬਹੁਤ ਹੱਦ ਤੱਕ ਅਣਜਾਣ ਹੈ ਅਤੇ ਮ੍ਰਿਦੂ ਚੰਦਰਾ ਇੱਕ ਨਵੀਂ ਦਸਤਾਵੇਜ਼ੀ ਨਾਲ ਇਸਨੂੰ ਬਦਲਣਾ ਚਾਹੁੰਦੇ ਹਨ, ਜੋ ਦਿਖਾਉਂਦੀ ਹੈ ਕਿ ਕਿਵੇਂ ਸ੍ਰੀ ਸੋਂਧ ਨੇ 1956 ਵਿੱਚ ਕਾਂਗਰਸ ਲਈ ਚੋਣ ਲੜੀ ਅਤੇ ਇੱਕ ਵਿਸ਼ਵ-ਪ੍ਰਸਿੱਧ ਅਤੇ ਅਮੀਰ ਦੂਜੇ ਵਿਸ਼ਵ ਯੁੱਧ ਦੇ ਨੇਤਾ ਦੇ ਖਿਲਾਫ ਇੱਕ ਹੈਰਾਨਕੁਨ ਜਿੱਤ ਪ੍ਰਾਪਤ ਕੀਤੀ। ਦਲੀਪ ਸਿੰਘ ਸੋਂਧ ਇੱਕ ਭਾਰਤੀ ਮੂਲ ਦੇ ਅਮਰੀਕੀ ਕਿਸਾਨ, ਲਾਬਿਸਟ, ਨਿਆਂਇਕ ਅਧਿਕਾਰੀ, ਅਕਾਦਮਿਕ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਸਿਆਸਤਦਾਨ ਸਨ, ਜਿਨ੍ਹਾਂ ਨੇ 1957 ਤੋਂ 1963 ਤੱਕ ਸੰਯੁਕਤ ਰਾਜ ਅਮਰੀਕਾ ਦੇ ਪ੍ਰਤੀਨਿਧੀ ਸਭਾ ਵਿੱਚ ਸੇਵਾ ਨਿਭਾਈ।

ਮ੍ਰਿਦੂ ਚੰਦਰਾ ਨੇ ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਸੋਮਨਾਥ ਘੋਸ਼ ਨਾਲ ਵੀ ਇਸ ਦਸਤਾਵੇਜ਼ੀ ਬਾਰੇ ਗੱਲ ਕੀਤੀ ਤੇ ਦੱਸਿਆ ਕਿ ਇਹ ਪ੍ਰਾਜੈਕਟ ਲੋਕਤੰਤਰ ਦਾ ਇੱਕ ਪ੍ਰੇਰਨਾਦਾਇਕ ਮਾਡਲ ਪੇਸ਼ ਕਰਦਾ ਹੈ ਅਤੇ ਅਮਰੀਕਾ ਵਿੱਚ ਅਕਸਰ ਗਲਤ ਸਮਝੇ ਜਾਂਦੇ ਭਾਰਤੀ ਅਮਰੀਕੀ ਘੱਟ ਗਿਣਤੀ ਭਾਈਚਾਰੇ ਲਈ ਹਮਦਰਦੀ ਤੇ ਸਮਝ ਨੂੰ ਉਤਸ਼ਾਹਿਤ ਕਰ ਸਕਦਾ ਹੈ। ਉਸਨੇ ਜ਼ਿਕਰ ਕੀਤਾ ਕਿ ਉਸਦੀ ਖੋਜ ਨੂੰ ਨੈਸ਼ਨਲ ਐਂਡੋਮੈਂਟ ਫਾਰ ਦ ਹਿਊਮੈਨਿਟੀਜ਼, ਫੋਰਡ ਫਾਊਂਡੇਸ਼ਨ ਕੈਲੀਫੋਰਨੀਆ ਹਿਊਮੈਨਿਟੀਜ਼ ਅਤੇ ਇਲੀਨਾਏ ਵਿੱਚ ਡਰਕਸੇਨ ਕਾਂਗਰੇਸ਼ਨਲ ਸੈਂਟਰ ਵਰਗੀਆਂ ਵੱਕਾਰੀ ਫਾਊਂਡੇਸ਼ਨਾਂ ਦੁਆਰਾ ਸਮਰਥਨ ਦਿੱਤਾ ਗਿਆ ਹੈ। ਮ੍ਰਿਦੂ ਚੰਦਰਾ ਅਨੁਸਾਰ ਹੁਣ ਉਹ ਫਿਲਮ ਦੇ ਨਿਰਮਾਣ ਦਾ ਕਾਰਜ ਮੁਕੰਮਲ ਕਰਨ ਲਈ ਲੋੜੀਂਦੇ ਵਾਧੂ ਫੰਡਾਂ ਦੀ ਪੂਰਤੀ ਲਈ ਭਾਈਚਾਰੇ ਦੇ ਨੁਮਾਇੰਦਿਆਂ ਅਤੇ ਗੁਰੂ ਘਰਾਂ ਵਿੱਚ ਜਾ ਕੇ ਸੰਗਤ ਤੋਂ ਸਹਿਯੋਗ ਦੀ ਮੰਗ ਕਰ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਅਤੇ ਇਸ ਨੂੰ ਅੱਗੇ ਵਧਾਉਣ ਲਈ ਕੌਂਸਲ ਜਨਰਲ ਕੋਈ ਸਹਾਇਤਾ ਪ੍ਰਦਾਨ ਕਰ ਸਕਦੇ ਹਨ।







*ਗੁਰਦੁਆਰਾ ਬਰੁੱਕਫੀਲਡ ਵਿਖੇ ਸੰਗਤ ਨੂੰ ਫਿਲਮ ਬਾਰੇ ਦੱਸਦੇ ਹੋਏ ਮ੍ਰਿਦੂ ਚੰਦਰਾ ਅਤੇ (ਸੱਜੇ) ਕੌਂਸਲ ਜਨਰਲ ਸੋਮਨਾਥ ਘੋਸ਼ ਨਾਲ*

ਆਪਣੀ ਫੇਰੀ ਦੌਰਾਨ ਮ੍ਰਿਦੂ ਚੰਦਰਾ ਨੇ ਬਰੁਕਫੀਲਡ ਅਤੇ ਓਕ ਕਰੀਕ ਗੁਰਦੁਆਰਿਆਂ ਵਿੱਚ ਸੰਗਤ ਨੂੰ ਸ੍ਰੀ ਸੋਂਧ ਸਬੰਧੀ ਆਪਣੀ ਖੋਜ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਬਾਰੇ ਗੱਲ ਕੀਤੀ ਕਿ ਅਮਰੀਕੀ ਇਤਿਹਾਸ ਦੀਆਂ ਕਿਤਾਬਾਂ ਵਿੱਚ ਦਲੀਪ ਸਿੰਘ ਸੋਂਧ ਦੀ ਕਹਾਣੀ ਨੂੰ ਸ਼ਾਮਲ ਕਰਨਾ ਕਿੰਨਾ ਮਹੱਤਵਪੂਰਨ ਹੈ। ਚੇਤੇ ਰਹੇ, ਮ੍ਰਿਦੂ ਚੰਦਰਾ ਭਾਰਤ ਵਿੱਚ ਪੈਦਾ ਹੋਈ ਅਤੇ ਵਰਜੀਨੀਆ ਵਿੱਚ ਪਲੀ ਹੈ। ਉਨ੍ਹਾਂ ਸੰਗਤ ਨੂੰ ਦੱਸਿਆ ਕਿ ਉਹ ਇਹ ਫਿਲਮ ਇਸ ਲਈ ਬਣਾ ਰਹੀ ਹੈ, ਕਿਉਂਕਿ ਇਸ ਇਤਿਹਾਸ ਦੀ ਮੇਰੀ ਖੋਜ ਦਾ ਇਸ ਦੇਸ਼ ਨਾਲ ਮੇਰੀ ਆਪਣੀ ਭਾਵਨਾ 'ਤੇ ਡੂੰਘਾ ਪ੍ਰਭਾਵ ਪਿਆ ਅਤੇ ਮੇਰਾ ਮੰਨਣਾ ਹੈ ਕਿ ਇਸਦਾ ਹਰ ਉਮਰ ਅਤੇ ਪਿਛੋਕੜ ਦੇ ਦਰਸ਼ਕਾਂ 'ਤੇ ਇਹੀ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ ਸਾਡੇ ਲਈ ਅਮਰੀਕਾ ਦੀ ਕਹਾਣੀ ਵਿੱਚ ਆਪਣੇ ਆਪ ਨੂੰ ਦੇਖਣਾ ਮਹੱਤਵਪੂਰਨ ਹੈ ਅਤੇ ਵਿਆਪਕ ਦਰਸ਼ਕਾਂ ਲਈ ਸਾਨੂੰ ਇਤਿਹਾਸ ਦੇ ਪਰਿਪੇਖ ਵਿੱਚ ਸ਼ਕਤੀਸ਼ਾਲੀ ਤਰੀਕਿਆਂ ਨਾਲ ਯੋਗਦਾਨ ਪਾਉਣ ਦੀ ਅਹਿਮ ਲੋੜ ਹੈ, ਜਿਵੇਂ ਦਲੀਪ ਸਿੰਘ ਸੋਂਧ ਨੇ ਕੀਤਾ ਸੀ।

ਮ੍ਰਿਦੂ ਨੇ ਸੰਗਤ ਨਾਲ ਅੰਗਰੇਜ਼ੀ ਵਿੱਚ ਗੱਲ ਕੀਤੀ, ਪਰ ਪੰਜਾਬੀ ਵਿੱਚ ਸਪਸ਼ਟ ਤੌਰ 'ਤੇ ਸਮਝਾਉਣ ਲਈ ਪਾਲ ਸਿੰਘ ਲੈਲ ਨੇ ਇਸ ਪ੍ਰੋਜੈਕਟ ਅਤੇ ਦਲੀਪ ਸਿੰਘ ਸੋਂਧ ਦੇ ਪਿਛੋਕੜ ਬਾਰੇ ਦੱਸਿਆ ਕਿ ਕਿਵੇਂ ਉਹ ਇੱਕ ਕਿਸਾਨ ਬਣ ਗਿਆ, ਕਿਉਂਕਿ ਉਹ ਅਮਰੀਕੀ ਨਾਗਰਿਕਤਾ ਕਾਰਨ ਪੜ੍ਹਾ ਨਹੀਂ ਸਕਦਾ ਸੀ। ਫਿਲਮ ਲਈ ਗੁਰਦੁਆਰਾ ਬਰੁਕਫੀਲਡ ਵਿਖੇ 2102 ਡਾਲਰ ਅਤੇ ਗੁਰਦੁਆਰਾ ਓਕ ਕਰੀਕ ਵਿਖੇ 2529 ਡਾਲਰ ਇਕੱਠੇ ਹੋਏ। ਉਂਜ ਪਿਛਲੇ ਸਾਲ ਓਕ ਕਰੀਕ ਵਿਖੇ ਇਸ ਦਸਤਾਵੇਜ਼ੀ ਦੇ ਨਿਰਮਾਣ ਲਈ ਕਰੀਬ 10 ਹਜ਼ਾਰ ਡਾਲਰ ਇਕੱਠੇ ਹੋਏ ਸਨ।

ਮ੍ਰਿਦੂ ਅਨੁਸਾਰ ਉਹ ਇਸ ਫਿਲਮ ਨੂੰ ਸਾਲ 2026 ਤੱਕ ਮੁਕੰਮਲ ਕਰਨਾ ਚਾਹੁੰਦੇ ਹਨ, ਜਦੋਂ ਅਮਰੀਕਾ ਆਜ਼ਾਦੀ ਦੇ ਐਲਾਨ ਦੀ 250ਵੀਂ ਵਰ੍ਹੇਗੰਢ ਦੇ ਨਾਲ ਆਪਣਾ 250ਵਾਂ ਜਨਮਦਿਨ ਮਨਾਏਗਾ। ਮ੍ਰਿਦੂ ਚੰਦਰਾ ਨੇ ਗੁਰਦੁਆਰਾ ਬਰੁੱਕਫੀਲਡ ਤੇ ਓਕ ਕਰੀਕ ਅਤੇ 'ਪੰਜਾਬੀ ਪਰਵਾਜ਼' ਤੇ ਫੰਡ ਇਕੱਤਰ ਕਰਨ ਵਿੱਚ ਸਹਿਯੋਗ ਦੇ ਰਹੇ ਵਾਲੰਟੀਅਰਾਂ- ਡਾ. ਇੰਦਰਬੀਰ ਸਿੰਘ ਗਿੱਲ, ਪਾਲ ਸਿੰਘ ਲੈਲ ਅਤੇ ਸਰਵਣ ਸਿੰਘ ਬੋਲੀਨਾ ਦਾ ਧੰਨਵਾਦ ਕੀਤਾ ਹੈ। ਜ਼ਿਕਰਯੋਗ ਹੈ ਕਿ ਮ੍ਰਿਦੂ ਚੰਦਰਾ ਨੇ 'ਪੰਜਾਬੀ ਪਰਵਾਜ਼' ਨਾਈਟ ਮੌਕੇ ਵੀ ਸ੍ਰੀ ਸੋਂਧ ਬਾਰੇ ਬਣਾਈ ਜਾ ਰਹੀ ਦਸਤਾਵੇਜ਼ੀ ਬਾਰੇ ਆਏ ਮਹਿਮਾਨਾਂ ਨੂੰ ਜਾਣਕਾਰੀ ਮੁਹੱਈਆ ਕਰਵਾਈ ਸੀ। ਇਸ ਦੇ ਨਿਰਮਾਣ ਲਈ ਕੁਝ ਮਹਿਮਾਨਾਂ ਨੇ ਮੌਕੇ 'ਤੇ ਵਿੱਤੀ ਸਹਿਯੋਗ ਵੀ ਦਿੱਤਾ ਸੀ ਅਤੇ ਕੁਝ ਨੇ ਭਵਿੱਖ ਵਿੱਚ ਸਹਿਯੋਗ ਕਰਨ ਦੀ ਗੱਲ ਕਹੀ ਸੀ। ਮ੍ਰਿਦੂ ਚੰਦਰਾ ਨੂੰ ਉਦੋਂ ਕਰੀਬ 4500 ਡਾਲਰ ਇਕੱਠੇ ਹੋਏ ਸਨ।

ਮ੍ਰਿਦੂ ਚੰਦਰਾ ਅਤੇ ਉਨ੍ਹਾਂ ਦੀਆਂ ਹੋਰ ਬਾਰਾਂ ਦਸਤਾਵੇਜ਼ੀ ਫਿਲਮਾਂ ਬਾਰੇ ਜਾਣਕਾਰੀ ਵੈੱਬਸਾਈਟ saundvscochran.com ਰਾਹੀਂ ਲਈ ਜਾ ਸਕਦੀ ਹੈ। ਮ੍ਰਿਦੂ ਚੰਦਰਾ ਨਾਲ ਸੰਪਰਕ ਫੋਨ: 1-917-312-2204 ਜਾਂ ਸਰਵਨ ਸਿੰਘ ਬੋਲੀਨਾ ਨਾਲ ਫੋਨ: 224-628-5522 ਰਾਹੀਂ ਕੀਤਾ ਜਾ ਸਕਦਾ ਹੈ।

# ਦੁਪਹਿਰ ਖਿੜੀ ਵਾਂਗ ਖਿੜੀਆਂ ਮਿਲਵਾਕੀ ਦੀਆਂ ਤੀਆਂ

**ਮਿਲਵਾਕੀ, ਵਿਸਕਾਨਸਿਨ:** ਮਿਲਵਾਕੀ ਦੀਆਂ ਬੀਬੀਆਂ ਦੀ ਟੀਮ ਵੱਲੋਂ ਲੰਘੇ ਦਿਨੀਂ ਇੱਥੋਂ ਦੇ ਕਰਾਊਨ ਪਲਾਜ਼ਾ ਵਿਖੇ ਤੀਆਂ ਦਾ ਮੇਲਾ ਕਰਵਾਇਆ ਗਿਆ, ਜੋ ਬਹੁਤ ਹੀ ਮਨੋਰੰਜਨ ਭਰਪੂਰ ਤੇ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਪੰਜਾਬਣਾਂ ਨੇ ਨੱਚ ਨੱਚ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਵੱਖ-ਵੱਖ ਗਿੱਧਾ ਟੀਮਾਂ ਦੀ ਪੇਸ਼ਕਾਰੀ ਤੋਂ ਇਲਾਵਾ ਭੰਗੜਾ ਰਾਈਮਜ਼ ਦੇ ਬੱਚਿਆਂ ਨੇ ਵੀ ਗਿੱਧੇ-ਭੰਗੜੇ ਦੀਆਂ ਖੂਬ ਰੌਣਕਾਂ ਲਾਈਆਂ। ਗੌਣ ਤੇ ਨੱਚਣ ਦੀਆਂ ਪੇਸ਼ਕਾਰੀਆਂ ਨਾਲ ਖੁਸ਼ੀਆਂ ਦਾ ਮਾਹੌਲ ਬਣਿਆ ਹੋਇਆ ਸੀ। ਇਸ ਮੌਕੇ ਢਿੱਲੋਂ ਪਰਿਵਾਰ ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਦੇਖਣਯੋਗ ਸੀ। ਇਸ ਤੋਂ ਇਲਾਵਾ ਤੀਆਂ ਦੇ ਮੇਲੇ ਦੀ ਪ੍ਰਬੰਧਕ ਬੀਬੀਆਂ ਨੇ ਮੇਲੇ ਦੀ ਤਿਆਰੀ ਤੇ ਪ੍ਰਬੰਧਾਂ ਵਿੱਚ ਹੱਥ ਵਟਾਉਣ ਦੇ ਨਾਲ ਨਾਲ ਗਿੱਧਾ ਵੀ ਪੇਸ਼ ਕੀਤਾ। ਸਾਰੇ ਪ੍ਰਬੰਧ ਬੜੇ ਵਧੀਆ ਤਰੀਕੇ ਨਾਲ ਉਲੀਕੇ ਗਏ ਸਨ। ਮੇਲੇ ਵਿੱਚ ਸਜ-ਸੰਵਰ ਕੇ ਤੇ ਰੰਗ-ਬਰੰਗੇ ਪੰਜਾਬੀ ਪਹਿਰਾਵਿਆਂ ਵਿੱਚ ਤਿਆਰ ਹੋ ਕੇ ਆਈਆਂ ਪੰਜਾਬਣਾਂ ਦਾ ਪੂਰਾ ਟੌਹਰ ਸੀ।

ਜਦੋਂ ਕੋਈ ਬੀਬੀ ਗਿੱਧੇ ਦੇ ਪਿੜ ਵਿੱਚ ਆ ਕੇ ਬੋਲੀਆਂ ਪਾਉਣ ਲੱਗਦੀ ਤਾਂ ਹਾਲ ਅੰਦਰ ਬੈਠੀਆਂ ਹੋਰ ਬੀਬੀਆਂ ਤਾੜੀਆਂ ਦੀ ਤਾਲ ਦੇ ਨਾਲ ਸਾਥ ਦਿੰਦੀਆਂ। ਗਰੁੱਪ ਗਿੱਧੇ ਦੀ ਪੇਸ਼ਕਾਰੀਆਂ ਦੌਰਾਨ ਪਾਈਆਂ ਗਈਆਂ ਬੋਲੀਆਂ ਦਾ ਵੀ ਆਪਣਾ ਹੀ ਅਨੰਦ ਸੀ। ਇੱਕ ਬੋਲੀ ਸੀ, "ਬਾਲਟੀ ਨੂੰ ਟੱਲੀਆਂ ਲੁਆ ਦੇ ਵੇ, ਧਾਰ ਚੋਣ ਚੱਲੀ ਆਂ" ਤਾਂ ਦੂਜੀ ਬੋਲੀ ਵਿੱਚ ਨਾ ਨੱਚਣ ਵਾਲੀ ਨੂੰ ਮਿਹਣਾ ਮਾਰਿਆ ਗਿਆ ਸੀ, "ਖੜ ਖੜ ਖੜਕਣ ਗੋਡੇ, ਇਹਨੇ ਕੀ ਨੱਚਣਾ।" ਗਿੱਧੇ ਦੀ ਪੇਸ਼ਕਾਰੀ ਦੌਰਾਨ ਬੀਬੀਆਂ ਨੇ ਚਰਖਾ ਕੱਤਿਆ, ਪੱਖੀ ਦੀ ਝੱਲ ਮਾਰੀ, ਕਿੱਕਲੀ ਪਾਈ ਤੇ ਹੋਰ ਪਤਾ ਨਹੀਂ ਕੀ ਕੀ ਸਾਂਗ ਰਚੇ ਤੇ ਨਖਰੇ ਪ੍ਰਗਟਾਏ। ਤੀਆਂ ਨਾਲ ਸਬੰਧਤ ਬੋਲੀਆਂ ਪਾਈਆਂ ਗਈਆਂ- "ਮੇਰੇ ਬਾਬਲ ਦੇ ਵਿਹੜੇ ਤੀਆਂ ਜੋਰ ਲੱਗੀਆਂ; ਹੇਠ ਬਰੋਟੇ ਦੇ ਪੈਂਦੀ ਦੇਖ ਧਮਾਲ; ਜਦ ਮੈਂ ਤੁਰ ਗਈ ਪੇਕੇ, ਜੈ ਵੱਢੀ ਦਾ ਕੁਲੱਛਣਾ ਰੂੜੀਆਂ 'ਤੇ ਚੜ੍ਹ ਚੜ੍ਹ ਦੇਖੇ...।" ਇੱਕ ਬੇਬੇ ਨੇ ਬੋਲੀ ਪਾਈ, "ਨਹੀਂ ਤਾਂ ਸਾਨੂੰ ਰੱਬਾ ਕਰ ਸੋਹਣੇ, ਨਹੀਂ ਤਾਂ ਸੋਹਣਿਆਂ ਨੂੰ ਜੰਮਣਾ ਬੰਦ ਕਰ ਦੇ।" ਬੱਚੀਆਂ ਨੇ ਪੰਜਾਬੀ ਗੀਤਾਂ ਉਤੇ ਕੋਰਿਓਗ੍ਰਾਫੀ ਕੀਤੀ। ਕੁੜੀਆਂ ਦੀ ਇੱਕ ਟੀਮ ਦੀ ਪੇਸ਼ਕਾਰੀ ਵੀ ਖੂਬ ਸੀ। ਸਾਰੇ ਸਮਾਗਮ ਦੌਰਾਨ ਮੰਚ ਸੰਚਾਲਨ ਗੁਰਲੀਨ ਕੌਰ ਨੇ ਕੀਤਾ।









ਇਸ ਦੌਰਾਨ ਪੰਜਾਬ ਦੀ ਪ੍ਰਸਿੱਧ ਗਾਇਕਾ ਹਰਮਨਪ੍ਰੀਤ ਕੌਰ ਨੇ ਆਪਣੀ ਗਾਇਕੀ ਨਾਲ ਸਮਾਂ ਬੰਨ੍ਹ ਦਿੱਤਾ ਤੇ ਮੇਲਣਾਂ ਨੇ ਉਸ ਵੱਲੋਂ ਗਾਏ ਗੀਤਾਂ ਅਤੇ ਬੋਲੀਆਂ ਉਤੇ ਨੱਚ ਨੱਚ ਕੇ ਖੂਬ ਧਮੱਚੜ ਪਾਇਆ। "ਲੈ ਜਾ ਮੇਰਾ ਪੈਰ ਮਿਣ ਕੇ, ਜੁੱਤੀ ਲਿਆ ਦੇ ਝਾਂਜਰਾਂ ਵਾਲੀ" ਗੀਤ ਉਤੇ ਤਾਂ ਬੀਬੀਆਂ ਨੇ ਖੂਬ ਅੱਡੀਆਂ ਥਿਰਕਾਈਆਂ। ਗਾਇਕ ਬੀਬੀ ਨੇ "ਆਜੋ ਕੁੜੀਓ ਨੀਂ ਥੋਨੂੰ ਗਿੱਧਾ 'ਵਾਜਾਂ ਮਾਰਦਾ" ਗਾਉਂਦਿਆਂ ਸਾਰੀਆਂ ਨੂੰ ਨੱਚਣ ਲਾ ਲਿਆ। ਡਾਂਸ ਫਲੋਰ 'ਤੇ ਗਿੱਧਾ ਪਾਉਂਦੀਆਂ ਬੀਬੀਆਂ ਦਾ ਪੂਰਾ ਝੁਰਮਟ ਸੀ ਤੇ ਜਿਵੇਂ ਉਨ੍ਹਾਂ ਨੂੰ ਕੁਰਸੀਆਂ 'ਤੇ ਬਹਿਣ ਦਾ ਖਿਆਲ ਹੀ ਭੁੱਲ ਗਿਆ ਹੋਵੇ।

ਪ੍ਰਬੰਧਕ ਬੀਬੀਆਂ ਇਸ ਗੱਲੋਂ ਵੀ ਖੁਸ਼ ਸਨ ਕਿ ਇੱਕ ਅੰਦਾਜ਼ੇ ਮੁਤਾਬਕ ਛੇ ਸੌ ਦੇ ਕਰੀਬ ਪੰਜਾਬੀ ਮੁਟਿਆਰਾਂ, ਬੀਬੀਆਂ ਅਤੇ ਬਜ਼ੁਰਗ ਤੇ ਬੱਚੀਆਂ ਤੀਆਂ ਮਨਾਉਣ ਜੁੜੀਆਂ, ਜਿਸ ਨਾਲ ਪੰਜਾਬ ਵਿੱਚ ਜੁੜਦੇ ਤੀਆਂ ਦੇ ਮੇਲੇ ਵਰਗਾ ਨਜ਼ਾਰਾ ਬੱਝਿਆ ਹੋਇਆ ਸੀ। ਇਸ ਮੌਕੇ ਖਰੀਦੋ-ਫਰੋਖਤ ਦੇ ਸਟਾਲ ਵੀ ਲੱਗੇ ਹੋਏ ਸਨ, ਜਿਨ੍ਹਾਂ ਤੋਂ ਬੀਬੀਆਂ ਨੇ ਸੂਟ, ਜੁੱਤੀਆਂ, ਗਹਿਣੇ ਤੇ ਹੋਰ ਸਾਜ-ਸਜਾਵਟ ਵਾਲਾ ਸਮਾਨ ਖਰੀਦਿਆ। ਹਰਪ੍ਰੀਤ ਕੌਰ ਚਾਹਲ, ਹਰਜਿੰਦਰ ਸੂਸ, ਪਿੰਕੂ ਸੰਧਾਵਾਲੀਆ, ਗੁਰਦੀਪ ਚਾਹਲ, ਜੱਸ ਕੌਰ, ਹਰਪ੍ਰੀਤ ਤੂਰ, ਮਨੀ ਤੂਰ, ਬਲਜੀਤ ਗਿੱਲ, ਰੀਨਾ ਔਲਖ, ਹਰਜੀਤ ਬੋਪਾਰਾਏ ਤੇ ਰਮਨ ਹਾਂਸੀ ਨੇ ਆਈਆਂ ਮੇਲਣਾਂ ਤੇ ਸਪਾਂਸਰਾਂ ਦਾ ਮੇਲੇ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ ਹੈ। ਦਰਸ਼ਨ ਸਿੰਘ ਧਾਲੀਵਾਲ ਤੇ ਡੈਬਰਾ ਧਾਲੀਵਾਲ ਅਤੇ ਚਰਨਜੀਤ ਕੌਰ ਇਸ ਤੀਆਂ ਦੇ ਮੇਲੇ ਦੇ ਗੋਲਡ ਸਪਾਂਸਰ ਸਨ। ਗੁਰਦੁਆਰਾ ਬਰੁੱਕਫੀਲਡ ਨਾਲ ਜੁੜੇ ਭਾਈਚਾਰੇ ਨੇ ਮੇਲੇ ਲਈ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਤੋਂ ਇਲਾਵਾ ਇੰਡੀਆ ਕੈਫੇ ਵੱਲੋਂ ਹਾਲ ਮੁਹੱਈਆ ਕਰਨ ਅਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਸੀ। ਉਨ੍ਹਾਂ ਵੱਲੋਂ ਬਹੁਤ ਹੀ ਸਵਾਦ ਜਲੇਬੀਆਂ ਅਤੇ ਬਾਲੂਸ਼ਾਹੀਆਂ ਵਰਤਾਈਆਂ ਗਈਆਂ ਕਿ ਮੇਲਣਾਂ ਉਂਗਲਾਂ ਚੱਟਦੀਆਂ ਰਹਿ ਗਈਆਂ। ਹਾਲ ਅੰਦਰ ਸਟੇਜ ਨੂੰ ਪੂਰੀ ਤਰ੍ਹਾਂ ਫੁਲਕਾਰੀਆਂ, ਚੁੰਨੀਆਂ, ਰੰਗ-ਬਰੰਗੀਆਂ ਛਤਰੀਆਂ, ਚਰਖੇ, ਪੱਖੀਆਂ, ਚਿਮਟਾ, ਛੱਜ ਵਗੈਰਾ ਨਾਲ ਸਜਾਇਆ ਗਿਆ ਸੀ, ਜਿਸ ਲਈ 'ਡਰੀਮ ਡੇਕੋਰ' ਵਾਲਿਆਂ ਦਾ ਧੰਨਵਾਦ ਕੀਤਾ ਗਿਆ।













# Sher-E-Punjab

## Sports & Cultural Society Cincinnati (OHIO)

WE SUPPORT OUR FARMERS — NO FARMERS NO FOOD

# Sher-E-Punjab Khed Mela XIII

## September 13th, 2025

(Saturday, 8am-6pm) *Open Invitation To All*

**Royal Blue Event Center:** 6459 Manchester Rd, Middletown, OH 45005



Royal Blue Event Center
6459 Manchester Rd, Middletown, OH 45005
Royalblueeventcenter.com
Amrik Tiwana 513-410-4101 Gurpreet Gill 513-510-1913
Charanjit Brar 317-903-7400 Surjeet Mavi 513-616-4530

**Sports, Entertainment and a lot more**

**Sports:** Athletics Games for Men, Women & Kids

Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

*No alcohol allowed. Drug Free Games.*

## Live Concert




**Kabaddi 1st Prize Sponsor**



Devinder Singh Kahlon



Sonu Sirhind Cleveland, Ohio

**Lucky Draw**
1st Prize Motorcycle
2nd Prize iPad
*Entry fee $100*



70 YEARS
Gummer Wholesale, Inc.
Brian Riethman, Ph: 937-710-3061
briethman@gummerwholesale.net

**Kabaddi Starts 10am to 4pm**
**Concert Starts @ 4pm**

HACKNEY Since 1891

**Volleyball:** 1st & 2nd Prize Sponsors
ਸਾਡਾ ਪਿੰਡ ਇੰਡੀਆਨਾ

The authentic INDIAN grocery store in Ohio
India Bazar
Open 7 Days
4870 Union center Pavilion Dr, West chester, Ohio
513 889 4672

**Entry, Food & Parking Free**

Khan Signs & Awnings

ASAD WHOLESALE INC.
NAEL ASAD
VP SALES
Office: 513.929.0666
Cell: 859.628.1940
ASADWHOLESALE.COM
2140 Reading Rd. | Cincinnati, OH 45202 | asadwholesale@usa.com



Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi Express Inc.

HARJAS WEDDING STUDIO

GILL PRODUCTIONS
a professional source of PHOTO and VIDEO
Pre wedding shoot - Birthday Party - Wedding - Portraits
instagram.com/gillproductions.official
CONTACT:
RAJU GILL 513-612-0000
RAVI 513-508-0101

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

SATYA WHOLESALE
CONVENIENCE STORE CASH & CARRY







## Prizes

**Kabaddi**
1st Prize $21,000
2nd Prize $19,000
3rd Prize $17,000
4th Prize $15,000

**Volleyball**
1st Prize $3100
2nd Prize $2100

**Shoot Volleyball**
1st Prize $1500
2nd Prize $1100

**Tug of war**
1st Prize $1100
2nd Prize $700

**Kids Game (Cash Prizes)**
1st Prize $100
2nd Prize $50
Participant $20

**Event Contacts:**

**Kabaddi Contact:**
Charanjit Brar 317-903-7400
Surjeet S. Mavi 513-616-4530
Amrik S. Tiwana 513-410-4101
Happy Matot 513-484-7879
Palwinder Dhillon 718-578-5372

**Volleyball Contact:**
Happy Mundi 513-816-2636
Nirpaul Sandhu 513-550-6140
Gurpreet Gill 513-510-1913

**Shoot Volleyball Contact:**
Hardeep Saran 937-545-1960
Kuldeep Deol 937-604-7317

LDI Develoment Group
Montu Bedi 513-748-5126

Jeet Logistics, Inc.
Deepu Bhatara
513-399-2021



Charanjit Singh Brar | Amrik Singh Tiwana

## Chief Guest (Salhan Family) · Grand Sponsor (Ghoman Brothers) · Guest of Honor (Dhindsa Brothers)



Jathedar Tara Singh Salhan | Baldev Singh Salhan | Gurmit Singh Salhan | Sarabjit Singh Salhan | Harry Ghoman & Amarbir Ghoman | Harvinder Walia | Lakhbir Dhindsa | Amarjit Dhindsa

## Platinum Sponsors



Surjeet Singh Mavi | Harinder Kang | Jaswant Singh Jassi | Gurminder Sandhu | Palwinder Dhillon | Amarjit Aggarwal | Gurpreet Gill | Pritampaul Singh | Happy Matot | Narinder Pal Tatla



Jaspreet Singh *Attorney At Law* | Happy Mundi | Vineet Gupta | Sukhdev Singh Garcha | Pamma Dhilwan | Neetu Garcha | Gurnek Singh *Indian Fusion Restaurant* | Lakhvir Johal | Raj Sandhu | Kavita and Arun Goyal

## Diamond Sponsors




Late Bahadur Singh Mundi | Surinder Cheema | Simranjit Malhi | Gurmail Singh Fagura | Manpreet *(Happy Tibbi)* | Dharminder Singh | Sukhminder Pandher Billu | Palwinder Gill | Inderjit Begowal | Parampal Singh Nangal | Balbir Grewal | Sunny Klair | Hardeep Tiwana | Didar Dhanoa | Gurwinder Babbu | Rimpy Khatra | Dharminder Khatra

## Gold Sponsors

ਸਾਡਾ ਪਿੰਡ ਇੰਡੀਆਨਾ



*Dalbir Gill | Agyapal Singh Batth | Pushpinder Bhatti | Dr. Kalyan Singh | Rajesh Rawal | Prithpal Ghotra | Pal Khalil | Nater Bhangu | Kuldeep Deol | Sukha Mundi | Hardip Nijjar | Jatinder Bhatti | Makhan Badesha | Malkit S. Uppal | Baljinder Cheema | Bhupinder Sodhi | Manpreet Singh*



*Rajan Sehdev (Raj) | Raju Gill | Sam Moreb | Satwant Deol | Jagir Singh | Gurbir Dharni | Mandeep Kang | Paramjit Dhillon | SP Singh | Gursimer Singh | Tarlochan Nagra | Parmar Brothers Village Baddon | Parminder 5911 | Sarbjit Singh | Jivan Waraich | Sehaj Sidhu | Madan Kailey & Harbhajan Samra | Cherry Tiwana*

Ghoman Group

Harry Ghoman
615-416-4714
Amarbir Ghoman
317-600-9820

## Guests



*Happy Heer | Harjinder Khaira | Amardeep Singh Dharni | Jasvir Singh Bala | Sarbjit Sidhu | Kuldip Lang | Gurmit Batth | Mandip Bhura | Nidhan Matot | Darshan Darar | Varinder Sahi | Jaskarn Dhaliwal | Parwinder Aujla | Ranjit Kalhon | Shahbaz Nagra | Rajan Sidhu*




*Vikas Madam | Pappi Badasha | Jagir Sabji Mandi | Amandeep Ubhi Edmonton | Channa Shergill Edminton | Kuldeep Wraich | Happy Raj | Jass Thandi | Deepa Gakha | Kamal Gakhal | Manveer Gakhal | Neetan Malhotra | Lovepreet Dhillon | Hardeep Singh | Deba New Jersey | Jaswinder Sandhu*

**For More Information, Please contact at: Sherepunjabsociety@gmail.com or www.sherepunjabcincy.com**

**Charanjit S. Brar 317-903-7400, Amrik S. Tiwana 513-410-4101 or Surjeet S. Mavi 513-616-4530**

# ਪੰਜਾਬੀ ਅਮੈਰਿਕਨ ਯੂਥ ਕਲੱਬ ਦਾ 21ਵਾਂ ਜੋੜ ਮੇਲਾ ਖੂਬ ਭਰਿਆ











**ਕਰਾਊਨ ਪੁਆਇੰਟ, ਇੰਡੀਆਨਾ:** ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ ਵੱਲੋਂ ਲੰਘੀ 9 ਅਗਸਤ ਨੂੰ ਮੈਰੀਵਿਲ ਦੀ ਸਰਬੀਅਨ ਹਾਲ ਗਰਾਊਂਡ ਵਿੱਚ ਇੱਕੀਵਾਂ ਜੋੜ ਮੇਲਾ ਕਰਵਾਇਆ ਗਿਆ। ਇਸ ਮੌਕੇ ਸਥਾਨਕ ਪਰਿਵਾਰਾਂ ਦੀਆਂ ਖੂਬ ਰੌਣਕਾਂ ਲੱਗੀਆਂ। ਹਰ ਉਮਰ ਦੇ ਲੋਕਾਂ ਦੀ ਭਰਵੀਂ ਹਾਜ਼ਰੀ ਸੀ। ਨੌਜਵਾਨ, ਬੱਚੇ, ਔਰਤਾਂ ਤੇ ਬਜ਼ੁਰਗ ਰੰਗ-ਬਰੰਗੇ ਕੱਪੜਿਆਂ ਵਿੱਚ ਚਾਅਵਾਂ ਨਾਲ ਘੁੰਮਦੇ ਫਿਰਦੇ, ਵਾਰਤਾਲਾਪ ਕਰਦੇ ਦੇਖੇ ਗਏ।

ਇਸ ਮੌਕੇ ਖੇਡ ਮਨੋਰੰਜਨ ਲਈ ਵਾਲੀਬਾਲ, ਬੱਚਿਆਂ ਦੀਆਂ ਦੌੜਾਂ, ਰੱਸਾਕਸ਼ੀ ਆਦਿ ਖੇਡਾਂ ਕਰਵਾਈਆਂ ਗਈਆਂ, ਜੋ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਗੁਰਇਕਬਾਲ ਸਿੰਘ ਪ੍ਰਿੰਸ ਦੀ ਕੁਮੈਂਟਰੀ ਅਤੇ ਸਟੇਜੀ ਕਾਰਵਾਈ ਸਲਾਹੁਣਯੋਗ ਸੀ। ਇਨਾਮਾਂ ਲਈ ਰੈਫਲ ਟਿਕਟਾਂ ਵੀ ਵੱਡੀ ਗਿਣਤੀ ਵਿੱਚ ਖਰੀਦੀਆਂ ਗਈਆਂ। ਹਰ ਹੋਈ ਆਪਣਾ ਇਨਾਮ-ਨੰਬਰ ਦੇਖਣ ਲਈ ਪੱਬਾਂ ਭਾਰ ਹੋ ਰਿਹਾ ਸੀ। ਖਾਣ-ਪੀਣ ਦਾ ਵੀ ਖੁੱਲ੍ਹਾ ਤੇ ਮੁਫਤ ਇੰਤਜ਼ਾਮ ਸੀ। ਇਸ ਜੋੜ ਮੇਲੇ ਯਾਨੀ ਪਿਕਨਿਕ ਵਿੱਚ ਸ਼ਾਮਲ ਹੋਣ ਲਈ ਟਿਕਟਾਂ ਦੀ ਵੀ ਕੋਈ ਸ਼ਰਤ ਨਹੀਂ ਸੀ।



ਇਸ ਮੌਕੇ ਨਾਮੀ ਗਾਇਕਾ ਮਿਸਿਜ (ਮਿਸ) ਪੂਜਾ ਨੇ ਆਪਣੀ ਗਾਇਕੀ ਰਾਹੀਂ ਕਰੀਬ ਦੋ ਘੰਟੇ ਅਖਾੜਾ ਜਮਾਈ ਰੱਖਿਆ। ਉਸ ਦੀ ਅਦਾਕਾਰੀ ਨੇ ਨੌਜਵਾਨ ਬੱਚਿਆਂ ਨੂੰ ਵੀ ਨੱਚਣ ਲਾ ਦਿੱਤਾ; ਪਰ ਕਿਤੇ ਕਿਤੇ ਉਹ ਟਾਈਮ ਪੂਰਾ ਕਰਦੀ ਵੀ ਨਜ਼ਰ ਆਈ, ਜਿਸ ਤਰ੍ਹਾਂ ਕੇ ਆਮ ਕਲਾਕਾਰ ਕਰਦੇ ਹੀ ਹੁੰਦੇ ਨੇ। ਪੂਜਾ ਦੀ ਗਾਇਕੀ ਦੌਰਾਨ 'ਚਿੱਟੇ ਸੂਟ 'ਤੇ ਦਾਗ ਪੈ ਗਏ', 'ਚਾਹ ਦਾ ਕੱਪ ਪਿਲਾਦੇ ਨੀ ਕਦੇ ਘਰ ਬੁਲਾ ਕੇ', 'ਹਿੰਮਤ ਦਿਖਾਉਣ ਵਾਲੇ ਲੋਕ ਨੇ ਪੰਜਾਬ ਦੇ', 'ਕਦੇ ਕਦੇ ਹੀ ਜੰਮਦਾ ਹੀਰਾ ਭਗਤ ਸਿੰਘ ਵਰਗਾ' ਆਦਿ ਗੀਤਾਂ ਨੇ ਵਾਹਵਾ ਤਾੜੀਆਂ ਵਸੂਲੀਆਂ।

ਕਲੱਬ ਨੇ ਮਹਿਮਾਨਾਂ ਲਈ ਵਧੀਆ ਪ੍ਰਬੰਧ ਕੀਤਾ ਹੋਇਆ ਸੀ, ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ। ਜ਼ਿਕਰਯੋਗ ਹੈ ਕਿ ਇਹ ਕਲੱਬ ਸਾਲ 2004 ਵਿੱਚ ਬਣਾਇਆ ਗਿਆ ਸੀ, ਜੋ ਹੁਣ ਭਰ ਜਵਾਨ ਹੋ ਗਿਆ ਹੈ। ਇਸ ਦੇ ਪਹਿਲੇ ਪ੍ਰਧਾਨ ਯਾਦਵਿੰਦਰ ਸਿੰਘ (ਰਿੰਪੀ) ਖੱਟੜਾ ਸਨ। ਉਦੋਂ ਤੋਂ ਹੁਣ ਤੱਕ ਹਰ ਸਾਲ ਇਹ ਜ਼ਿਕਰਯੋਗ ਇਕੱਠ ਕਰਦੇ ਆ ਰਹੇ ਹਨ। ਇਸ ਵੇਲੇ ਕਲੱਬ ਦੇ ਪ੍ਰਧਾਨ ਜਗਜੀਤ ਸਿੰਘ (ਜੱਗਾ) ਬਾਜਵਾ ਹਨ।

***ਰਿਪੋਰਟ ਤੇ ਤਸਵੀਰਾਂ: ਰਵਿੰਦਰ ਸਿੰਘ ਸਹਿਰਾਅ***







# ਪਰਮਾਣੂ ਹਮਲੇ ਦੀ ਪੀੜ: ਅੱਸੀ ਸਾਲ ਬਾਅਦ ਵੀ ਆਪਣਿਆਂ ਦੀ ਭਾਲ

ਅਮਰੀਕਾ ਨੇ ਅੱਜ ਤੋਂ ਅੱਸੀ ਸਾਲ ਪਹਿਲਾਂ, 1945 ਵਿੱਚ ਜਾਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ 'ਤੇ ਪਰਮਾਣੂ ਬੰਬ ਸੁੱਟੇ ਸਨ। ਇਹ ਹਮਲੇ ਮਨੁੱਖੀ ਇਤਿਹਾਸ ਦੀਆਂ ਸਭ ਤੋਂ ਵਿਨਾਸ਼ਕਾਰੀ ਘਟਨਾਵਾਂ ਵਿੱਚੋਂ ਇੱਕ ਸਨ। ਅੱਸੀ ਸਾਲ ਬੀਤਣ ਦੇ ਬਾਵਜੂਦ ਇਨ੍ਹਾਂ ਸ਼ਹਿਰਾਂ ਦੇ ਨਿਵਾਸੀ ਅਜੇ ਵੀ ਆਪਣੇ ਪਿਆਰਿਆਂ ਦੇ ਅਵਸ਼ੇਸ਼ਾਂ ਦੀ ਭਾਲ ਵਿੱਚ ਹਨ। ਹੀਰੋਸ਼ੀਮਾ ਦੇ ਨੇੜੇ ਸਥਿਤ ਨਿਨੋਸ਼ੀਮਾ ਟਾਪੂ 'ਤੇ ਲੋਕ ਆਪਣੇ ਅਜ਼ੀਜ਼ਾਂ ਦੀਆਂ ਹੱਡੀਆਂ ਦੀ ਭਾਲ ਕਰ ਰਹੇ ਹਨ, ਜਦਕਿ ਨਾਗਾਸਾਕੀ ਵਿੱਚ ਵੀ ਇਹ ਯਤਨ ਜਾਰੀ ਹਨ। ਇਹ ਲੇਖ ਇਸ ਭਾਵੁਕ ਅਤੇ ਅਨੋਖੇ ਘਟਨਾਕ੍ਰਮ ਦੀ ਪੜਚੋਲ ਕਰਦਾ ਹੈ, ਜਿਸ ਵਿੱਚ ਪੀੜਤ ਪਰਿਵਾਰਾਂ ਦੀਆਂ ਕੋਸ਼ਿਸ਼ਾਂ ਅਤੇ ਉਨ੍ਹਾਂ ਦੇ ਦਰਦ ਦੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ।

**ਪਰਮਾਣੂ ਹਮਲੇ ਦਾ ਇਤਿਹਾਸ**

6 ਅਗਸਤ 1945 ਨੂੰ ਅਮਰੀਕਾ ਨੇ ਹੀਰੋਸ਼ੀਮਾ 'ਤੇ ਦੁਨੀਆ ਦਾ ਪਹਿਲਾ ਪਰਮਾਣੂ ਬੰਬ 'ਲਿਟਲ ਬੋਏ' ਸੁੱਟਿਆ ਸੀ, ਜਿਸ ਨੇ ਤਕਰੀਬਨ 140,000 ਲੋਕਾਂ ਦੀ ਜਾਨ ਲੈ ਲਈ। ਇਸ ਦੇ ਤਿੰਨ ਦਿਨ ਬਾਅਦ 9 ਅਗਸਤ 1945 ਨੂੰ ਨਾਗਾਸਾਕੀ 'ਤੇ 'ਫੈਟ ਮੈਨ' ਨਾਂ ਦਾ ਦੂਜਾ ਪਰਮਾਣੂ ਬੰਬ ਸੁੱਟਿਆ ਗਿਆ, ਜੋ ਲਗਭਗ 74,000 ਲੋਕਾਂ ਦੀ ਮੌਤ ਦਾ ਕਾਰਨ ਬਣਿਆ। ਇਹ ਅੰਕੜੇ ਸਿਰਫ਼ ਤੁਰੰਤ ਮੌਤਾਂ ਦੇ ਨਹੀਂ ਸਨ, ਸਗੋਂ ਰੇਡੀਏਸ਼ਨ ਦੇ ਪ੍ਰਭਾਵ ਕਾਰਨ ਅਗਲੇ ਕਈ ਸਾਲਾਂ ਤੱਕ ਹਜ਼ਾਰਾਂ ਲੋਕ ਮਰਦੇ ਰਹੇ। ਇਨ੍ਹਾਂ ਹਮਲਿਆਂ ਨੇ ਜਾਪਾਨ ਦੇ ਸਮਾਜਿਕ, ਸੱਭਿਆਚਾਰਕ ਅਤੇ ਮਨੋਵਿਗਿਆਨਕ ਢਾਂਚੇ ਨੂੰ ਡੂੰਘਾ ਝਟਕਾ ਦਿੱਤਾ। ਅੱਸੀ ਸਾਲ ਬੀਤਣ ਦੇ ਬਾਵਜੂਦ ਇਨ੍ਹਾਂ ਘਟਨਾਵਾਂ ਦੀਆਂ ਯਾਦਾਂ ਅਤੇ ਪੀੜਤ ਪਰਿਵਾਰਾਂ ਦੀ ਉਮੀਦ ਅਜੇ ਵੀ ਜਿਉਂਦੀ ਹੈ।

**ਨਿਨੋਸ਼ੀਮਾ: ਅਸਥਾਈ ਰਾਹਤ ਕੇਂਦਰ**

ਹੀਰੋਸ਼ੀਮਾ ਤੋਂ ਲਗਭਗ 10 ਕਿਲੋਮੀਟਰ ਦੂਰ ਸਥਿਤ ਨਿਨੋਸ਼ੀਮਾ ਟਾਪੂ 1945 ਵਿੱਚ ਪਰਮਾਣੂ ਹਮਲੇ ਦੇ ਪੀੜਤਾਂ ਲਈ ਇੱਕ ਅਸਥਾਈ ਰਾਹਤ ਕੇਂਦਰ ਵਜੋਂ ਵਰਤਿਆ ਗਿਆ। ਇਸ ਹਮਲੇ ਵਿੱਚ ਜ਼ਖ਼ਮੀ ਹੋਏ ਅਤੇ ਜਾਨ ਗੁਆਉਣ ਵਾਲੇ ਲੋਕਾਂ ਦੇ ਸਰੀਰ ਇੱਥੇ ਲਿਆਂਦੇ ਗਏ। ਜਾਪਾਨ ਦੀ ਨੌਸੈਨਾ ਦੀ ਇੱਕ ਟੁਕੜੀ ਨੇ ਇਸ ਰਾਹਤ ਅਤੇ ਬਚਾਅ ਕਾਰਜ ਦੀ ਜ਼ਿੰਮੇਵਾਰੀ ਸੰਭਾਲੀ। ਨਿਨੋਸ਼ੀਮਾ, ਜੋ ਆਮ ਤੌਰ 'ਤੇ ਇੱਕ ਸ਼ਾਂਤ ਅਤੇ ਛੋਟਾ ਜਿਹਾ ਟਾਪੂ ਸੀ, ਅਚਾਨਕ ਤਬਾਹੀ ਅਤੇ ਦੁਖਾਂਤ ਦਾ ਕੇਂਦਰ ਬਣ ਗਿਆ। ਅੰਦਾਜ਼ਨ 10,000 ਤੋਂ ਵੱਧ ਜ਼ਖ਼ਮੀਆਂ ਅਤੇ ਮ੍ਰਿਤਕਾਂ ਨੂੰ ਇਸ ਟਾਪੂ 'ਤੇ ਲਿਆਂਦਾ ਗਿਆ ਸੀ, ਜਿੱਥੇ ਮੈਡੀਕਲ ਸਹੂਲਤਾਂ ਦੀ ਕਮੀ ਕਾਰਨ ਬਹੁਤ ਸਾਰੇ ਲੋਕਾਂ ਦੀ ਜਾਨ ਨਹੀਂ ਬਚਾਈ ਜਾ ਸਕੀ।

**ਨਾਗਾਸਾਕੀ: ਇੱਕ ਹੋਰ ਦੁਖਦਾਈ ਕਹਾਣੀ**

ਨਾਗਾਸਾਕੀ ਵਿੱਚ ਵੀ ਪਰਮਾਣੂ ਹਮਲੇ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ। ਨਾਗਾਸਾਕੀ ਦਾ ਉਰਾਕਾਮੀ ਖੇਤਰ, ਜਿੱਥੇ ਬੰਬ ਸੁੱਟਿਆ ਗਿਆ, ਉੱਥੇ ਲਗਭਗ 80% ਇਮਾਰਤਾਂ ਪੂਰੀ ਤਰ੍ਹਾਂ ਨਸ਼ਟ ਹੋ ਗਈਆਂ। ਨਾਗਾਸਾਕੀ ਦੇ ਪੀੜਤਾਂ ਨੂੰ ਵੀ ਅਸਥਾਈ ਰਾਹਤ ਕੇਂਦਰਾਂ ਵਿੱਚ ਲਿਆਂਦਾ ਗਿਆ, ਪਰ ਮੈਡੀਕਲ ਸਹੂਲਤਾਂ ਦੀ ਕਮੀ ਅਤੇ ਰੇਡੀਏਸ਼ਨ ਦੇ ਪ੍ਰਭਾਵ ਨੇ ਜ਼ਖ਼ਮੀਆਂ ਦੀ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ। ਨਾਗਾਸਾਕੀ ਵਿੱਚ ਅੰਦਾਜ਼ਨ 40,000 ਲੋਕ ਤੁਰੰਤ ਮਾਰੇ ਗਏ ਅਤੇ ਹਜ਼ਾਰਾਂ ਹੋਰ ਬਾਅਦ ਵਿੱਚ ਰੇਡੀਏਸ਼ਨ ਸਬੰਧੀ ਬਿਮਾਰੀਆਂ ਕਾਰਨ ਮਰ ਗਏ। ਅੱਜ ਵੀ ਨਾਗਾਸਾਕੀ ਦੇ ਕਈ ਪਰਿਵਾਰ ਆਪਣੇ ਅਜ਼ੀਜ਼ਾਂ ਦੇ ਅਵਸ਼ੇਸ਼ਾਂ ਦੀ ਖੋਜ ਕਰ ਰਹੇ ਹਨ।

*2025 ਵਿੱਚ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਪਰਮਾਣੂ ਹਮਲਿਆਂ ਦੇ 80 ਸਾਲ ਬੀਤਣ 'ਤੇ, ਕਈ ਨਵੀਆਂ ਜਾਣਕਾਰੀਆਂ ਸਾਹਮਣੇ ਆਈਆਂ ਹਨ। ਹੀਰੋਸ਼ੀਮਾ ਯੂਨੀਵਰਸਿਟੀ ਦੇ ਸ਼ੋਧਕਰਤਾ ਰੇਬੁਨ ਕਾਓ ਨੇ ਪਿਛਲੇ ਸੱਤ ਸਾਲਾਂ ਤੋਂ ਨਿਨੋਸ਼ੀਮਾ 'ਤੇ ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਖੋਜ ਲਈ ਖੁਦਾਈ ਕੀਤੀ ਹੈ। ਉਨ੍ਹਾਂ ਨੇ 2018 ਤੋਂ ਹੁਣ ਤੱਕ ਲਗਭਗ 100 ਹੱਡੀਆਂ ਦੇ ਟੁਕੜੇ ਲੱਭੇ ਹਨ, ਜਿਨ੍ਹਾਂ ਵਿੱਚ ਇੱਕ ਬੱਚੇ ਦਾ ਜਬਾੜਾ ਵੀ ਸ਼ਾਮਲ ਹੈ।*



ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਖੋਜ ਲਈ ਖੁਦਾਈ ਕਰਨ ਸਮੇਂ ਭਾਵੁਕ ਹੋਇਆ ਰੇਬੁਨ ਕਾਓ

**ਪੀੜਤਾਂ ਦੀ ਸਥਿਤੀ ਤੇ ਸ਼ਨਾਖਤ ਦੀਆਂ ਚੁਣੌਤੀਆਂ**

ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਪਰਮਾਣੂ ਹਮਲਿਆਂ ਦੀ ਤੀਬਰਤਾ ਇੰਨੀ ਭਿਆਨਕ ਸੀ ਕਿ ਪੀੜਤਾਂ ਦੀ ਸ਼ਨਾਖਤ ਕਰਨਾ ਲਗਭਗ ਅਸੰਭਵ ਹੋ ਗਿਆ। ਬੰਬ ਦੇ ਧਮਾਕੇ ਨੇ ਉੱਚ ਤਾਪਮਾਨ ਅਤੇ ਰੇਡੀਏਸ਼ਨ ਪੈਦਾ ਕੀਤੀ, ਜਿਸ ਨੇ ਪੀੜਤਾਂ ਦੇ ਸਰੀਰਾਂ ਨੂੰ ਪੂਰੀ ਤਰ੍ਹਾਂ ਝੁਲਸਾ ਦਿੱਤਾ। ਕਈਆਂ ਦੇ ਕੱਪੜੇ ਸੜ ਗਏ ਅਤੇ ਸਰੀਰ ਦਾ ਮਾਸ ਲਟਕ ਰਿਹਾ ਸੀ। ਜਾਪਾਨੀ ਨੌਸੈਨਾ ਦੇ ਨਾਵਿਕਾਂ, ਜਿਨ੍ਹਾਂ ਨੂੰ ਆਤਮਘਾਤੀ ਮਿਸ਼ਨਾਂ ਲਈ ਸਿਖਲਾਈ ਦਿੱਤੀ ਗਈ ਸੀ, ਨੇ ਪੀੜਤਾਂ ਦੇ ਸਰੀਰਾਂ ਨੂੰ ਨਿਨੋਸ਼ੀਮਾ ਅਤੇ ਨਾਗਾਸਾਕੀ ਦੇ ਹੋਰ ਰਾਹਤ ਕੇਂਦਰਾਂ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ।

**ਮੈਡੀਕਲ ਸਹੂਲਤਾਂ ਦੀ ਕਮੀ ਅਤੇ ਪਿੰਜਰਾਂ ਨੂੰ ਦਫ਼ਨਾਉਣਾ**

1945 ਵਿੱਚ ਮੈਡੀਕਲ ਸਹੂਲਤਾਂ ਦੀ ਭਾਰੀ ਕਮੀ ਸੀ। ਹੀਰੋਸ਼ੀਮਾ ਦੇ ਹਮਲੇ ਦੇ ਤਿੰਨ ਹਫਤਿਆਂ ਬਾਅਦ, ਯਾਨੀ 25 ਅਗਸਤ 1945 ਤੱਕ ਸਿਰਫ ਚੋਣਵੇਂ ਜ਼ਖ਼ਮੀਆਂ ਦੀ ਜਾਨ ਬਚਾਈ ਜਾ ਸਕੀ। ਨਾਗਾਸਾਕੀ ਵਿੱਚ ਵੀ ਸਥਿਤੀ ਇਸੇ ਤਰ੍ਹਾਂ ਦੀ ਸੀ, ਜਿੱਥੇ ਮੈਡੀਕਲ ਸਹਾਇਤਾ ਦੀ ਕਮੀ ਕਾਰਨ ਹਜ਼ਾਰਾਂ ਲੋਕ ਮਰ ਗਏ। ਮ੍ਰਿਤਕਾਂ ਦੇ ਸਰੀਰਾਂ ਨੂੰ ਜਲਦਬਾਜ਼ੀ ਵਿੱਚ ਨਿਨੋਸ਼ੀਮਾ ਅਤੇ ਨਾਗਾਸਾਕੀ ਦੀਆਂ ਵੱਖ-ਵੱਖ ਥਾਵਾਂ 'ਤੇ ਦਫ਼ਨਾ ਦਿੱਤਾ ਗਿਆ। ਇਸ ਕਾਰਨ ਅੱਜ ਵੀ ਬਹੁਤ ਸਾਰੇ ਪਰਿਵਾਰ ਆਪਣੇ ਅਜ਼ੀਜ਼ਾਂ ਦੇ ਅਵਸ਼ੇਸ਼ਾਂ ਦੀ ਖੋਜ ਵਿੱਚ ਹਨ, ਤਾਂ ਜੋ ਉਹ ਉਨ੍ਹਾਂ ਦਾ ਸਤਿਕਾਰ ਨਾਲ ਅੰਤਿਮ ਸੰਸਕਾਰ ਕਰ ਸਕਣ।

**ਅਵਸ਼ੇਸ਼ਾਂ ਦੀ ਖੋਜ ਦੀਆਂ ਕੋਸ਼ਿਸ਼ਾਂ**

2025 ਵਿੱਚ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਪਰਮਾਣੂ ਹਮਲਿਆਂ ਦੇ 80 ਸਾਲ ਬੀਤਣ 'ਤੇ, ਕਈ ਨਵੀਆਂ ਜਾਣਕਾਰੀਆਂ ਸਾਹਮਣੇ ਆਈਆਂ ਹਨ। ਹੀਰੋਸ਼ੀਮਾ ਯੂਨੀਵਰਸਿਟੀ ਦੇ ਸ਼ੋਧਕਰਤਾ ਰੇਬੁਨ ਕਾਓ ਨੇ ਪਿਛਲੇ ਸੱਤ ਸਾਲਾਂ ਤੋਂ ਨਿਨੋਸ਼ੀਮਾ 'ਤੇ ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਖੋਜ ਲਈ ਖੁਦਾਈ ਕੀਤੀ ਹੈ। ਉਨ੍ਹਾਂ ਨੇ 2018 ਤੋਂ ਹੁਣ ਤੱਕ ਲਗਭਗ 100 ਹੱਡੀਆਂ ਦੇ ਟੁਕੜੇ ਲੱਭੇ ਹਨ, ਜਿਨ੍ਹਾਂ ਵਿੱਚ ਇੱਕ ਬੱਚੇ ਦਾ ਜਬਾੜਾ ਵੀ ਸ਼ਾਮਲ ਹੈ। ਨਾਗਾਸਾਕੀ ਵਿੱਚ ਵੀ ਇਹ ਸਮਾਨ ਯਤਨ ਜਾਰੀ ਹਨ, ਜਿੱਥੇ ਸਥਾਨਕ ਸੰਸਥਾਵਾਂ ਤੇ ਸਵੈ-ਸੇਵਕ ਅਵਸ਼ੇਸ਼ਾਂ ਦੀ ਖੋਜ ਲਈ ਕੰਮ ਕਰ ਰਹੇ ਹਨ। 2023 ਦੀ ਇੱਕ ਰਿਪੋਰਟ ਅਨੁਸਾਰ ਨਾਗਾਸਾਕੀ ਵਿੱਚ ਲਗਭਗ 50 ਹੱਡੀਆਂ ਦੇ ਟੁਕੜੇ ਤੇ ਨਿੱਜੀ ਵਸਤੂਆਂ, ਜਿਵੇਂ ਕਿ ਘੜੀਆਂ ਅਤੇ ਗਹਿਣੇ ਮਿਲੇ ਹਨ।

**ਰੇਬੁਨ ਕਾਓ ਤੇ ਹੋਰ ਸ਼ੋਧਕਰਤਾਵਾਂ ਦੀਆਂ ਕੋਸ਼ਿਸ਼ਾਂ**

ਰੇਬੁਨ ਕਾਓ ਨਿਨੋਸ਼ੀਮਾ 'ਤੇ ਅਵਸ਼ੇਸ਼ਾਂ ਦੀ ਖੋਜ ਦੌਰਾਨ ਪੀੜਤਾਂ ਦੀ ਪੀੜ ਨੂੰ ਮਹਿਸੂਸ ਕਰਦੇ ਹਨ। ਉਹ ਹਰ ਲੱਭੇ ਹੋਏ ਅਵਸ਼ੇਸ਼ ਦੇ ਸਤਿਕਾਰ ਵਿੱਚ ਫੁੱਲ ਚੜ੍ਹਾਉਂਦੇ ਅਤੇ ਪ੍ਰਾਰਥਨਾ ਕਰਦੇ ਹਨ। ਨਾਗਾਸਾਕੀ ਵਿੱਚ ਸਥਾਨਕ ਸ਼ੋਧਕਰਤਾਵਾਂ ਨੇ ਵੀ ਅਜਿਹੀਆਂ ਭਾਵਨਾਤਮਕ ਰੀਤੀਆਂ ਅਪਣਾਈਆਂ ਹਨ। ਇਨ੍ਹਾਂ ਕੋਸ਼ਿਸ਼ਾਂ ਨੇ ਪੀੜਤ ਪਰਿਵਾਰਾਂ ਨੂੰ ਨਾ ਸਿਰਫ ਉਮੀਦ ਦਿੱਤੀ ਹੈ, ਸਗੋਂ ਇਹ ਵੀ ਸੁਨੇਹਾ ਦਿੱਤਾ ਹੈ ਕਿ ਇਤਿਹਾਸ ਦੇ ਦੁਖਦ ਪੰਨਿਆਂ ਨੂੰ ਸਤਿਕਾਰ ਨਾਲ ਸੰਭਾਲਣਾ ਜ਼ਰੂਰੀ ਹੈ।

**ਸਮਾਜ ਅਤੇ ਸਰਕਾਰ ਦੀ ਜ਼ਿੰਮੇਵਾਰੀ**

ਇਸ ਘਟਨਾਕ੍ਰਮ ਨੇ ਸਮਾਜ ਅਤੇ ਸਰਕਾਰ ਦੀ ਜ਼ਿੰਮੇਵਾਰੀ ਨੂੰ ਉਜਾਗਰ ਕੀਤਾ ਹੈ। ਜਾਪਾਨ ਸਰਕਾਰ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਪੀੜਤਾਂ ਦੀ ਯਾਦ ਵਿੱਚ ਸ਼ਾਂਤੀ ਸਮਾਰਕ ਅਤੇ ਮਿਊਜ਼ੀਅਮ ਸਥਾਪਤ ਕੀਤੇ ਹਨ, ਪਰ ਅਵਸ਼ੇਸ਼ਾਂ ਦੀ ਖੋਜ ਅਤੇ ਪਰਿਵਾਰਾਂ ਨੂੰ ਅੰਤਿਮ ਸੰਸਕਾਰ ਦਾ ਮੌਕਾ ਦੇਣਾ ਅਜੇ ਵੀ ਮਹੱਤਵਪੂਰਨ ਹੈ। ਸਥਾਨਕ ਸੰਸਥਾਵਾਂ, ਜਿਵੇਂ ਕਿ ਹੀਰੋਸ਼ੀਮਾ ਯੂਨੀਵਰਸਿਟੀ ਅਤੇ ਨਾਗਾਸਾਕੀ ਦੀਆਂ ਸਵੈ-ਸੇਵੀ ਸੰਸਥਾਵਾਂ ਨੇ ਇਸ ਕੰਮ ਵਿੱਚ ਅਹਿਮ ਯੋਗਦਾਨ ਪਾਇਆ ਹੈ। ਸਰਕਾਰ ਨੂੰ ਅਜਿਹੇ ਯਤਨਾਂ ਲਈ ਵਧੇਰੇ ਫੰਡਿੰਗ ਅਤੇ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ।

ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ 1945 ਵਿੱਚ ਹੋਏ ਪਰਮਾਣੂ ਹਮਲਿਆਂ ਨੂੰ ਅੱਸੀ ਸਾਲ ਬੀਤ ਚੁਕਣ ਦੇ ਬਾਵਜੂਦ ਇਨ੍ਹਾਂ ਦੀਆਂ ਯਾਦਾਂ ਅਤੇ ਪੀੜਤ ਪਰਿਵਾਰਾਂ ਵੱਲੋਂ ਆਪਣਿਆਂ ਦੀ ਖੋਜ ਅਜੇ ਵੀ ਜਾਰੀ ਹੈ। ਨਿਨੋਸ਼ੀਮਾ 'ਤੇ ਰੇਬੁਨ ਕਾਓ ਅਤੇ ਨਾਗਾਸਾਕੀ ਵਿੱਚ ਸਥਾਨਕ ਸ਼ੋਧਕਰਤਾਵਾਂ ਦੀਆਂ ਕੋਸ਼ਿਸ਼ਾਂ ਨੇ ਇਸ ਕਾਰਜ ਨੂੰ ਨਵੀਂ ਦਿਸ਼ਾ ਦਿੱਤੀ ਹੈ। ਇਹ ਦਾਸਤਾਨ ਦੱਸਦੀ ਹੈ ਕਿ ਮਨੁੱਖੀ ਰੂਹ ਦੀ ਉਮੀਦ, ਸਤਿਕਾਰ ਅਤੇ ਸੰਘਰਸ਼ ਦੀ ਭਾਵਨਾ ਕਿਸੇ ਵੀ ਤਬਾਹੀ ਦੇ ਬਾਵਜੂਦ ਜਿਉਂਦੀ ਰਹਿੰਦੀ ਹੈ।

---

**ਪਿੰਡ ਵਸਿਆ (29)**

**ਵਿਜੈ ਬੰਬੇਲੀ**
**ਫੋਨ: +91-9463439075**




# ਹਠੂਰ: ਇੱਕ ਪ੍ਰਾਚੀਨ ਨਗਰ

*'ਪਿੰਡ ਵਸਿਆ' ਕਾਲਮ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਹਥਲੀ ਲਿਖਤ ਵਿੱਚ ਪ੍ਰਾਚੀਨ ਨਗਰ ਹਠੂਰ ਦਾ ਸੰਖੇਪ ਵੇਰਵਾ ਹੈ। -ਪ੍ਰਬੰਧਕੀ ਸੰਪਾਦਕ*

ਤਵਾਰੀਖੀਆਂ ਜਰਨੈਲ ਅਚਰਵਾਲ ਲਿਖਦਾ ਹੈ, "...ਹਠੂਰ ਆਪਣੇ ਅੰਦਰ ਹਜ਼ਾਰਾਂ ਸਾਲਾਂ ਦਾ ਇਤਿਹਾਸ ਸੰਭਾਲੀ ਬੈਠਾ ਹੈ। ਮਾਲਵੇ ਦੇ ਇਤਿਹਾਸ ਦਾ ਜ਼ਿਕਰ ਇਸੇ ਪਿੰਡੋਂ ਸ਼ੁਰੂ ਹੁੰਦਾ ਹੈ।" ਡਾ. ਨਾਹਰ ਸਿੰਘ ਦੇ ਹਵਾਲੇ ਨਾਲ, ਉਹ ਲਿਖਦਾ ਹੈ, "ਇਸ ਖੇੜੇ ਨੂੰ ਪਹਿਲੀ ਸਦੀ ਈਸਵੀ ਪੂਰਬੀ 'ਚ ਰਾਜਾ ਕਨਿਸ਼ਕ ਨੇ ਵਸਾਇਆ ਸੀ, ਜਿਸ ਉੱਤੇ ਤੇਰਵ੍ਹੀਂ ਸਦੀ ਢੁਕਦਿਆਂ ਜੈਸਲਮੇਰ ਦਾ ਤੁਲਸੀ ਰਾਮ ਆ ਕਾਬਜ਼ ਹੋਇਆ।"

ਮਾਲਵਾ ਇਤਿਹਾਸ ਵਿੱਚ ਸੰਤ ਵਿਸਾਖਾ ਸਿੰਘ ਲਿਖਦੇ ਹਨ, "ਜਦ ਹਠੂਰ ਕੋਲ ਸਤਲੁਜ ਵਗਦਾ ਸੀ, ਤਦ ਉਸਦੇ ਉਰਾਰ (ਉਰਲੇ ਪਾਸੇ) ਦੇ ਇਲਾਕੇ ਨੂੰ 'ਹਿਠਾੜ' (ਹੇਠਲਾ ਖਿੱਤਾ) ਕਿਹਾ ਜਾਂਦਾ ਸੀ। ਇਸੇ ਬਦੌਲਤ ਸਤਲੁਜ ਦੇ ਉਰਲੇ, ਮਾਲਵਾ ਵੱਲ ਦੇ, ਕੰਢੇ ਵਸੀ ਇਸ ਨਗਰੀ ਨੂੰ 'ਹਿਠਾਰ' ਕਿਹਾ ਗਿਆ ਜਿਸਦਾ ਨਾਮਕਰਨ ਸਮਾਂ ਪਾ 'ਹਠੂਰ' ਪੱਕ-ਪਕਾ ਗਿਆ। ਪੰਜਵੀਂ ਸਦੀ ਵਿੱਚ 'ਹੂੰਨ' ਕੁਨਬੇ ਨੇ ਇਸ ਨੂੰ ਬਰਬਾਦ ਕਰ ਦਿੱਤਾ, ਜਿਹੜਾ ਛੇਵੀਂ ਸਦੀ ਤੱਕ ਮੁੜ ਪੈਰੀਂ ਹੋ ਗਿਆ। ਫਿਰ 'ਤੁਰ' ਇੱਥੇ ਆ ਕਾਬਜ਼ ਹੋਏ, ਉਨ੍ਹਾਂ ਵੇਲੇ, ਨੌਵੀਂ ਸਦੀ ਤੱਕ ਇਹ ਬਹੁਤ ਪ੍ਰਫੁਲਤ ਹੋ ਗਿਆ। 'ਮੰਜ' ਰਾਜਪੂਤਾਂ ਦੇ ਹਥਿਆਉਣ ਤੋਂ ਪਹਿਲਾਂ ਪ੍ਰਿਥੀ ਰਾਜ ਦੇ ਨਾਨਕਾ ਖਾਨਦਾਨ ਵਿੱਚੋਂ ਕੋਈ ਤੰਵਰ ਰਾਜਾ ਇੱਥੇ ਗੱਦੀ ਨਸ਼ੀਨ ਸੀ, ਜਿਸਨੂੰ ਰਾਏ ਤੁਲਸੀ ਰਾਮ, ਜਿਹੜਾ ਮੁਸਲਿਮ ਧਰਮ ਗ੍ਰਹਿਣ ਕਰਨ ਉਪਰੰਤ ਸ਼ੇਖ ਚਾਚੋ ਅਖਵਾਇਆ, ਨੇ ਇਹ ਨਗਰ ਆ ਨੱਪਿਆ। ਗਿਰਦ ਦੇ ਹੋਰ ਇਲਾਕਿਆਂ ਨੂੰ ਕਬਜ਼ਾਉਣ ਤੋਂ ਬਾਅਦ ਉਸਨੇ ਇਸੇ ਹਠੂਰ ਨੂੰ ਆਪਣੀ ਰਾਜਧਾਨੀ ਘੋਸ਼ਿਤ ਕਰ ਦਿੱਤਾ।" ਇਹ ਗੱਲਾਂ ਗੁਲਾਮ ਖਾਨਦਾਨ ਸ਼ਮਸ਼ੁਦੀਨ ਵੇਲੇ ਦੀਆਂ ਹਨ।

ਉਜੜਨ-ਵਸਣ-ਉਜੜਨ ਅਤੇ ਮੁੜ-ਮੁੜ ਵਸਣ ਕਾਰਨ ਇਹ ਨਗਰ ਥੇਹਾਂ ਦਾ ਮੁਜੱਸਮਾ ਵੀ ਬਣਦਾ ਰਿਹਾ। ਮੌਜੂਦਾ ਬਣਤਰ ਤੋਂ ਵੀ ਭਾਸਦਾ ਹੈ ਕਿ ਇਹ ਪਿੰਡ ਇੱਕ ਵੱਡੇ ਥੇਹ ਉੱਤੇ ਵਸਿਆ ਹੋਇਆ ਹੈ। ਪੱਛੋਂ ਦੀ ਬਾਹੀ ਹਾਲੇ ਵੀ ਇੱਕ ਵੱਡਾ ਥੇਹ ਮੌਜੂਦ ਹੈ, ਜਿਸ ਵਿੱਚੋਂ ਕਈ ਪੁਰਾਤਨ ਅਵਸ਼ੇਸ, ਸਿੱਕੇ ਅਤੇ ਵਸਤਾਂ ਨਿਕਲਦੀਆਂ ਹਨ। ਦੰਦ ਕਥਾਵਾਂ ਅਨੁਸਾਰ: ਇਹ ਰਾਜਾ ਵਿਰਾਟ ਦੀ ਧਾਰਾ ਨਗਰੀ ਸੀ, ਜਿੱਥੇ ਪਾਂਡਵਾਂ ਬਣਵਾਸ ਦਾ ਇੱਕ ਹਿੱਸਾ ਕੱਟਿਆ; ਪਰ ਲੋਕ ਇਤਿਹਾਸ ਮੁਤਾਬਿਕ ਵਿਰਾਟ ਨਗਰੀ ਤਾਂ ਦਸੂਹਾ (ਹੁਸ਼ਿਆਰਪੁਰ) ਮਿੱਥੀ ਗਈ ਹੈ। ਹਾਂ! ਹੋਰ ਲੋਕ-ਮਿੱਥਾ ਮੁਤਾਬਿਕ ਇਸਨੂੰ ਕੇਕੱਈਆਂ ਦੀ ਰਾਜਧਾਨੀ, ਕੇਕੱਈ ਦੇ ਮਾਪਿਆਂ ਦਾ ਨਗਰ ਵੀ ਕਿਹਾ ਜਾਂਦਾ ਹੈ।




'ਅੱਚਰਵਾਲ' ਮੁਤਾਬਿਕ, "ਹੋ ਸਕਦਾ, ਉਦੋਂ 'ਮਦਰ' ਦੇਸ਼, ਦੀ ਰਾਜਧਾਨੀ ਇਹੋ ਹੋਵੇ, ਪੰਜਾਬ ਨੂੰ ਕਦੇ ਮਦਰ ਦੇਸ਼ ਵੀ ਕਿਹਾ ਜਾਂਦਾ ਸੀ।" ਉਸ ਅਨੁਸਾਰ, "ਇੱਥੋਂ ਦੇ ਰਾਜੇ ਦੀਆਂ ਅੱਠ, ਬੇਹੱਦ ਖੂਬਸੂਰਤ ਰਾਣੀਆਂ ਸਨ, ਜਿਨ੍ਹਾਂ ਸਦਕਾ ਇਸਨੂੰ 'ਅੱਠ ਹੂਰਾਂ ਦਾ ਦੇਸ਼' ਵੀ ਆਖਿਆ ਜਾਣ ਲੱਗਾ ਅਤੇ ਇਸ ਖੇੜੇ ਦਾ ਨਾਂ 'ਅੱਠ-ਹੂਰ' ਤੋਂ ਪਹਿਲਾਂ 'ਅਠੂਰ' ਅਤੇ ਮਗਰੋਂ ਵਿਗੜਦਾ-ਸੰਵਰਦਾ 'ਹਠੂਰ' ਬਣ ਗਿਆ।"

ਕਿਹਾ ਜਾਂਦਾ ਹੈ ਕਿ ਇਹ ਨਗਰ ਕਦੇ ਰਾਜਧਾਨੀ, ਰਾਜਿਆਂ ਦੇ ਖੇਡਣ ਦਾ ਮੈਦਾਨ, ਫੌਜਾਂ ਦੀ ਛਾਉਣੀ, ਘੋੜਿਆਂ ਦੀਆਂ ਚਰਾਂਦਾ ਅਤੇ ਕਦੇ ਧੜਵੈਲ ਪਸ਼ੂਆਂ ਦੇ ਵਾੜਿਆਂ ਵਜੋਂ ਵੀ ਜਾਣਿਆ ਜਾਂਦਾ ਰਿਹਾ। ਸੁ-ਪ੍ਰਸਿੱਧ ਚੀਨੀ ਯਾਤਰੀ, 7ਵੀਂ ਸਦੀ ਦਾ ਦਾਰਸ਼ਨਿਕ ਘੁੰਮੱਕੜ, ਇਸਨੂੰ "ਭਾਗਾਂ ਭਰਿਆ ਨਗਰ" ਵਜੋਂ ਕਲਮਬੱਧ ਕਰਦਾ ਹੈ। ਉਸ ਮੁਤਾਬਿਕ, "ਕਨਿਸ਼ਕ ਨੇ ਜਦੋਂ ਚੀਨ ਨੂੰ ਜਿੱਤਿਆ ਤਾਂ ਉਥੋਂ ਦੇ ਰਾਜਕੁਮਾਰਾਂ ਨੂੰ ਇੱਥੇ ਰੱਖਿਆ ਗਿਆ ਸੀ।" ਅਸਲ ਵਿੱਚ ਉਹ ਇਹ ਬਿਰਤਾਂਤ ਸਿਰਜਦਾ ਹੈ ਕਿ, "ਜਲੰਧਰ ਦੇ ਦੱਖਣ ਵੱਲ ਕੋਈ ਦੂਰ ਤੇ ਪਾਸੇ ਹੱਟਵੀਂ ਕੋਈ ਥਾਂ ਹੈ, ਜਿੱਥੇ ਚੀਨ ਦੇ ਰਾਜਕੁਮਾਰਾਂ ਨੂੰ ਰੱਖਿਆ ਗਿਆ ਸੀ।" ਉਸ ਅਨੁਸਾਰ ਸ਼ਾਇਦ ਉਹ ਥਾਂ ਇਹੋ ਹਠੂਰ ਹੋਵੇ ਜਿਹੜੀ ਕਦੇ ਕਨਿਸ਼ਕ ਦੀ ਰਾਜਧਾਨੀ ਸੀ।

ਪਿੰਡ ਦੇ ਇਤਿਹਾਸ ਦਾ ਗੁਰਮੁਖੀ/ਪੰਜਾਬੀ ਲਿਪੀ ਨਾਲ ਵੀ ਗੂੜ੍ਹਾ ਰਿਸ਼ਤਾ ਹੈ। ਕੁਝ ਪ੍ਰੌਢ ਵਿਦਵਾਨਾਂ ਅਨੁਸਾਰ, ਹਠੂਰ 'ਚ ਹਾਸਿਲ ਕੁਝ ਪੁਰਾਤਨ ਸ਼ਿਲਾਲੇਖ ਗੁਰਮੁਖੀ ਲਿਪੀ ਦੇ ਪੰਜਾਬੀ ਲਿਪੀ ਵਜੋਂ ਪਹਿਲਾਂ ਹੀ ਮੌਜੂਦ ਹੋਣ ਦੀ ਪੀਢੀ ਕਨਸੋਅ ਦਿੰਦੇ ਹਨ। ਲਿਪੀ ਦੇ ਪ੍ਰਸਿੱਧ ਖੋਜੀ ਜੀ.ਬੀ. ਸਿੰਘ ਆਪਣੀ ਖੋਜ ਦੇ ਸੰਦਰਭ 'ਚ ਕਈ ਵਾਰ ਇਸ ਪਿੰਡ ਸ਼ਿਲਾਲੇਖਾਂ ਦੇ ਨਮੂਨੇ ਲੈਣ ਅਤੇ ਹੋਰ ਜਾਣਕਾਰੀਆਂ ਪ੍ਰਾਪਤ ਕਰਨ ਦੇ ਸਬੰਧ ਵਿੱਚ ਆਇਆ ਸੀ। ਅੱਚਰਵਾਲ ਮੁਤਾਬਿਕ, ਲਏ ਗਏ ਕਈ ਨਮੂਨੇ ਬਾਬਾ ਨਾਨਕ ਜੀ ਤੋਂ ਵੀ ਕਿਤੇ ਪਹਿਲਾਂ ਦੇ ਸਨ, ਜਿਹੜੇ ਦੱਸਦੇ ਹਨ ਕਿ ਪੰਜਾਬੀ ਮੁੱਢ-ਕਦੀਮ ਤੋਂ ਪੰਜਾਬ 'ਚ ਵੱਸਣ ਵਾਲਿਆ ਦੀ ਸਾਂਝੀ ਤੇ ਪੁਰਾਤਨ ਬੋਲੀ ਸੀ/ਹੈ। ਸਿੰਘ ਆਪਣੀ ਕਿਤਾਬ 'ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ' ਵਿੱਚ ਲਿਖਦਾ ਹੈ, "ਲੁਧਿਆਣੇ ਜ਼ਿਲ੍ਹੇ ਵਿੱਚ ਅਠੂਰ ਜਾਂ ਹਠੂਰ ਇੱਕ ਬਹੁਤ ਪੁਰਾਣਾ ਸ਼ਹਿਰ ਹੈ। ਉਥੇ ਇੱਕ ਬਹੁਤ ਪੁਰਾਣਾ ਥੇਹ ਹੈ। ਥੇਹ ਹੇਠ ਇੱਕ ਵਿਸ਼ਾਲ ਖੂਹ ਸੀ। ਜਦੋਂ ਥੇਹ ਪੁੱਟ ਕੇ ਖੂਹ ਦੀ ਖੁਦਾਈ ਕੀਤੀ ਗਈ ਤਾਂ ਵੀਹ-ਬਾਈ ਹੱਥ ਦੀ ਡੂੰਘਾਈ ਤੱਕ ਜਾਂਦਿਆਂ ਦੋ ਪੱਥਰ ਦੇ ਬਣੇ ਹੋਏ ਹੂ-ਬ-ਹੂ ਸ਼ਕਲ ਦੇ 'ਸਿਸ਼ਨ' (ਸ਼ਿਲਾਲੇਖ) ਨਿਕਲੇ, ਜਿਹੋ ਜਿਹੀ ਲਿਪੀ ਦਾ ਜ਼ਿਕਰ ਰਿਗਵੇਦ ਵਿੱਚ ਹੈ।"

ਇਤਿਹਾਸਕਾਰ ਅਤਰ ਸਿੰਘ ਨੇ ਕਲਕੱਤਾ ਵਿਖੇ 'ਰਾਇਲ ਏਸ਼ੀਆਟਿਕ ਸੁਸਾਇਟੀ, ਬੰਗਾਲ' ਵਿੱਚ ਇਸ ਸ਼ਹਿਰ ਦੀ ਪੁਰਾਤਨਤਾ ਬਾਰੇ 1871 ਈ. ਦੀ ਇੱਕ ਰਿਪੋਰਟ 'ਚੋਂ ਉਸ ਹਿੱਸੇ ਦਾ ਵੀ ਹਵਾਲਾ ਦਿੱਤਾ ਸੀ, ਜਿਹੜਾ ਲੁਧਿਆਣੇ ਜ਼ਿਲ੍ਹੇ ਦੀ 'ਰਿਪੋਰਟ ਬੰਦੋਬਸਤ' ਵਿੱਚ ਦਰਜ ਸੀ। ਇਹੀ ਨਹੀਂ, ਉਨ੍ਹੀਂ ਬਿਕਰਮੀ ਸੰਮਤ 1475 (1532 ਈ.) ਦੀ ਇੱਕ ਹੋਰ ਲਿਖਤ ਦਾ ਵੀ ਜ਼ਿਕਰ ਕੀਤਾ, ਜਿਸ ਵਿੱਚ ਪਿੰਡ 'ਚ ਤਾਮੀਰ 'ਰਾਏ ਫਿਰੋਜ਼ ਦਾ ਮਕਬਰਾ' ਦਾ ਵਿਸਥਾਰਤ ਜ਼ਿਕਰ ਹੈ, ਭਾਵ ਇਸ ਨਗਰ ਦਾ ਮੁਸਲਮਾਨੀ ਸਰਗਰਮੀਆਂ ਨਾਲ ਵੀ ਗੂੜ੍ਹਾ ਰਿਸ਼ਤਾ ਹੈ। ਦਰ-ਹਕੀਕਤ; ਸਿਰਫ ਪੁਰਾਤਨ ਹਿੰਦੂ ਮੌਹਤਬਰਾਨਾ ਨਾਲ ਹੀ ਨਹੀਂ, ਇਸ ਨਗਰ ਦਾ ਮੰਝਾਂ (ਹਿੰਦੂ/ਮੁਸਲਿਮ ਰਾਜਪੂਤਾਂ), ਹਿੰਦੂ-ਮੁਸਲਿਮ ਭੱਟੀਆਂ, ਸਿੱਖਾਂ ਦੇ 'ਘੱਲੂਘਾਰਿਆਂ' ਤੇ ਮਿਸਲਾਂ ਸਮੇਤ, ਐਂਗਲੋ-ਸਿੱਖ ਵਾਰ, 'ਕੂਕਾ ਲਹਿਰ' ਅਤੇ 'ਜੰਗ-ਏ-ਆਜ਼ਾਦੀ' ਦੀ ਤਵਾਰੀਖ 'ਚ ਵੀ ਜ਼ਿਕਰ ਸ਼ੁਮਾਰ ਹੈ। ਕੀ ਤੇ ਕਿਵੇਂ? ਕਿਤੇ ਫੇਰ ਸੀ!

ਚਰਚਾ

# ਕਿਵੇਂ ਮਨਾਈਏ ਸ਼ਤਾਬਦੀਆਂ?



ਡਾ. ਆਸਾ ਸਿੰਘ ਘੁੰਮਣ
ਫੋਨ: +91-9779853245

ਸਿੱਖ-ਗੁਰੂਆਂ ਦੀਆਂ ਸ਼ਤਾਬਦੀਆਂ ਮਨਾਉਣ ਦਾ ਰੁਝਾਨ ਪਿਛਲੇ ਕਾਫੀ ਸਮੇਂ ਤੋਂ ਏਨਾ ਜ਼ੋਰ ਫੜ ਗਿਆ ਹੈ ਕਿ ਇਸ ਬਾਰੇ ਚਿੰਤਨ ਕਰਨ ਦੀ ਵੱਡੀ ਲੋੜ ਹੈ। ਪਹਿਲੀ ਗੱਲ ਤਾਂ ਇਹ ਕਿ ਸ਼ਤਾਬਦੀਆਂ ਮਨਾਈਆਂ ਹੀ ਕਿਉਂ ਜਾਣ? ਜੇ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਅਸੀਂ 550 ਸਾਲਾਂ ਵਿੱਚ ਨਹੀਂ ਦੇ ਸਕੇ ਤਾਂ ਸਾਡੇ ਪੰਜਾਂ ਦਿਨਾਂ ਵਿੱਚ ਦੇਣ ਵਿੱਚ ਕਿਵੇਂ ਕਾਮਯਾਬ ਹੋਣ ਦੀ ਉਮੀਦ ਕਰ ਸਕਦੇ ਹਾਂ? ਪਰ ਜੇ ਮਨਾਉਣੀਆਂ ਹੀ ਹਨ ਤਾਂ ਫਿਰ ਉਨ੍ਹਾਂ ਦੇ ਮਨਾਉਣ ਦਾ ਮਕਸਦ-ਮੰਤਵ ਕੀ ਹੈ ਅਤੇ ਉਸ ਮਕਸਦ-ਮੰਤਵ ਦੀ ਪ੍ਰਾਪਤੀ ਕਿਵੇਂ ਹੋਵੇ? ਸਾਡੇ ਕੋਲ ਸਪਸ਼ਟ ਨਿਸ਼ਾਨੇ ਹੋਣੇ ਚਾਹੀਦੇ ਹਨ।

‘ਕਿਵੇਂ ਮਨਾਈਏ?’ ਦਾ ਉੱਤਰ ਹੁਣ ਤੱਕ ਮਨਾਈਆਂ ਗਈਆਂ ਸ਼ਤਾਬਦੀਆਂ ਦੇ ਵਿਸ਼ਲੇਸ਼ਣ ਵਿੱਚੋਂ ਸਹਿਜੇ ਹੀ ਮਿਲ ਸਕਦਾ ਹੈ। ਸਾਡੇ ਜੀਵਨ ਕਾਲ ਵਿੱਚ ਸਭ ਤੋਂ ਪਹਿਲੀ ਵੱਡੀ ਜਨਮ-ਸ਼ਤਾਬਦੀ 1969 ਵਿੱਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਮੌਕੇ ਮਨਾਈ ਗਈ। ਉਸ ਤੋਂ ਬਾਅਦ ਸ਼ਤਾਬਦੀਆਂ ਮਨਾਉਣ ਦਾ ਕੋਈ ਮੌਕਾ ਖੁੰਝਣ ਨਹੀਂ ਦਿੱਤਾ ਗਿਆ- ਕਿਤੇ ਸਾਢੇ ਲਾ ਕੇ, ਕਿਤੇ ਪੌਣੇ ਲਾ ਕੇ ਅਤੇ ਕਿਤੇ ਸਵਾਏ ਲਾ ਕੇ। ਕਿਉਂਕਿ ਦਸ ਪਾਤਸ਼ਾਹੀਆਂ ਦੇ ਜਨਮ-ਉਤਸਵ, ਗੁਰਗੱਦੀ ਦਿਵਸ ਅਤੇ ਸ਼ਹੀਦੀ ਅਥਵਾ ਪਰਲੋਕ ਗਮਨ ਦਿਵਸ ਆਦਿ ਅਤੇ ਗੁਰ-ਪਰਿਵਾਰਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਅਜਿਹੇ ਮੌਕੇ ਸਿਰਜਣ ਲਈ ਸਹਿਜੇ ਹੀ ਵਰਤਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਤੋਂ ਬਾਅਦ 1999 ਵਿੱਚ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਦੀ ਤੀਸਰੀ ਸ਼ਤਾਬਦੀ ਬਹੁਤ ਵੱਡੇ ਪੱਧਰ ’ਤੇ ਮਨਾਈ ਗਈ। ਭਾਵੇਂ ਕਿ ਪੰਜਾਬੋਂ ਬਾਹਰ ਵੀ ਮੌਕਾ-ਬ-ਮੌਕਾ ਸ਼ਤਾਬਦੀਆਂ ਦਾ ਅਯੋਜਨ ਵੱਡ-ਵਡੇਰੇ ਪੱਧਰ ’ਤੇ ਹੁੰਦਾ ਰਿਹਾ, ਪਰ ਅੱਜ ਆਪਾਂ ਇਸ ਵਿਸ਼ੇ ਨੂੰ ਪੰਜਾਬ ਤੱਕ ਹੀ ਸੀਮਤ ਰੱਖਦੇ ਹਾਂ।

1999 ਤੋਂ ਬਾਅਦ 2019 ਵਿੱਚ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਸੁਲਤਾਨਪੁਰ ਲੋਧੀ ਵਿਖੇ ਯਾਦਗਾਰੀ ਢੰਗ ਨਾਲ ਮਨਾਇਆ ਗਿਆ। ਹਾਲਾਂ ਕਿ 1969 ਵਿਚਲੇ 500 ਸਾਲਾ ਅਤੇ 2019 ਵਿੱਚ ਮਨਾਏ 550 ਸਾਲਾ ਪ੍ਰਕਾਸ਼ ਪੁਰਬ ਦਾ ਮਿਲਾਨ ਹੀ ਸਿੱਧ ਕਰ ਦਿੰਦਾ ਹੈ ਕਿ 50 ਸਾਲਾਂ ਵਿੱਚ ਧਾਰਮਿਕ, ਰਾਜਨੀਤਕ, ਸਮਾਜਿਕ ਸੰਸਥਾਵਾਂ ਦੇ ਕਿਰਦਾਰ ਵਿੱਚ ਅਤੇ ਉਨ੍ਹਾਂ ਦੀ ਜੀਵਨ-ਸ਼ੈਲੀ ਅਤੇ ਕਾਰਜ-ਸ਼ੈਲੀ ਵਿੱਚ ਕਿੰਡਾ ਵੱਡਾ ਨਿਘਾਰ ਆ ਚੁੱਕਾ ਹੈ। ਇਹ ਤੁਲਨਾ ਇਹ ਵੀ ਸਾਬਤ ਕਰ ਦਿੰਦੀ ਹੈ ਕਿ ਜਨਮ-ਸ਼ਤਾਬਦੀਆਂ ਮਨਾਉਣ ਦਾ ਅਸਲ ਮੰਤਵ ਕੀ ਰਹਿ ਗਿਆ ਹੈ!

ਇਹ ਸ਼ਤਾਬਦੀਆਂ ਮਨਾਉਣ ਵਿੱਚ ਮੁੱਖ ਤੌਰ ’ਤੇ ਤਿੰਨ ਧਿਰਾਂ ਸ਼ਾਮਲ ਹੁੰਦੀਆਂ ਹਨ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ। ਉਪਰ ਦਿੱਤੀਆਂ ਸ਼ਤਾਬਦੀਆਂ ਦੇ ਪਹਿਲੇ ਦੋ ਮੌਕਿਆਂ ’ਤੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪੂਰਨ ਤਾਲ-ਮੇਲ ਸੀ, ਜਦੋਂ ਕਿ ਤੀਸਰੇ ਮੌਕੇ ’ਤੇ ਇਸਦੀ ਬਿਲਕੁਲ ਅਣਹੋਂਦ ਸੀ। ਹੁਣ ਤੱਕ ਦੀਆਂ ਮਨਾਈਆਂ ਗਈਆਂ ਜਨਮ ਸ਼ਤਾਬਦੀਆਂ ਵਿੱਚ 1969 ਵਿੱਚ ਕੁਝ ਅਜਿਹੇ ਉੱਦਮ ਕੀਤੇ ਗਏ, ਜੋ ਅੱਜ ਵੀ ਸਾਡੇ ਸਮਾਜਿਕ, ਆਰਥਿਕ, ਅਕਾਦਮਿਕ ਤੇ ਸੱਭਿਆਚਾਰਕ ਜੀਵਨ ਨੂੰ ਪ੍ਰਭਾਵਤ ਕਰ ਰਹੇ ਹਨ। ਉਸ ਮੌਕੇ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਸੀ। ਇਸ ਮੌਕੇ ’ਤੇ ਪੰਜਾਬ ਦੇ ਪੇਂਡੂ ਖੇਤਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਂ ’ਤੇ 38 ਕਾਲਜ ਖੋਲ੍ਹੇ ਗਏ, ਜਿਸ ਨਾਲ ਪੰਜਾਬ ਵਿੱਚ ਵੱਡਾ ਵਿਦਿਅਕ ਉਭਾਰ ਆਇਆ। ਲੋਕਾਂ ਵਿੱਚ ਗੁਰੂ ਜੀ ਬਾਰੇ ਏਨਾ ਉਤਸ਼ਾਹ ਸੀ ਕਿ ਬਹੁਤ ਸਾਰੇ ਸ਼ਰਧਾਲੂਆਂ ਅਤੇ ਪੰਚਾਇਤਾਂ ਨੇ ਦਿਲ ਖੋਲ੍ਹ ਕੇ ਪੈਸੇ ਵੀ ਦਿੱਤੇ ਅਤੇ ਜ਼ਮੀਨਾਂ ਵੀ ਦਾਨ ਕੀਤੀਆਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ, ਪਿੰਡ ਪਿੰਡ ਵਿੱਚ ਬਿਜਲੀ ਪਹੁੰਚਾਈ ਗਈ ਅਤੇ ਹੋਰ ਕਈ ਦੂਰ-ਪ੍ਰਭਾਵੀ ਫੈਸਲੇ ਲਏ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਸ਼ਾ ਵਿਭਾਗ ਪੰਜਾਬ ਅਤੇ ਯੂਨੀਵਰਸਿਟੀਆਂ ਵੱਲੋਂ ਮਾਇਨੇ-ਖੇਜ਼ ਖੋਜ-ਪੁਸਤਕਾਂ ਲਿਖਵਾਈਆਂ ਗਈ। ਇਸ ਮੌਕੇ ’ਤੇ ਸਾਰੇ ਹਿੰਦੁਸਤਾਨ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਪਹਿਲਾ ਮੌਕਾ ਸੀ, ਜਦੋਂ ਸਾਰੇ ਦੇਸ਼ ਵਿੱਚ ਇਸ ਗੁਰਪੁਰਬ ਦੀ ਗਜ਼ਟਿਡ ਛੁੱਟੀ ਕੀਤੀ ਗਈ।

1999 ਵਿੱਚ ਮਨਾਏ ਗਏ ਖਾਲਸਾ ਸਾਜਨਾ ਦਿਵਸ ਨੇ ਵੀ ਇੱਕ ਵਾਰੀ ਫੇਰ ਕੌਮੀ-ਝੁਣਝੁਣੀ ਲਗਾ ਦਿੱਤੀ। ਕੇਂਦਰ ਵਿੱਚ ਅਕਾਲੀ ਦਲ ਦੀ ਸਾਂਝ ਸੀ ਅਤੇ ਪੰਜਾਬ-ਸਿਆਸਤ ’ਤੇ ਭਾਰੂ ਬਾਦਲ ਪਰਿਵਾਰ ਮੌਕੇ ਦੀ ਨਬਜ਼ ਭਾਂਪਦੇ ਹੋਏ ਪਰਵਾਸੀ ਗਰਮ ਧਾਰਾ ਨੂੰ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਉਹ ਧੁਰੋਂ ਸਿੱਖ ਹਨ (ਇਸ ਮੌਕੇ ’ਤੇ ਉਹ ਅੰਮ੍ਰਿਤਧਾਰੀ ਵੀ ਬਣੇ)। ਮੈਗਾ ਪ੍ਰੋਜੈਕਟ ਵਕਤ ਸਿਰ ਅਰੰਭੇ ਗਏ ਅਤੇ ਨੇਪਰੇ ਚਾੜ੍ਹੇ ਗਏ। ਅਨੰਦਪੁਰ ਸਾਹਿਬ ਨੂੰ ਦੁਨੀਆਂ ਦੇ ਨਕਸ਼ੇ ’ਤੇ ‘ਵਾਈਟ ਸਿਟੀ’ ਵਜੋਂ ਚਮਕਣ ਦੀ ਖੁਸ਼-ਨਸੀਬੀ ਹਾਸਲ ਹੋਈ। ‘ਵਿਰਾਸਤੇ-ਖਾਲਸਾ’, ਅੱਠਵਾਂ ਅਜੂਬਾ (?) ਵਰਗੇ ਬਹੁ-ਕਰੋੜੀ ਪ੍ਰੋਜੈਕਟ ਇਨ੍ਹਾਂ ਸਮਾਗਮਾਂ ਦਾ ਵੱਡਾ ਹਾਸਲ ਬਣੇ। ਸੰਸਾਰ-ਭਰ ਦੀਆਂ ਮਹੱਤਵਪੂਰਨ ਸਿੱਖ-ਸ਼ਖਸੀਅਤਾਂ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿੱਚ ਸਾਰਥਿਕ ਯੋਗਦਾਨ ਪਾਉਣ ਵਾਸਤੇ ‘ਨਿਸ਼ਾਨ-ਏ-ਖਾਲਸਾ’ ਅਵਾਰਡ ਪ੍ਰਦਾਨ ਕੀਤੇ ਗਏ।

ਇਸ ਸਾਰੇ ਦੇ ਉਲਟ ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਸੀ ਤਾਲ-ਮੇਲ ਦੀ ਅਣਹੋਂਦ ਕਰਕੇ ਬਹੁਤ ਕੁਝ ਐਸਾ ਵਾਪਰਿਆ, ਜੋ ਨਹੀਂ ਸੀ ਵਾਪਰਨਾ ਚਾਹੀਦਾ। ਉਸ ਮੌਕੇ ਕੇਂਦਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਸੀ ਅਤੇ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ। ਧਾਰਮਿਕ ਤੌਰ ’ਤੇ ਅਕਾਲੀ ਦਲ ਭਾਰੂ ਸ਼੍ਰੋਮਣੀ ਕਮੇਟੀ ਵਿਚ, ਬਿਨਾਂ ਸ਼ੱਕ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਚੱਲਦੀ ਸੀ। ਤਾਲ-ਮੇਲ ਨਾ ਹੋਣ ਕਾਰਨ ਕੋਈ ਵੀ ਪ੍ਰੋਜੈਕਟ ਵਕਤ ਸਿਰ ਨਾ ਸ਼ੁਰੂ ਹੋ ਸਕਿਆ। ਤਿੰਨੇ ਧਿਰਾਂ ਆਪਣੀ ਆਪਣੀ ਪੀਪਣੀ ਵੱਖ-ਵੱਖ ਵਜਾਉਂਦੀਆਂ ਰਹੀਆਂ।

ਖ਼ੈਰ! ਫਿਰ ਵੀ ਇਸ ਪਿਛਾਂਹ-ਹਟਵੇਂ ਸ਼ਹਿਰ ਨੂੰ ਕੇਂਦਰ ਸਰਕਾਰ ਵੱਲੋਂ ਰੇਲਵੇ ਸਟੇਸ਼ਨ, ਪੰਜਾਬ ਸਰਕਾਰ ਵੱਲੋਂ ਬੱਸ ਅੱਡਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੇਬੇ ਨਾਨਕੀ ਨਿਵਾਸ ਵਰਗੀ ਸਰ੍ਹਾਂ ਨਸੀਬ ਹੋ ਗਈ।



ਬਾਦਲ ਸਰਕਾਰ ਸਮੇਂ ਉਸਾਰੀ ਗਈ ‘ਵਿਰਾਸਤ-ਏ-ਖਾਲਸਾ’ ਦੀ ਇਮਾਰਤ

ਕੇਂਦਰ ਸਰਕਾਰ ਵੱਲੋਂ ਇਸ ਨੂੰ ਸਮਾਰਟ ਸਿਟੀ ਐਲਾਨੇ ਜਾਣ ਕਰਕੇ ਅੱਜ ਵੀ ਕੁਝ ਨਾ ਕੁਝ ਵਿਕਾਸ ਦਾ ਕੰਮ ਚੱਲਦਾ ਰਹਿੰਦਾ ਹੈ। ਕੇਂਦਰ ਸਰਕਾਰ ਵੱਲੋਂ ਇਸ ਮੌਕੇ ’ਤੇ ਐਲਾਨੇ ਗਏ ਮੈਡੀਕਲ ਕਾਲਜ ਦਾ ਕੰਮ ਵੀ ਕਪੂਰਥਲਾ ਵਿਖੇ ਚੱਲ ਰਿਹਾ ਹੈ। ਸੁਲਤਾਨਪੁਰ ਲੋਧੀ ਵਰਗਾ, ਪਿਛਾਂਹ ਹਟਵਾਂ, ਸੁੱਤ-ਉਨੀਂਦਾ ਸ਼ਹਿਰ ਕੁਝ ਸਮੇਂ ਲਈ ਜਾਗ ਉੱਠਿਆ। ਲੰਗਰ ਵਾਲੇ ਬਾਬਿਆਂ ਨੇ 550 ਪਕਵਾਨਾਂ ਵਾਲਾ ‘ਗੁਰੂ ਕਾ ਲੰਗਰ’ ਲਾਈ ਰੱਖਿਆ। ਪ੍ਰੰਤੂ ਅਫਸੋਸ ਕਿ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਲੱਖਾਂ ਹੀ ਰੁਪਏ ਆਪਣੇ ਆਪਣੇ ਸਮਾਗਮ ਸਥਾਨਾਂ ’ਤੇ ਬਰਬਾਦ ਕੀਤੇ। ਸਮਾਗਮ ਸਥਾਨ ਭਾਵੇਂ ਮੁੱਖ ਤੌਰ ’ਤੇ ਸੁਲਤਾਨਪੁਰ ਲੋਧੀ ਵਿਖੇ ਰਿਹਾ, ਪਰ ਕੋਰੀਡੋਰ ਦਾ ਉਦਘਾਟਨੀ ਸਮਾਰੋਹ ਕਰਤਾਰਪੁਰ ਵਿਖੇ ਅਯੋਜਿਤ ਕੀਤਾ ਗਿਆ। ਇਸ ਸ਼ੁਭ ਮੌਕੇ ਦਾ ਸਭ ਤੋਂ ਵੱਡਾ ਹਾਸਲ ਇਹੀ ਰਿਹਾ ਕਿ ਸਿੱਖਾਂ ਦੀ ਚਿਰੋਕਣੀ ਅਰਦਾਸ ਨੂੰ ਬੂਰ ਪਿਆ ਅਤੇ ਕਰਤਾਰਪੁਰ ਕੋਰੀਡੋਰ ਖੁਲ੍ਹ ਗਿਆ। ਪੰਜਾਬ ਸਰਕਾਰ ਵੱਲੋਂ 550 ‘ਨਾਮਵਰ’ ਵਿਅਕਤੀਆਂ ਨੂੰ ਪੀ.ਟੀ.ਯੂ. ਕਪੂਰਥਲਾ-ਜਲੰਧਰ ਵਿਖੇ ਰਾਤ ਨੂੰ ਡਿਨਰ ਸਮੇਤ ਸਨਮਾਨਿਤ ਕੀਤਾ ਗਿਆ। ਕਿਸੇ ਨੂੰ ਅੱਜ ਤੱਕ ਨਹੀਂ ਪਤਾ ਕਿ ਕਿਸ ਕਿਸ ਨੂੰ ਸਨਮਾਨਤ ਕੀਤਾ ਗਿਆ ਅਤੇ ਕਿਸ ਯੋਗਦਾਨ ਲਈ ਕੀਤਾ ਗਿਆ। ਫਹਿਰਿਸਤ ਵਿੱਚ ਸ਼ਾਮਲ ਬਹੁਤ ਸਾਰੇ ਵਿਅਕਤੀ ਇਸ ਮੌਕੇ ’ਤੇ ਗੈਰ-ਹਾਜ਼ਰ ਰਹੇ। ਅਕਾਦਮਿਕ ਪੱਖੋਂ ਵੀ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦਾ ਕਾਫੀ ਮਾੜਾ ਹਾਲ ਰਿਹਾ: ਗੁਰੂ ਜੀ ਦੇ ਜੀਵਨ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਕੀਤੇ ਦੋਵੇਂ ਕਿਤਾਬਚੇ ਚੈਲਿੰਜ ਹੋਣ ਕਰਕੇ ਰਿਲੀਜ਼ ਹੋਣ ਤੋਂ ਅਗਲੇ ਹੀ ਦਿਨ ਵਾਪਸ ਲੈਣੇ ਪਏ। ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀਆਂ ਬਹੁ-ਮੁੱਲੀ ਪੁਸਤਕਾਂ ਅਨਪੜ੍ਹ ਸਿਆਸਤਦਾਨਾਂ ਤੱਕ ਹੀ ਸੀਮਤ ਰੱਖੀਆਂ ਗਈਆਂ। ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਤੌਰ ’ਤੇ ਵੱਖਰੀ ਵਿਚਾਰਧਾਰਾ ਅਤੇ ਸਥਾਨਕ ਸੰਪਰਦਾ ਮੁਖੀਆਂ ਅਤੇ ਵਿਦਵਾਨਾਂ ਨੂੰ ਬੁਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ। ਸਮਾਗਮਾਂ ਮੌਕੇ ਹਉਮੈ ਦੀ ਐਸੀ ਧੂਣੀ ਧੁਖੀ ਕਿ ਮੌਜੂਦਾ ਅਕਾਲੀ-ਦੁਫੇੜ ਵਿੱਚ ਉਹ ਪ੍ਰਭਾਵ ਅੱਜ ਵੀ ਅਸਰ-ਦੇਹ ਹਨ।

ਦੱਸਣ ਵਾਲੇ ਦੱਸਦੇ ਹਨ ਤੇ ਬੋਲਣ ਵਾਲੇ ਬੋਲਦੇ ਹਨ ਕਿ ਸ਼ਤਾਬਦੀਆਂ ਖੂਬ ਕਮਾਈ ਕਰਨ ਦੇ ਮੌਕੇ ਵੀ ਪ੍ਰਦਾਨ ਕਰਦੀਆਂ ਹਨ। ਕਰੋੜਾਂ ਦੇ ਬਜਟ ਵਿੱਚੋਂ ਸਹੀ ਅਰਥਾਂ ਵਿੱਚ ਕਿੰਨੇ ਲੱਗਦੇ ਹਨ, ਇਹ ਤਾਂ ਰੱਬ ਹੀ ਜਾਣੇ! ਨਗਰ ਕੀਰਤਨਾਂ ਵਿੱਚ ਚੜ੍ਹਾਵੇ ਦੇ ਪੈਸਿਆਂ ਦਾ ਕੀ ਬਣਦਾ ਹੈ, ਪਬਲਿਕ ਕੀ ਜਾਣੇ? ਪੰਜਾਬੋਂ ਬਾਹਰ, ਘੱਟ ਗਿਣਤੀ ਖੇਤਰਾਂ ਵਿੱਚ ਦੂਜਿਆਂ ਨੂੰ ਵਿਦਵਤ ਕਰਨ ਲਈ ਤਾਂ ਨਗਰ ਕੀਰਤਨਾਂ ਦੀ ਸਮਝ ਲੱਗਦੀ ਹੈ, ਪਰ ਪੰਜਾਬ ਵਿੱਚ ਇੱਕ ਪਿੰਡ ਤੋਂ ਦੂਜੇ-ਚੌਥੇ ਪਿੰਡ ਤੱਕ ਅਯੋਜਿਤ ਕੀਤੇ ਜਾਂਦੇ ਨਗਰ ਕੀਰਤਨਾਂ ਵਿੱਚ ਲੱਖਾਂ-ਕਰੋੜਾਂ ਦਾ ਡੀਜ਼ਲ ਬਾਲਣ ਪਿੱਛੇ ਮੰਤਵ ਕੀ ਹੈ, ਸਮਝ ਨਹੀਂ ਪੈਂਦੀ। ਉੱਪਰ ਤੋਂ ਲੈ ਕੇ ਥੱਲੇ ਤੱਕ ਸਿਆਸੀ ਲਾਹਾ ਲੈਣ ਲਈ ਦੀ ਪਰਵਿਰਤੀ ਹਾਸੋ-ਹੀਣੀ ਹੱਦ ਤੱਕ ਨਜ਼ਰ ਆਉਂਦੀ ਹੈ। ਗੁਰੂ-ਆਸ਼ੇ ਦੇ ਉਲਟ, ਹਉਮੈ ਦਾ ਨੰਗਾ ਨਾਚ ਪ੍ਰਤੱਖ ਨਜ਼ਰ ਆਉਂਦਾ ਹੈ।

ਹਾਂ, ਇਹ ਵੀ ਮੰਨਣਾ ਪਵੇਗਾ ਕਿ ਇਨ੍ਹਾਂ ਮੌਕਿਆਂ ’ਤੇ ਬਹੁਤ ਸ਼ਰਧਾ ਅਤੇ ਸਦ-ਭਾਵਨਾ ਨਾਲ ਕੰਮ ਕਰਨ ਵਾਲੇ ਕੁਝ ਇੱਕ ਅਫਸਰ ਮਨ-ਮਸਤਕ ਦੀ ਅਲਾਹੀ ਸ਼ਾਂਤੀ ਦੇ ਹਿੱਸੇਦਾਰ ਜ਼ਰੂਰ ਬਣ ਜਾਂਦੇ ਹਨ ਅਤੇ ਲੋਕ-ਮਨਾਂ ਵਿੱਚ ਵੀ ਵੱਸ ਜਾਂਦੇ ਹਨ। ਸ਼ਰਧਾਲੂ-ਜਨ ਸਦਾ ਵਾਂਗ ਗੁਰੂ ਤੋਂ ਆਪਾ ਵਾਰਨ ਨੂੰ ਤਿਆਰ ਨਜ਼ਰ ਪੈਂਦੇ ਹਨ।

ਮੌਜੂਦਾ ਜ਼ਿੰਮੇਵਾਰ ਧਿਰਾਂ ਲਈ ਇੱਕ ਬਹੁਤ ਮਹੱਤਵਪੂਰਨ ਤਾੜਨਾ: ਅੱਜ ਸ਼ਤਾਬਦੀਆਂ ਮਨਾਉਣ ਵਾਲੇ ਰਾਜਨੀਤਕ ਸਤਾਧਾਰੀਆਂ ਨੂੰ ਇਹ ਸਾਫ-ਸਪਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਜੇ ਕੋਈ ਵੀ ਰਾਜਨੀਤਕ ਜਾਂ ਅਖੌਤੀ ਧਾਰਮਿਕ ਵਿਅਕਤੀ ਸ਼ਤਾਬਦੀਆਂ ਮਨਾਉਣ ਦਾ ਮਨੋਰਥ ਇਹ ਸਮਝੇ ਕਿ ਸ਼ਾਇਦ ਅਜਿਹਾ ਕਰਨ ਨਾਲ ਉਸਦੀ ‘ਸਰਦਾਰੀ’ ਸਥਾਈ ਤੇ ਸਦੀਵੀ ਹੋ ਨਿਬੜੇਗੀ ਅਤੇ ਉਸਦੀ ਪਾਰਟੀ ਨੂੰ ਬਹੁਤ ਵੱਡਾ ਸਿਆਸੀ ਲਾਹਾ ਮਿਲੇਗਾ, ਤਾਂ ਉਹ ਪਿਛਾਂਹ ਨੂੰ ਧਿਆਨ ਮਾਰ ਕੇ ਵੇਖੇ ਕਿ ਕਿੱਥੇ ਹਨ ਉਹ ਸਿਆਸੀ ਹਸਤੀਆਂ ਜੋ ਫਲੈਕਸਾਂ ’ਤੇ ਗੁਰੂ ਜੀ ਦੇ ਬਰਾਬਰ ਆਪਣੀਆਂ ਸੂਰਤਾਂ ਸਜਾਉਂਦੀਆਂ ਹੁੰਦੀਆਂ ਸਨ?

ਇਹ ਸ਼ਤਾਬਦੀਆਂ ‘ਸੇਵਾ ਬਿਨ ਮੇਵਾ’ ਦੀ ਭਾਵਨਾ ਨਾਲ ਹੀ ਮਨਾਉਣੀਆਂ ਸੋਭਦੀਆਂ ਹਨ।

## ਟਰੰਪ ਤੇ ਪੂਤਿਨ ਵਿਚਾਲੇ ਮਿਲਣੀ ’ਤੇ ਸਾਰੀ ਦੁਨੀਆਂ ਦੀਆਂ ਨਜ਼ਰਾਂ

ਸਫਾ ਇੱਕ ਦੀ ਬਾਕੀ...

ਤੁਰੀ। ਰੂਸ ਆਪਣੀ ਇਸ ਜ਼ਿੱਦ ’ਤੇ ਅੜਿਆ ਹੋਇਆ ਹੈ ਕਿ ਜਿਹੜੇ ਇਲਾਕੇ ਉਸ ਨੇ ਜਿੱਤ ਲਏ ਹਨ, ਉਹ ਹੁਣ ਵਾਪਸ ਨਹੀਂ ਕੀਤੇ ਜਾਣਗੇ। ਰੂਸ ਨੇ ਯੂਕਰੇਨ ਦੀ 22 ਫੀਸਦੀ ਭੂਮੀ ਉੱਤੇ ਇਸ ਜੰਗ ਦੌਰਾਨ ਕਬਜ਼ਾ ਕਰ ਲਿਆ ਹੈ। ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੇਂਸਕੀ ਦਾ ਆਖਣਾ ਹੈ ਕਿ ਉਹ ਰੂਸ ਵੱਲੋਂ ਕਬਜਾਈ ਗਈ ਇੱਕ ਇੰਚ ਵੀ ਜ਼ਮੀਨ ਛੱਡਣ ਲਈ ਤਿਆਰ ਨਹੀਂ ਹਨ। ਜੇਲੇਂਸਕੀ ਨੇ ਕਿਹਾ ਕਿ ਯੂਕਰੇਨ ਦਾ ਸੰਵਿਧਾਨ ਉਨ੍ਹਾਂ ਨੂੰ ਇਹ ਇਜਾਜ਼ਤ ਨਹੀਂ ਦਿੰਦਾ। ਜਦਕਿ ਅਮਰੀਕੀ ਰਾਸ਼ਟਰਪਤੀ ਟਰੰਪ ਜ਼ਮੀਨ ਦੇ ਮਾਮਲੇ ਵਿੱਚ ਦੋਹਾਂ ਧਿਰਾਂ ਵੱਲੋਂ ਕੁਝ ਛੱਡ-ਛਡਾ ਕਰਕੇ ਕਿਸੇ ਸਮਝੌਤੇ ’ਤੇ ਪਹੁੰਚਣਾ ਚਾਹੁੰਦੇ ਹਨ। ਲਗਦਾ ਇੰਜ ਹੈ ਕਿ ਜਿਨ੍ਹਾਂ ਇਲਾਕਿਆਂ ਵਿੱਚ ਰੂਸੀ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਬਹੁਗਿਣਤੀ ਹੈ, ਰਾਸ਼ਟਰਪਤੀ ਉਨ੍ਹਾਂ ਇਲਾਕਿਆਂ ਨੂੰ ਰੂਸ ਨੂੰ ਦੇਣ ਲਈ ਯੂਕਰੇਨ ਉੱਪਰ ਜ਼ੋਰ ਪਾਉਣਗੇ, ਜਦਕਿ ਜਿਹੜਾ ਇਸ ਤੋਂ ਅਗਾਂਹ ਇਲਾਕਾ ਰੂਸੀ ਫੌਜਾਂ ਨੇ ਯੂਕਰੇਨ ਦਾ ਆਪਣੇ ਕਬਜ਼ੇ ਵਿੱਚ ਲਿਆ ਹੈ, ਉਸ ਨੂੰ ਯੂਕਰੇਨ ਨੂੰ ਵਾਪਸ ਕਰਨ ਲਈ ਰੂਸ ’ਤੇ ਜ਼ੋਰ ਪਾਇਆ ਜਾਵੇਗਾ।

ਯਾਦ ਰਹੇ, ਰੂਸ ਦੀ ਸਰਹੱਦ ਨਾਲ ਲਗਦੇ ਡੋਨਬਾਸ, ਡੋਨੈਸਕ, ਲੁਹਾਂਸਕ ਜੇਪੋਰੇਜ਼ੀਅ ਅਤੇ ਖੇਰਸੋਨ ਆਦਿ ਦੇ ਕੁਝ ਇਲਾਕਿਆਂ ਵਿੱਚ ਰੂਸੀ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਬਹੁਗਿਣਤੀ ਹੈ। ਇਹ ਲੋਕ ਆਪਣੀ ਖੁਦਮੁਖਤਾਰੀ ਲਈ ਯੂਕਰੇਨ ਨਾਲ ਦੇਰ ਤੋਂ ਲੜਦੇ ਆ ਰਹੇ ਸਨ। ਕੁਝ ਸਾਲ ਪਹਿਲਾਂ ਇਨ੍ਹਾਂ ਇਲਾਕਿਆਂ ਦੇ ਲੋਕਾਂ ਵੱਲੋਂ ਆਪਣੀ ਆਜ਼ਾਦੀ ਦਾ ਐਲਾਨ ਵੀ ਕਰ ਦਿੱਤਾ ਗਿਆ ਸੀ, ਜਿਸ ਨੂੰ ਰੂਸ ਦੀ ਹਮਾਇਤ ਹਾਸਲ ਸੀ। ਰੂਸੀ ਭਾਸ਼ੀ ਇਲਾਕਿਆਂ ਨੂੰ ਹੁਣ ਪੂਤਿਨ ਕਤੱਈ ਯੂਕਰੇਨ ਦੇ ਹਵਾਲੇ ਕਰਨ ਲਈ ਤਿਆਰ ਨਹੀਂ ਹੋਵੇਗਾ। ਜਿੱਤੇ ਹੋਏ ਬਾਕੀ ਇਲਾਕੇ ਉੱਪਰ ਸ਼ਾਇਦ ਉਹ ਕੋਈ ਸਮਝੌਤਾ ਕਰ ਲਵੇ। ਰੂਸ ਦੀ ਇੱਕ ਹੋਰ ਸਮੱਸਿਆ ਕਾਲੇ ਸਾਗਰ ਤੱਕ ਆਪਣੀ ਪਹੁੰਚ ਦੀ ਹੈ। ਉਪਰੋਕਤ ਇਲਾਕਿਆਂ ’ਤੇ ਕਬਜ਼ੇ ਨਾਲ ਰੂਸ ਨੂੰ ਸਮੁੰਦਰੀ ਤੱਟ ਤੱਕ ਸੁਰੱਖਿਅਤ ਪਹੁੰਚ ਮਿਲ ਜਾਂਦੀ ਹੈ। ਇਸ ਦੀ ਅਣਹੋਂਦ ਵਿੱਚ ਰੂਸੀ ਵਸਤਾਂ ਦੇ ਵਪਾਰ ਦੀ ਮਾਰ ਅੱਧੀ ਰਹਿ ਜਾਂਦੀ ਹੈ। ਯਾਦ ਰਹੇ, ਯੂਕਰੇਨ ਦੀ ਲੰਮੀ ਦੱਖਣੀ ਸਰਹੱਦ ਕਾਲੇ ਸਾਗਰ ਨਾਲ ਲਗਦੀ ਹੈ। ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਰੂਸ-ਯੂਕਰੇਨ ਜੰਗ ਨੂੰ ਖਤਮ ਕਰਵਾਉਣਾ ਅਮਰੀਕੀ ਰਾਸ਼ਟਰਪਤੀ ਲਈ ਵੀ ਇੱਕ ਔਖਾ ਕਾਰਜ ਹੈ, ਪਰ ਅਸੰਭਵ ਨਹੀਂ। ਇਸ ਮਸਲੇ ’ਤੇ ਗੱਲਬਾਤ ਹੀ ਨਾ ਤੋਰਨੀ ਸਗੋਂ ਝਗੜੇ ਦੇ ਹੱਲ ਨੂੰ ਅਸੰਭਵ ਬਣਾ ਦੇਣਾ ਹੈ।

ਕੁਝ ਦਿਨ ਪਹਿਲਾਂ ਇਸ ਮੁੱਦੇ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਵੱਲੋਂ ਵਾਈਟ ਹਾਊਸ ਵਿੱਚ ਕੀਤੀ ਗਈ ਇੱਕ ਪ੍ਰੈਸ ਵਿੱਚ ਉਨ੍ਹਾਂ ਕਿਹਾ, ‘ਮੈਂ 2 ਮਿੰਟ ਦੀ ਗੱਲਬਾਤ ਵਿੱਚ ਅੰਦਾਜ਼ਾ ਲਗਾ ਲਵਾਂਗਾ ਕਿ ਪੂਤਿਨ ਜੰਗਬੰਦੀ ਚਾਹੁੰਦਾ ਹੈ ਜਾਂ ਨਹੀਂ।’ ਟਰੰਪ ਨੇ ਦਲੀਲ ਦਿੱਤੀ ਕਿ ਜੰਗਬੰਦੀ ਹੋ ਵੀ ਸਕਦੀ ਹੈ ਅਤੇ ਨਹੀਂ ਵੀ, ਪਰ ਸੰਵਾਦ ਜਾਰੀ ਰਹਿਣਾ ਚਾਹੀਦਾ ਹੈ। ਤਦ ਹੀ ਮਸਲੇ ਦਾ ਕੋਈ ਹੱਲ ਨਿਕਲ ਸਕਦਾ ਹੈ। ਰਾਸ਼ਟਰਪਤੀ ਟਰੰਪ ਦੀ ਇਹ ਦਲੀਲ ਬਿਲਕੁਲ ਵਾਜਬ ਹੈ, ਜਦਕਿ ਵਲਾਦੀਮੀਰ ਜੇਲੇਂਸਕੀ ਅਤੇ ਯੂਰਪੀਨ ਮੁਲਕ ਗੱਲਬਾਤ ਦੇ ਮੌਕਿਆਂ ਨੂੰ ਨਜ਼ਰਅੰਦਾਜ਼ ਕਰਕੇ ਗੈਰ-ਵਿਹਾਰਕ ਰਵੱਈਆ ਅਪਣਾ ਰਹੇ ਹਨ। ਅਮਰੀਕੀ ਰਾਸ਼ਟਰਪਤੀ ਇਹ ਵੀ ਦਲੀਲ ਦਿੰਦੇ ਹਨ ਕਿ ਯੂਕਰੇਨ ਜੰਗ ਰਾਹੀਂ ਖੁੱਸ ਗਏ ਆਪਣੇ ਸਾਰੇ ਇਲਾਕਿਆਂ ਨੂੰ ਹੁਣ ਹਾਸਲ ਨਹੀਂ ਕਰ ਸਕਦਾ। ਇਸ ਲਈ ਕੁਝ ਲੈ-ਦੇ ਕੇ ਜੰਗ ਨੂੰ ਖਤਮ ਕਰਨਾ ਹੀ ਵਾਜਬ ਹੋਵੇਗਾ। ਉਨ੍ਹਾਂ ਦੀ ਦਲੀਲ ਹੈ ਕਿ ਮੁਢ ਵਿੱਚ ਗੋਲੀਬੰਦੀ ਅਤੇ ਬਾਅਦ ਵਿੱਚ ਇਸ ਨੂੰ ਜੰਗਬੰਦੀ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਨੇ ਇਹ ਵੀ ਦਲੀਲ ਦਿੱਤੀ ਕਿ ਅਜ਼ਰਾਬਾਈਜਾਨ ਅਤੇ ਅਰਮੀਨੀਆ ਵਿਚਕਾਰ ਜੰਗਬੰਦੀ ਕਰਵਾ ਕੇ ਉਨ੍ਹਾਂ ਇਸ ਦੀ ਇੱਕ ਮਿਸਾਲ ਵੀ ਪੇਸ਼ ਕੀਤੀ ਹੈ। ਇਹ ਜੰਗ ਕਈ ਦਹਾਕਿਆਂ ਤੋਂ ਚਲੀ ਆ ਰਹੀ ਸੀ।

ਯਾਦ ਰਹੇ, ਅਮਰੀਕਾ ਦਾ ਅੰਟਾਰਟਿਕਾ ਨਾਲ ਲਗਦਾ ਅਲਾਸਕਾ ਦਾ ਇਲਾਕਾ ਕਦੇ ਰੂਸ ਦੇ ਅਧੀਨ ਹੁੰਦਾ ਸੀ ਅਤੇ ਇਸ ਨੂੰ ਉਸ ਸਮੇਂ ਦੇ ਰੂਸੀ ਬਾਦਸ਼ਾਹ ਨੇ 1867 ਵਿੱਚ ਅਮਰੀਕਾ ਨੂੰ ਵੇਚ ਦਿੱਤਾ ਸੀ। ਬਾਅਦ ਵਿੱਚ 1959 ਵਿੱਚ ਇਹ ਅਮਰੀਕਾ ਦਾ ਇਹ ਇੱਕ ਪ੍ਰਾਂਤ ਬਣਿਆ। ਇਹ ਦੋਹਾਂ ਮੁਲਕਾਂ ਵਿਚਾਲੇ ਸਭ ਤੋਂ ਨਜ਼ਦੀਕ ਪੈਂਦੀ ਹੈ। ਇੱਕ ਛੋਟਾ ਜਿਹਾ ਸਮੁੰਦਰੀ ਲਾਂਘਾ ਹੀ ਦੋਹਾਂ ਮੁਲਕਾਂ ਦੇ ਵਿਚਕਾਰ ਹੈ।

ਇਸ ਤੋਂ ਪਹਿਲਾਂ ਮਾਰਚ 2021 ਵਿੱਚ ਅਲਾਸਕਾ ਸੰਸਾਰ ਦੀਆਂ ਨਜ਼ਰਾਂ ਦਾ ਕੇਂਦਰ ਬਣਿਆ ਸੀ, ਜਦੋਂ ਜੋਅ ਬਾਇਡਨ ਦੀ ਅਗਵਾਈ ਵਾਲੀ ਸਰਕਾਰ ਦੀ ਇੱਕ ਡਿਪਲੋਮੈਟਿਕ ਅਤੇ ਸੁਰੱਖਿਆ ਟੀਮ ਚੀਨ ਦੇ ਪ੍ਰਤੀਨਿਧਾਂ ਨੂੰ ਮਿਲੀ ਸੀ। ਰੂਸੀ ਰਾਸ਼ਟਰਪਤੀ ਦੀ ਸਹਾਇਕ ਯੂਰੀ ਉਸ਼ਾਕੋਵ ਨੇ ਇਸ ਮੀਟਿੰਗ ਸੰਬੰਧੀ ਕਿਹਾ ਕਿ ਅਲਾਸਕਾ ਵਿੱਚ ਪਹੁੰਚਣ ਲਈ ਬੀਅਰਿੰਗ ਸਮੁੰਦਰੀ ਖਾੜੀ (ਸਟਰੇਟ) ਹੈ, ਜੋ ਦੋਹਾਂ ਮੁਲਕਾਂ ਵਿਚਕਾਰ ਪੈਂਦੀ ਹੈ। ਇੱਥੇ ਅਮਰੀਕਾ ਅਤੇ ਰੂਸ ਇੱਕ-ਦੂਜੇ ਦੇ ਗਵਾਂਢੀ ਹਨ। ਅਲਾਸਕਾ ਵਿੱਚ ਇਹ ਮੀਟਿੰਗ ਕਿਸ ਥਾਂ ’ਤੇ ਹੋਵੇਗੀ, ਇਸ ਬਾਰੇ ਹਾਲਾਂ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ, ਪਰ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਸਮਾਂ ਆਉਣ ’ਤੇ ਇਸ ਬਾਰੇ ਜਾਣਕਾਰੀ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਸਿਰਫ ਇੰਨਾ ਕਿਹਾ ਕਿ ਦੋਹਾਂ ਮੁਲਕਾਂ ਵਿਚਕਾਰ ਇਹ ਗੱਲਬਾਤ ‘ਮਹਾਨ ਰਾਜ’ (ਗਰੇਟ ਸਟੇਟ) ਅਲਾਸਕਾ ਵਿੱਚ ਹੋਏਗੀ।

ਧਿਆਨਯੋਗ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮਰ ਪੂਤਿਨ ਖਿਲਾਫ ਮਨੁੱਖਤਾ ਵਿਰੋਧੀ ਜੁਰਮਾਂ ਕਾਰਨ ਅੰਤਰਰਾਸ਼ਟਰੀ ਅਦਾਲਤ ਵੱਲੋਂ ਗ੍ਰਿਫਤਾਰੀ ਵਾਰੰਟ ਜਾਰੀ ਹੋ ਚੁੱਕੇ ਹਨ, ਇਸ ਲਈ ਕਿਸੇ ਦੂਜੇ ਮੁਲਕ ਦੀ ਧਰਤੀ ’ਤੇ ਉਨ੍ਹਾਂ ਦੀ ਗ੍ਰਿਫਤਾਰੀ ਦਾ ਸ਼ੰਕਾ ਵੀ ਹੋ ਸਕਦਾ ਹੈ। ਸ਼ਾਇਦ ਇਸੇ ਲਈ ਇਹ ਮੀਟਿੰਗ ਅਲਾਸਕਾ ਵਿੱਚ ਰੱਖੀ ਗਈ ਹੈ। ਕਿਸੇ ਵੀ ਅਣਸੁਖਾਵੀਂ ਘਟਨਾ ਦੀ ਸੂਰਤ ਵਿੱਚ ਰੂਸੀ ਫੌਜਾਂ ਨੂੰ ਕਾਰਵਾਈ ਕਰਨੀ ਕੋਈ ਔਖੀ ਨਹੀਂ ਹੋਵੇਗੀ। ਇਹ ਗੱਲਬਾਤ ਅਲਸਕਾ ਦੇ ਐਂਕੋਰੇਜ ਵਿੱਚ ਹੋਣ ਦੇ ਆਸਾਰ ਹਨ।

ਨੋਬਲ ਅਮਨ ਇਨਾਮ ਦੀ ਝਾਕ ਵਿੱਚੋਂ ਹੀ ਸਹੀ, ਜੇ ਅਮਰੀਕੀ ਰਾਸ਼ਟਰਪਤੀ ਰੂਸ ਯੂਕਰੇਨ ਜੰਗ ਨੂੰ ਖਤਮ ਕਰਵਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ, ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ ਇਹ ਉਨ੍ਹਾਂ ਦੀ ਵੱਡੀ ਪ੍ਰਾਪਤੀ ਹੋਏਗੀ। ਇਸ ਦੀ ਅਣਹੋਂਦ ਵਿੱਚ ਤੀਜੀ ਸੰਸਾਰ ਜੰਗ ਦਾ ਖਤਰਾ ਸੰਸਾਰ ਸਿਰ ਮੰਡਰਾਉਂਦਾ ਰਹੇਗਾ। ਇਸ ਤੋਂ ਇਲਾਵਾ ਇਸ ਜੰਗ ਨੇ ਜਿਹਤੀ ਹਥਿਆਰਾਂ ਦੀ ਦੌੜ, ਪ੍ਰਮਾਣੂ ਹਥਿਆਰਾਂ ਦੀ ਵਰਤੋਂ ਆਦਿ ਦਾ ਖਤਰਾ ਖੜ੍ਹਾ ਕੀਤਾ ਹੈ, ਉਹ ਵੀ ਟਲ ਸਕਦਾ ਹੈ। ਇਹ ਹੋਰ ਵੀ ਜ਼ਿਆਦਾ ਬੇਹਤਰ ਹੋਏਗਾ, ਜੇ ਅਮਰੀਕੀ ਰਾਸ਼ਟਰਪਤੀ ਗਾਜ਼ਾ ਜੰਗ ਨੂੰ ਖਤਮ ਕਰਵਾਉਣ ਅਤੇ ਮੱਧ ਏਸ਼ੀਆ ਵਿੱਚ ਸ਼ਾਂਤੀ ਲਈ ਇਜ਼ਰਾਇਲ ਨੂੰ ਨਕੇਲ ਪਾਉਣ ਦਾ ਯਤਨ ਕਰਨ। ਇਜ਼ਰਾਇਲੀਆਂ ਦਾ ਕਸਾਈਪੁਣਾ ਗਾਜ਼ਾ ਵਿੱਚ ਹੁਣ ਸਭ ਹੱਦਾਂ ਬੰਨੇ ਟੱਪ ਗਿਆ ਹੈ। ਇਸ ਨਾਲ ਪੱਛਮੀ ਮੁਲਕਾਂ ਦੀ ਕਥਿੱਤ ਸਭਿਅਤਾ ਨੂੰ ਵੀ ਧੱਕਾ ਲੱਗ ਰਿਹਾ ਹੈ। ਹੁਣ ਜਦੋਂ ਯੂਰਪੀ ਮੁਲਕ ਅਤੇ ਆਸਟਰੇਲੀਆ ਆਦਿ ਫਲਿਸਤੀਨ ਦੀ ਹੋਂਦ ਦੇ ਹੱਕ ਵਿੱਚ ਆ ਗਏ ਹਨ ਤਾਂ ਇਹ ਇੱਕੱਲਾ ਅਮਰੀਕਾ ਹੀ ਹੈ, ਜਿਹੜਾ ਇਜ਼ਰਾਇਲ ਦੇ ਜਾਂਗਲੀਪੁਣੇ ਦੇ ਹੱਕ ਵਿੱਚ ਖੜ੍ਹਾ ਹੈ ਅਤੇ ਸੁਰੱਖਿਆ ਕੌਂਸਲ ਵਿੱਚ ਇਜ਼ਰਾਇਲ ਵਿਰੁਧ ਕਾਰਵਾਈ ਨੂੰ ਵੀਟੋ ਕਰ ਰਿਹਾ ਹੈ।

ਜਾਣਕਾਰੀ

**ਅਸ਼ਵਨੀ ਚਤਰਥ**
**ਫੋਨ:+91-6284220595**



# ‘ਸਹਾਰਾ ਮਾਰੂਥਲ’ ਦੀ ਹੋਣੀ

## ਰੇਤ ਦੇ ਟਿੱਬਿਆਂ, ਪਥਰੀਲੇ ਮੈਦਾਨਾਂ, ਚੱਟਾਨਾਂ ਨਾਲ ਭਰਪੂਰ ਪਠਾਰ

ਸਹਾਰਾ ਮਾਰੂਥਲ ਸੰਸਾਰ ਦਾ ਸਭ ਤੋਂ ਵੱਡਾ ਗਰਮ ਰੇਗਿਸਤਾਨ ਹੈ। ਕਰੀਬ 90 ਲੱਖ ਵਰਗ ਕਿਲੋਮੀਟਰ ਵਿੱਚ ਫੈਲੇ ਇਸ ਮਾਰੂਥਲ ਦਾ ਪੌਣ-ਪਾਣੀ ਮਨੁੱਖੀ ਰਹਿਣ ਸਹਿਣ ਲਈ ਮੁਸ਼ਕਲਾਂ ਭਰਿਆ ਹੀ ਨਹੀਂ ਸਗੋਂ ਨਾਗਵਾਰ ਵੀ ਹੈ। ਜ਼ਿਕਰਯੋਗ ਹੈ ਕਿ ਸਮੁੱਚੇ ਅਫ਼ਰੀਕਾ ਮਹਾਂਦੀਪ ਦੇ ਕੁੱਲ ਰਕਬੇ ਦਾ 31 ਫ਼ੀਸਦ ਹਿੱਸਾ ਸਹਾਰਾ ਰੇਗਿਸਤਾਨ ਹੀ ਹੈ ਅਤੇ ਭੂ-ਵਿਗਿਆਨੀਆਂ ਅਨੁਸਾਰ ਇਸ ਦਾ ਆਕਾਰ ਹਰ ਸਾਲ ਲਗਾਤਾਰ ਵਧਦਾ ਜਾ ਰਿਹਾ ਹੈ। ਭੂਗੋਲਿਕ ਸਥਿਤੀ ਪੱਖੋਂ ਇਹ ਪੱਛਮ ਵੱਲੋਂ ਅਟਲਾਂਟਿਕ ਮਹਾਂਸਾਗਰ, ਉੱਤਰ ਵੱਲੋਂ ‘ਐਟਲਸ ਪਹਾੜੀਆਂ’, ਪੂਰਵ ਵੱਲੋਂ ਲਾਲ ਸਮੁੰਦਰ ਅਤੇ ਦੱਖਣ ਵੱਲੋਂ ‘ਸਹੇਲ’ ਵਰਗੇ ਨੀਮ ਬੰਜਰ ਖੇਤਰ ਨਾਲ ਘਿਰਿਆ ਹੋਇਆ ਹੈ। ਇਹ ਮਾਰੂਥਲ ਅਫ਼ਰੀਕਾ ਦੇ ਵੱਖ-ਵੱਖ ਦੇਸ਼ਾਂ ਜਿਵੇਂ ਅਲਜ਼ੀਰੀਆ, ਚੈਡ, ਮਿਸਰ, ਲੀਬੀਆ, ਮਾਲੀ, ਸੁਡਾਨ, ਮਾਓਰੀਟਾਨੀਆ, ਮੋਰੱਕੋ, ਨਾਈਜ਼ਰ ਅਤੇ ਟਿਉਨੇਸ਼ੀਆ ਵਿੱਚੋਂ ਹੋ ਕੇ ਲੰਘਦਾ ਹੈ। ਇਨ੍ਹਾਂ ਦੇਸ਼ਾਂ ਦੇ ਜਿਸ ਭਾਗ ਵਿੱਚੋਂ ਸਹਾਰਾ ਰੇਗਿਸਤਾਨ ਲੰਘਦਾ ਹੈ, ਉਨ੍ਹਾਂ ਵਿੱਚੋਂ ਕਈ ਥਾਵਾਂ ’ਤੇ ਤਾਂ ਕਈ-ਕਈ ਸਾਲ ਮੀਂਹ ਵੇਖਣ ਨੂੰ ਵੀ ਨਹੀਂ ਮਿਲਦਾ।

ਸਹਾਰਾ ਮਾਰੂਥਲ ਦਾ ਕੇਂਦਰੀ ਭਾਗ, ਜਿਸ ਵਿੱਚ ਲੀਬੀਆ, ਨੂਬੀਆ, ਟਨੇਰੇ ਅਤੇ ਪੂਰਵੀ ਰੇਗਿਸਤਾਨ ਦੇ ਕੁਝ ਹਿੱਸੇ ਆਉਂਦੇ ਹਨ, ਅਜਿਹਾ ਇਲਾਕਾ ਹੈ ਜਿਸ ਵਿੱਚ ਲਗਾਤਾਰ ਕਈ-ਕਈ ਸਾਲ ਵਰਖਾ ਨਹੀਂ ਹੁੰਦੀ। ਸਹਾਰਾ ਰੇਗਿਸਤਾਨ ਵਿੱਚ ਗਰਮੀਆਂ ਦੇ ਦਿਨਾਂ ਵਿੱਚ ਤਾਪਮਾਨ 47 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ, ਜਦਕਿ ਸੁਡਾਨ ਦੇਸ਼ ਦੇ ‘ਪੋਰਟ ਸੁਡਾਨ’ ਸ਼ਹਿਰ ਵਿੱਚ ਜਮੀਨੀ ਰੇਤ ਦਾ ਤਾਪਮਾਨ 83 ਡਿਗਰੀ ਸੈਲਸੀਅਸ ਤੱਕ ਵੀ ਰਿਕਾਰਡ ਕੀਤਾ ਜਾ ਚੁੱਕਾ ਹੈ। ਇਹ ਦੁਨੀਆ ਦੇ ਹਰੇ-ਭਰੇ ਅਤੇ ਵਿਕਸਿਤ ਇਲਾਕਿਆਂ ਵਿੱਚ ਵੱਸਦੇ ਲੋਕਾਂ ਲਈ ਵੀ ਖ਼ਤਰੇ ਦੀ ਘੰਟੀ ਹੈ ਕਿ ਜੇਕਰ ਅਸੀਂ ਪਾਣੀ ਅਤੇ ਦੂਜੇ ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ ਸੁਚੱਜੇ ਢੰਗ ਨਾਲ ਨਾ ਕੀਤੀ ਤਾਂ ਸਾਨੂੰ ਵੀ ਇੱਕ ਦਿਨ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸਹਾਰਾ ਮਾਰੂਥਲ ਦੀ ਜ਼ਿਆਦਾਤਰ ਜ਼ਮੀਨ ਵਿੱਚ ਰੇਤ ਦੇ ਟਿੱਬੇ, ਪਥਰੀਲੇ ਮੈਦਾਨ, ਚੱਟਾਨਾਂ ਨਾਲ ਭਰਪੂਰ ਪਠਾਰ ਅਤੇ ਰੇਤ ਦੀਆਂ ਪਰਤਾਂ ਵਾਲੇ ਵੱਡੇ-ਵੱਡੇ ਖੇਤਰ ਹਨ। ਕਿਤੇ-ਕਿਤੇ ਕੁਦਰਤੀ ਚਸ਼ਮੇ ਵੀ ਮਿਲਦੇ ਹਨ, ਪਰ ਉਹ ਸਾਰਾ ਸਾਲ ਸੁੱਕੇ ਹੀ ਰਹਿੰਦੇ ਹਨ ਅਤੇ ਪੂਰੇ ਸਾਲ ਵਿੱਚ ਕਦੇ ਕਦਾਈਂ ਮੀਂਹ ਪੈਣ ਨਾਲ ਹੀ ਉਹ ਜਲਨੁਮਾ ਹੁੰਦੇ ਹਨ। ਅਫ਼ਰੀਕਾ ਦੇ ਅਲਜੀਰੀਆ ਅਤੇ ਟਿਉਨੇਸ਼ੀਆ ਦੇਸ਼ਾਂ ਵਿੱਚ ਚੂਨੇ ਦੇ ਪੱਥਰ ਅਤੇ ਲੀਬੀਆ ਵਿੱਚ ਬਲੌਰੀ ਪੱਥਰਾਂ ਦੇ ਬੇਸ਼ੁਮਾਰ ਸਰੋਤ ਹਨ। ਰੇਗਿਸਤਾਨ ਦੇ ਤਕਰੀਬਨ ਇੱਕ ਚੌਥਾਈ ਹਿੱਸੇ ਵਿੱਚ ਰੇਤ ਦੇ ਮੈਦਾਨ ਅਤੇ ਟਿੱਬੇ ਹੀ ਮੌਜੂਦ ਹਨ। ਇੱਥੋਂ ਦੀ ਭੂਗੋਲਿਕ ਰਚਨਾ ਨੂੰ ਬਿਆਨ ਕਰਦੀਆਂ ਟੁੱਟੀਆਂ-ਫੁੱਟੀਆਂ ਪਹਾੜੀਆਂ ਜਿਵੇਂ ‘ਹਵਾਈ ਪਹਾੜੀ’, ‘ਸਹਾਰਾ ਐਟਲਸ’, ‘ਰੈੱਡ ਸੀ ਹਿੱਲ’, ‘ਟਿਬੈਸਟੀ ਪਹਾੜੀ’ ਅਤੇ ‘ਅਹਾਗਰ ਪਹਾੜੀਆਂ’ ਮੌਜੂਦ ਹਨ। ਉੱਤਰੀ ਚੈਡ ਦੀ ‘ਤਿਬੈਸਟੀ ਲੜੀ’ ਵਿੱਚ ‘ਐਮੀ ਕੌਸੀ’ ਪਹਾੜੀ ਸਹਾਰਾ ਦੀ ਸਭ ਤੋਂ ਉੱਚੀ ਪਹਾੜੀ ਹੈ।

ਸੰਸਾਰ ਦੀ ਮਹਾਂ ਵਿਰਾਨੀ ਵਾਲੀ ਜਗ੍ਹਾ ਸਹਾਰਾ ਦੀ ਜੈਵਿਕ ਅਤੇ ਭੂਗੋਲਿਕ ਅਵਸਥਾਵਾਂ ਦੇ ਆਧਾਰ ‘ਤੇ ਇਸ ਵਿੱਚ ਮਿਲਣ ਵਾਲੇ ਪੌਦਿਆਂ ਅਤੇ ਜੰਤੂਆਂ ਦੀਆਂ ਪ੍ਰਜਾਤੀਆਂ ਵਿੱਚ ਵੀ ਬੇਸ਼ੁਮਾਰ ਵਿਭਿੰਨਤਾ ਪਾਈ ਜਾਂਦੀ ਹੈ। ਕੇਂਦਰੀ ਸਹਾਰਾ ਦੇ ਮਹਾਂ ਸੋਕੇ ਵਾਲੇ ਹਾਲਾਤ ਵਿੱਚ ਘੱਟ ਪਾਣੀ ਦੀ ਲੋੜ ਵਾਲੇ ਪੌਦੇ ਜਿਵੇਂ ਅਕੇਸ਼ੀਆ, ਕੰਡੀਲੀ ਝਾੜੀਆਂ, ਤਾੜ, ਘਾਹ ਅਤੇ ਗੁੱਦੇਦਾਰ ਪੱਤਿਆਂ ਵਾਲੇ ਰੁੱਖ ਵਿਰਲੇ-ਵਿਰਲੇ ਮਿਲਦੇ ਹਨ, ਜੋ ਆਪਣੇ-ਆਪ ਨੂੰ ਪਾਣੀ ਦੀ ਕਮੀ ਮੁਤਾਬਕ ਢਾਲਣਯੋਗ ਹੁੰਦੇ ਹਨ। ਸਹਾਰਾ ਰੇਗਿਸਤਾਨ ਵਿੱਚ ਮਿਲਦੇ ਜੀਵਾਂ ਵਿੱਚ ਸਹੇ, ਤਿੱਤਰ, ਡੱਡੂ, ਕਿਰਲੀਆਂ, ਗਿੱਦੜ, ਖਰਗੋਸ਼, ਲੱਕੜਬੱਗੇ, ਨਿਓਲੇ, ਸ਼ੁਤਰਮੁਰਗ ਅਤੇ ਰੀਂਗਣ ਵਾਲੇ ਜੀਵ ਆਦਿ ਸ਼ਾਮਲ ਹਨ।

ਸਹਾਰਾ ਰੇਗਿਸਤਾਨ ਵਿੱਚ ਮਨੁੱਖੀ ਜੀਵਨ ਸ਼ੈਲੀ: ਅਫ਼ਰੀਕਾ ਮਹਾਂਦੀਪ ਦੇ ਤਕਰੀਬਨ ਇੱਕ ਤਿਹਾਈ ਹਿੱਸੇ ਵਿੱਚ ਫੈਲੇ ਸਹਾਰਾ ਮਾਰੂਥਲ ਵਿੱਚ ਪ੍ਰਤੀਕੂਲ ਜਲਵਾਯੂ ਅਤੇ ਪਾਣੀ ਦੀ ਔੜ ਕਰਕੇ ਇਸ ਵਿਸ਼ਾਲ ਖੁਸ਼ਕ ਇਲਾਕੇ ਵਿੱਚ ਮਹਿਜ਼ 25 ਲੱਖ ਦੇ ਕਰੀਬ ਹੀ ਮਨੁੱਖੀ ਆਬਾਦੀ ਰਹਿੰਦੀ ਹੈ। ਹਾਲਾਤ ਇੰਨੇ ਖ਼ਰਾਬ ਅਤੇ ਚੁਣੌਤੀ ਭਰਪੂਰ ਹੁੰਦੇ ਹਨ ਕਿ ਦੂਰ-ਦੂਰ ਤੱਕ ਵੀ ਕੋਈ ਵਿਰਲਾ-ਟਾਂਵਾਂ ਹੀ ਮਨੁੱਖ ਨਜ਼ਰ ਆਉਂਦਾ ਹੈ। ਜੋ ਲੋਕ ਮਾਰੂਥਲ ਵਿੱਚ ਰਹਿੰਦੇ ਵੀ ਹਨ, ਉਹ ਜ਼ਿਆਦਾਤਰ ਟੱਪਰੀਵਾਸਾਂ ਵਾਲਾ ਜੀਵਨ ਬਤੀਤ ਕਰਦੇ ਹਨ ਜੋ ਭੋਜਨ, ਪਾਣੀ ਅਤੇ ਅਨੁਕੂਲ ਵਾਤਾਵਰਨ ਦੀ ਭਾਲ ਵਿੱਚ ਆਪਣੀ ਜਗ੍ਹਾ ਟਿਕਾਣਾ ਬਦਲਦੇ ਰਹਿੰਦੇ ਹਨ। ਉਹ ਬੱਕਰੀਆਂ, ਭੇਡਾਂ ਅਤੇ ਊਠ ਆਦਿ ਪਾਲ ਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ। ਇੱਥੋਂ ਦੇ ਪ੍ਰਮੁੱਖ ਆਜੜੀਆਂ ਦੀਆਂ ਪ੍ਰਜਾਤੀਆਂ ਹਨ: ਉੱਤਰ ਪੱਛਮੀ ਰੇਗਿਸਤਾਨ ਦੇ ‘ਰੇਜੀਬਾਟ ਚਰਵਾਹੇ’, ਉੱਤਰੀ ਅਲਜੀਰੀਆ ਦੇ ‘ਚਾਂਬਾ’ ਅਤੇ ‘ਟਾਓਰੇਗ’ ਚਰਵਾਹੇ ਆਦਿ। ਟਾਓਰੇਗ ਆਜੜੀਏ ਅਲਜੀਰੀਆ, ਲੀਬੀਆ ਅਤੇ ਮਾਲੀ ਦੇਸ਼ਾਂ ਦੇ ਰੇਗਿਸਤਾਨੀ ਇਲਾਕਿਆਂ ਦੀ ਇੱਕ ਪ੍ਰਮੁੱਖ ਪ੍ਰਜਾਤੀ ਹੈ। ਇਨ੍ਹਾਂ ਪ੍ਰਜਾਤੀਆਂ ਵਿੱਚੋਂ ਜ਼ਿਆਦਾਤਰ ਲੋਕ ਅਰਬੀ ਜ਼ੁਬਾਨ ਬੋਲਦੇ ਹਨ। ਇਨ੍ਹਾਂ ਤੋਂ ਇਲਾਵਾ ‘ਟੇਡਾ’ ਅਤੇ ‘ਟੀਬੈਸਟੀ’ ਸ਼੍ਰੇਣੀ ਦੇ ਟੱਪਰੀਵਾਸ ਵੀ ਹਨ, ਜੋ ਊਠ ਪਾਲ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ।

ਸਹਾਰਾ ਰੇਗਿਸਤਾਨ ਦੇ ਕੁਝ ਦਿਲਚਸਪ ਤੱਥ ਵੀ ਜਾਣਨ ਦੀ ਲੋੜ ਹੈ ਜਿਵੇਂ ਕਿ ਸਹਾਰਾ ਰੇਗਿਸਤਾਨ ਵਿੱਚ 20 ਦੇ ਕਰੀਬ ਝੀਲਾਂ ਮੌਜੂਦ ਹਨ, ਜੋ ਜ਼ਿਆਦਾਤਰ ਖਾਰੇ ਪਾਣੀ ਵਾਲੀਆਂ ਹੀ ਹਨ। ਇੱਕ ‘ਚੈਡ’ ਝੀਲ ਹੀ ਇਕੱਲੀ ਤਾਜੇ ਪਾਣੀ ਵਾਲੀ ਝੀਲ ਹੈ। ਸਹਾਰਾ ਦੀ ਸਭ ਤੋਂ ਉੱਚੀ ਚੋਟੀ ‘ਐਮੀ ਕੌਸੀ’ ਹੈ, ਜਿਸਦੀ ਕਿ ਉਚਾਈ 3415 ਮੀਟਰ ਹੈ। ਮਿਸਰ ਦਾ ‘ਕਤਾਰਾ’ ਟੋਭਾ ਸਹਾਰਾ ਰੇਗਿਸਤਾਨ ਦੀ ਸਭ ਤੋਂ ਡੂੰਘੀ ਥਾਂ ਹੈ, ਜਿਸਦੀ ਡੂੰਘਾਈ ਸਮੁੰਦਰੀ ਤਲ ਤੋਂ 436 ਫੁੱਟ ਥੱਲੇ ਹੈ। ਤੇਜ ਹਵਾਵਾਂ ਨਾਲ ਉਡਦੀ ਸਹਾਰਾ ਮਾਰੂਥਲ ਦੀ ਰੇਤ ਵੰਨ-ਸੁਵੰਨੀਆਂ ਆਵਾਜ਼ਾਂ ਕੱਢਦੀ ਹੈ। ਸਹਾਰਾ ਵਿੱਚ ਰੇਤ ਦੇ ਟਿੱਬਿਆਂ ਦੀ ਉਚਾਈ 183 ਮੀਟਰ ਤੱਕ ਹੋ ਸਕਦੀ ਹੈ।

ਸਹਾਰਾ ਮਾਰੂਥਲ ਅਜੋਕੇ ਵਿਕਸਿਤ ਮਨੁੱਖ ਨੂੰ ਇੱਕ ਖ਼ਤਰੇ ਦੀ ਘੰਟੀ ਵੱਲ ਇਸ਼ਾਰਾ ਕਰਦਾ ਹੈ। ਵਿਗਿਆਨਕ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਹਾਰਾ ਮਾਰੂਥਲ ਵੀ ਕਿਸੇ ਸਮੇਂ ਜੰਗਲਾਂ ਨਾਲ ਹਰਿਆ-ਭਰਿਆ ਖੇਤਰ ਹੁੰਦਾ ਸੀ। ਇੱਥੇ ਵੱਡੀਆਂ-ਵੱਡੀਆਂ ਝੀਲਾਂ, ਚਸ਼ਮੇ ਤੇ ਪਾਣੀ ਦੇ ਹੋਰ ਸੋਮੇ ਮੌਜੂਦ ਹੋਇਆ ਕਰਦੇ ਸਨ ਅਤੇ ਜਿਰਾਫ਼ ਅਤੇ ਹਿੱਪੋ ਵਰਗੇ ਜੰਤੂਆਂ ਤੋਂ ਇਲਾਵਾ ਇਸ ਇਲਾਕੇ ਵਿੱਚ ਅਨੇਕਾਂ ਕਿਸਮ ਦੇ ਪੌਦਿਆਂ ਅਤੇ ਪ੍ਰਾਣੀਆਂ ਦੀਆਂ ਪ੍ਰਜਾਤੀਆਂ ਨਿਵਾਸ ਕਰਦੀਆਂ ਸਨ। ਜੈਵਿਕ ਵਿਭਿੰਨਤਾ ਨਾਲ ਭਰਪੂਰ ਇਸ ਖਿੱਤੇ ਵਿੱਚ ਮਨੁੱਖੀ ਵੱਸੋਂ ਦੀ ਵੀ ਸੰਘਣੀ ਆਬਾਦੀ ਹੋਇਆ ਕਰਦੀ ਸੀ। ਇਸ ਖੇਤਰ ਦਾ ਮਾਰੂਥਲ ਵਿੱਚ ਤਬਦੀਲ ਹੋ ਜਾਣਾ ਸੰਕੇਤ ਕਰਦਾ ਹੈ ਕਿ ਮਨੁੱਖ ਨੂੰ ਧਰਤੀ, ਪਾਣੀ ਅਤੇ ਰੁੱਖਾਂ ਸਮੇਤ ਸਾਰੇ ਹੀ ਕੁਦਰਤੀ ਸਰੋਤਾਂ ਦੀ ਮਹੱਤਤਾ ਨੂੰ ਸਮਝਦਿਆਂ ਇਨ੍ਹਾਂ ਦੀ ਤਰਕਸੰਗਤ ਵਰਤੋਂ ਕਰਨੀ ਚਾਹੀਦੀ ਹੈ ਤੇ ਇਨ੍ਹਾਂ ਦੀ ਦੁਰਵਰਤੋਂ ਨੂੰ ਹਰ ਹਾਲਤ ਵਿੱਚ ਰੋਕਣਾ ਚਾਹੀਦਾ ਹੈ। ਏਸ਼ੀਆ ਮਹਾਂਦੀਪ ਅਤੇ ਖ਼ਾਸ ਕਰਕੇ ਭਾਰਤੀਆਂ ਨੂੰ, ਜਿਨ੍ਹਾਂ ਵੱਲੋਂ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਵੱਡੇ ਪੱਧਰ ‘ਤੇ ਨਿਰੰਤਰ ਕੀਤੀ ਜਾ ਰਹੀ ਹੈ, ਆਪਣੇ ਕੁਦਰਤੀ ਸੋਮਿਆਂ ਦੀ ਸੰਭਾਲ ਕਰਨੀ ਚਾਹੀਦੀ ਹੈ। ਰੁੱਖਾਂ ਦੀ ਵੱਧ ਕਟਾਈ, ਵਧਦਾ ਪ੍ਰਦੂਸ਼ਣ ਅਤੇ ਪਾਣੀ ਦੀ ਨਾਜਾਇਜ਼ ਵਰਤੋਂ ਇਸ ਖਿੱਤੇ ਨੂੰ ਰੇਗਿਸਤਾਨ ਵਰਗਾ ਬਣਾਉਣ ਵੱਲ ਤੇਜੀ ਨਾਲ ਕਦਮ ਵਧਾ ਰਹੀ ਹੈ।

ਇੱਥੇ ਇੱਕ ਤਾਜ਼ਾ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਗਿਆ ਹੈ। ਭਾਰਤ ਦੇ ਦੋ ਸ਼ਹਿਰਾਂ- ਬੈਂਗਲੁਰੂ ਅਤੇ ਹੈਦਰਾਬਾਦ ’ਚ ਲੋਕਾਂ ਨੂੰ ਪਾਣੀ ਦੀ ਗੰਭੀਰ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਇੱਕ-ਇੱਕ ਬਾਲਟੀ ਪਾਣੀ ਲਈ ਲੰਮਾ-ਲੰਮਾ ਸਮਾਂ ਲਾਈਨਾਂ ਵਿੱਚ ਆਪਣੀ ਵਾਰੀ ਦੀ ਉਡੀਕ ਕਰਦੇ ਵੇਖੇ ਗਏ ਹਨ। ਅਜਿਹੇ ਹਾਲਾਤ ਹੋਰ ਸ਼ਹਿਰਾਂ ’ਚ ਵੀ ਬਣ ਸਕਦੇ ਹਨ। ਜ਼ਿਕਰਯੋਗ ਹੈ ਕਿ ਇਹ ਸਥਿਤੀ ਗਰਮੀ ਸ਼ੁਰੂ ਹੁੰਦਿਆ ਪੈਦਾ ਹੋ ਗਈ ਸੀ। ਜੇਕਰ ਇਹੀ ਹਾਲਾਤ ਜਾਰੀ ਰਹੇ ਤਾਂ ਲੋਕਾਂ ਨੂੰ ਆਪਣਾ ਜੀਵਨ ਗੁਜਾਰਨਾ ਵੀ ਮੁਸ਼ਕਲ ਹੋ ਜਾਏਗਾ। ਇਸ ਲਈ ਅੱਜ ਲੋੜ ਹੈ ਕਿ ਅਸੀਂ ਆਪਣੇ ਮੁਲਕ, ਆਪਣੇ ਖਿੱਤੇ ਨੂੰ ਰੇਗਿਸਤਾਨ ਬਣਨ ਤੋਂ ਰੋਕਣ ਲਈ ਜਾਗਰੂਕ ਹੋ ਕੇ ਤੇ ਇੱਕ ਮੁੱਠ ਹੋ ਕੇ ਹੰਭਲਾ ਮਾਰੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੇਗਿਸਤਾਨੀ ਇਲਾਕਾ ਦੇਣ ਦੀ ਥਾਂ ਹਰਿਆਵਲ ਤੇ ਪਾਣੀ ਦੇ ਸਰੋਤਾਂ ਦੀ ਸੌਗਾਤ ਦੇ ਕੇ ਜਾਈਏ।






**ਕੁਦਰਤ ਦੇ ਰੰਗ:** (ਖੱਬੇ) ਸਹਾਰਾ ਰੇਗਿਸਤਾਨ ਅਤੇ (ਸੱਜੇ) ‘ਚੈਡ’ ਝੀਲ ਦਾ ਦਿਲਕਸ਼ ਨਜ਼ਾਰਾ

# ਕੈਨੇਡਾ ਵਿੱਚ ਵਿਦਿਆਰਥੀਆਂ ਦੇ ਸਟੱਡੀ ਪਰਮਿਟ ਵਿੱਚ ਕਟੌਤੀ

## ਪੰਜਾਬ ਵਿੱਚ ਵਿਦੇਸ਼ ਪਰਵਾਸ ਦਾ ਘਟਦਾ ਰੁਝਾਨ

ਕੈਨੇਡਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਸਟੱਡੀ ਪਰਮਿਟਸ ਦੀ ਗਿਣਤੀ ਵਿੱਚ ਕਾਫੀ ਕਟੌਤੀ ਕੀਤੀ ਹੈ। ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2025 ਦੀ ਪਹਿਲੀ ਤਿਮਾਹੀ (ਜਨਵਰੀ-ਮਾਰਚ) ਵਿੱਚ ਭਾਰਤੀ ਵਿਦਿਆਰਥੀਆਂ ਨੂੰ ਸਿਰਫ 30,640 ਸਟੱਡੀ ਪਰਮਿਟ ਜਾਰੀ ਕੀਤੇ ਗਏ, ਜੋ 2024 ਦੇ ਇਸੇ ਸਮੇਂ ਦੇ 44,295 ਪਰਮਿਟਸ ਦੇ ਮੁਕਾਬਲੇ 31% ਘੱਟ ਹਨ। ਕੈਨੇਡਾ ਨੇ 2023 ਤੋਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦੀ ਨੀਤੀ ਅਪਣਾਈ ਹੈ। 2023 ਵਿੱਚ ਕੁੱਲ 6.81 ਲੱਖ ਸਟੱਡੀ ਪਰਮਿਟ ਜਾਰੀ ਕੀਤੇ ਗਏ, ਜਿਨ੍ਹਾਂ ਵਿੱਚੋਂ 2.78 ਲੱਖ ਭਾਰਤੀ ਵਿਦਿਆਰਥੀਆਂ ਲਈ ਸਨ। 2024 ’ਚ ਇਹ ਗਿਣਤੀ ਘਟ ਕੇ 5.16 ਲੱਖ ਰਹਿ ਗਈ, ਜਿਸ ਵਿੱਚ 1.88 ਲੱਖ ਭਾਰਤੀ ਵਿਦਿਆਰਥੀ ਸ਼ਾਮਲ ਸਨ, ਜੋ ਕੁੱਲ ਮਿਲਾ ਕੇ 40% ਦੀ ਕਮੀ ਨੂੰ ਦਰਸਾਉਂਦੀ ਹੈ।

IDP ਐਜੂਕੇਸ਼ਨ ਦੇ ਮਾਰਚ 2025 ਦੇ ਸਰਵੇਖਣ ਮੁਤਾਬਕ ਸਖ਼ਤ ਨਿਯਮਾਂ ਕਾਰਨ ਕੈਨੇਡਾ ਹੁਣ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਨਹੀਂ ਰਿਹਾ। ਸਿਰਫ 13% ਵਿਦਿਆਰਥੀ ਹੀ ਕੈਨੇਡਾ ਵਿੱਚ ਪੜ੍ਹਾਈ ਕਰਨ ਦੀ ਇੱਛਾ ਰੱਖਦੇ ਹਨ। ਸਖ਼ਤ ਵਰਕ ਪਰਮਿਟ ਨੀਤੀਆਂ, ਉੱਚ ਰਹਿਣ-ਸਹਿਣ ਦੀ ਲਾਗਤ ਅਤੇ ਸਥਾਈ ਨਿਵਾਸ (PR) ਦੀ ਅਨਿਸ਼ਚਿਤਤਾ ਨੇ ਭਾਰਤੀ ਵਿਦਿਆਰਥੀਆਂ ਦੀ ਰੁਚੀ ਘਟਾਈ ਹੈ। ਉਦਾਹਰਣ ਵਜੋਂ ਵੈਨਕੂਵਰ ਅਤੇ ਟੋਰਾਂਟੋ ਵਰਗੇ ਸ਼ਹਿਰਾਂ ਵਿੱਚ ਇੱਕ ਸਿੰਗਲ ਰੂਮ ਦਾ ਕਿਰਾਇਆ 1,000-1,500 ਕੈਨੇਡੀਅਨ ਡਾਲਰ ਪ੍ਰਤੀ ਮਹੀਨਾ ਹੈ, ਜੋ ਵਿਦਿਆਰਥੀਆਂ ਲਈ ਵਿੱਤੀ ਬੋਝ ਵਧਾਉਂਦਾ ਹੈ।




ਪੰਜਾਬ ਵਿੱਚ ਵਿਦੇਸ਼ ਪਰਵਾਸ ਦਾ ਘਟਦਾ ਰੁਝਾਨ

ਪੰਜਾਬ, ਜੋ ਪਹਿਲਾਂ ਵਿਦੇਸ਼ ਪਰਵਾਸ ਦਾ ਮੁੱਖ ਕੇਂਦਰ ਸੀ, ਵਿੱਚ 2025 ਵਿੱਚ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਕਾਫੀ ਘਟ ਗਿਆ ਹੈ। ਵਿਦੇਸ਼ ਮੰਤਰਾਲੇ ਦੀ ਰਿਪੋਰਟ ਮੁਤਾਬਕ 2025 ਦੇ ਪਹਿਲੇ ਛੇ ਮਹੀਨਿਆਂ ਵਿੱਚ ਸਿਰਫ 3.60 ਲੱਖ ਨਵੇਂ ਪਾਸਪੋਰਟ ਜਾਰੀ ਹੋਏ, ਜੋ ਪਿਛਲੇ ਸਾਲ ਦੇ ਮੁਕਾਬਲੇ ਘੱਟ ਹਨ। 2024 ਵਿੱਚ ਰੋਜ਼ਾਨਾ 2,906 ਪਾਸਪੋਰਟ ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਦਕਿ 2025 ਵਿੱਚ ਇਹ ਅੰਕੜਾ ਘਟ ਕੇ 1,978 ਰਹਿ ਗਿਆ। ਸਾਲ ਦੇ ਅੰਤ ਤੱਕ 7.50 ਲੱਖ ਪਾਸਪੋਰਟ ਜਾਰੀ ਹੋਣ ਦੀ ਸੰਭਾਵਨਾ ਹੈ, ਜੋ ਪਿਛਲੇ ਚਾਰ ਸਾਲਾਂ ਵਿੱਚ ਸਭ ਤੋਂ ਘੱਟ ਹੋਵੇਗੀ।

ਪੰਜਾਬ ਦੀ 3 ਕਰੋੜ ਦੀ ਆਬਾਦੀ ਵਿੱਚੋਂ 95.41 ਲੱਖ ਪਾਸਪੋਰਟ 2014 ਤੋਂ ਹੁਣ ਤੱਕ ਜਾਰੀ ਹੋ ਚੁੱਕੇ ਹਨ, ਜੋ ਦਰਸਾਉਂਦਾ ਹੈ ਕਿ ਹਰ ਤੀਜਾ ਵਿਅਕਤੀ ਪਾਸਪੋਰਟ ਧਾਰਕ ਹੈ; ਪਰ ਸਖ਼ਤ ਵੀਜ਼ਾ ਨੀਤੀਆਂ, ਉੱਚ ਖਰਚੇ ਅਤੇ ਵਿਦੇਸ਼ਾਂ ਵਿੱਚ ਮੁਸੀਬਤਾਂ ਜਿਵੇਂ ਕਿ ਰੁਜ਼ਗਾਰ ਦੀ ਕਮੀ, ਨਸਲਵਾਦ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਨੇ ਪਰਵਾਸ ਦੀ ਇੱਛਾ ਨੂੰ ਘਟਾਇਆ ਹੈ। ਇੱਕ ਦੁਖਦਾਈ ਉਦਾਹਰਣ ਵਜੋਂ, ਫਰੀਦਕੋਟ ਦੇ ਇੱਕ ਨੌਜਵਾਨ ਨੇ ਕੈਨੇਡਾ ਵਿੱਚ ਕੰਮ ਨਾ ਮਿਲਣ ਕਾਰਨ ਮਾਨਸਿਕ ਤਣਾਅ ’ਚ ਖ਼ੁਦਕੁਸ਼ੀ ਕਰ ਲਈ।

### ਵਿਦੇਸ਼ੀ ਵਿਦਿਆਰਥੀਆਂ ਦੀਆਂ ਚੁਣੌਤੀਆਂ

ਪੰਜਾਬੀ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ:

- **ਉੱਚ ਰਹਿਣ-ਸਹਿਣ ਦੀ ਲਾਗਤ:** ਕੈਨੇਡਾ ਦੇ ਸ਼ਹਿਰਾਂ ਵਿੱਚ ਕਿਰਾਇਆ, ਖਾਣ-ਪੀਣ ਅਤੇ ਆਵਾਜਾਈ ਦੇ ਖਰਚੇ ਵਿਦਿਆਰਥੀਆਂ ਲਈ ਵਿੱਤੀ ਬੋਝ ਵਧਾਉਂਦੇ ਹਨ।
- **ਰੁਜ਼ਗਾਰ ਦੀਆਂ ਮੁਸਕਿਲਾਂ:** ਸਖ਼ਤ ਵਰਕ ਪਰਮਿਟ ਨਿਯਮਾਂ ਕਾਰਨ ਪਾਰਟ-ਟਾਈਮ ਨੌਕਰੀਆਂ ਮਿਲਣਾ ਔਖਾ ਹੋ ਗਿਆ ਹੈ।
- **ਮਾਨਸਿਕ ਸਿਹਤ ਸਮੱਸਿਆਵਾਂ:** ਨਵੇਂ ਸੱਭਿਆਚਾਰ ਨਾਲ ਤਾਲਮੇਲ, ਭਾਸ਼ਾ ਦੀਆਂ ਰੁਕਾਵਟਾਂ ਅਤੇ ਨਸਲਵਾਦ ਵਰਗੀਆਂ ਸਮੱਸਿਆਵਾਂ ਵਿਦਿਆਰਥੀਆਂ ਦੇ ਮਨੋਬਲ ਨੂੰ ਪ੍ਰਭਾਵਿਤ ਕਰਦੀਆਂ ਹਨ।
- **ਸਥਾਈ ਨਿਵਾਸ ਦੀ ਅਨਿਸ਼ਚਿਤਤਾ:** ਪੀ.ਆਰ. ਪ੍ਰਕਿਰਿਆ ਦੀਆਂ ਸਖ਼ਤ ਸ਼ਰਤਾਂ ਨੇ ਵਿਦਿਆਰਥੀਆਂ ਦੀ ਵਿਦੇਸ਼ ਸੈਟਲ ਹੋਣ ਦੀ ਇੱਛਾ ਨੂੰ ਘਟਾਇਆ ਹੈ।

### ਪੰਜਾਬ ਵਿੱਚ ਸਥਾਨਕ ਮੌਕਿਆਂ ਦਾ ਵਾਧਾ

2018 ਵਿੱਚ ਪੰਜਾਬ ਵਿੱਚ 7.4% ਦੀ ਬੇਰੁਜ਼ਗਾਰੀ ਦਰ ਨੇ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਕੀਤਾ ਸੀ। ਹੁਣ ਸਰਕਾਰੀ ਯੋਜਨਾਵਾਂ, ਜਿਵੇਂ ਕਿ ਆਈ.ਟੀ. ਅਤੇ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਨ ਵਾਲੀਆਂ ਪਹਿਲਕਦਮੀਆਂ ਨੇ ਸਥਾਨਕ ਮੌਕਿਆਂ ਨੂੰ ਵਧਾਇਆ ਹੈ। ਖੇਤੀਬਾੜੀ ਵਿੱਚ ਘਾਟੇ ਅਤੇ ਕੋਵਿਡ ਮਹਾਮਾਰੀ ਦੌਰਾਨ ਪਰਵਾਸ ਦੀ ਗਿਣਤੀ ਘਟਣ ਨੇ ਵੀ ਨੌਜਵਾਨਾਂ ਨੂੰ ਸਥਾਨਕ ਮੌਕਿਆਂ ਵੱਲ ਮੋੜਿਆ ਹੈ। ਪੰਜਾਬੀ ਭਾਸ਼ਾ, ਜੋ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ, ਪੰਜਾਬੀਆਂ ਦੀ ਵਿਦੇਸ਼ਾਂ ਵਿੱਚ ਮੌਜੂਦਗੀ ਨੂੰ ਦਰਸਾਉਂਦੀ ਹੈ, ਪਰ ਸਥਾਨਕ ਮੌਕਿਆਂ ਦੀ ਵਧਦੀ ਗਿਣਤੀ ਨੇ ਨੌਜਵਾਨਾਂ ਨੂੰ ਆਪਣੇ ਮੁਲਕ ਵਿੱਚ ਸੁਪਨੇ ਸਾਕਾਰ ਕਰਨ ਦਾ ਮਾਰਗ ਵਿਖਾਇਆ ਹੈ।

ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਘਟਦਾ ਰੁਝਾਨ ਸਥਾਨਕ ਅਰਥਵਿਵਸਥਾ ਲਈ ਸਕਾਰਾਤਮਕ ਸੰਕੇਤ ਹੈ। ਸਰਕਾਰ ਨੂੰ ਇਸ ਰੁਝਾਨ ਨੂੰ ਟਿਕਾਊ ਬਣਾਉਣ ਲਈ ਕੁੱਝ ਠੋਸ ਕਦਮ ਚੁੱਕਣੇ ਚਾਹੀਦੇ ਹਨ। ਸਰਕਾਰੀ ਅਤੇ ਸਮਾਜਕ ਯਤਨਾਂ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ ਆਪਣੇ ਮੁਲਕ ਵਿੱਚ ਹੀ ਸਵੈ-ਮਾਣ ਅਤੇ ਰੁਜ਼ਗਾਰ ਹਾਸਲ ਕਰ ਸਕਦੀ ਹੈ। ਸਹੀ ਮਾਰਗਦਰਸ਼ਨ ਅਤੇ ਮੌਕਿਆਂ ਨਾਲ ਪੰਜਾਬ ਦੇ ਨੌਜਵਾਨ ਆਪਣੇ ਸੂਬੇ ਦੇ ਭਵਿੱਖ ਨੂੰ ਨਵੀਆਂ ਉਚਾਈਆਂ ‘ਤੇ ਲੈ ਜਾਣ ਦੀ ਸਮਰੱਥਾ ਰੱਖਦੇ ਹਨ।

**ਪੰਜਾਬੀ ਆ ਗਏ ਓਏ!**

**ਸੁਖਵਿੰਦਰਜੀਤ ਸਿੰਘ ਮਨੌਲੀ**
**ਫੋਨ:+91-94171-2993**

# ਸਰਪ੍ਰੀਤ ਸਿੰਘ ਫੀਫਾ ਵਿਸ਼ਵ ਕੱਪ-2026 'ਚ ਕਰੇਗਾ ਨਿਊਜ਼ੀਲੈਂਡ ਟੀਮ ਦੀ ਨੁਮਾਇੰਦਗੀ

## *ਜਰਮਨੀ ਦੇ ਬਾਇਰਨ ਮਿਓਨਿਖ ਕਲੱਬ ਵੱਲੋਂ ਸਰਪ੍ਰੀਤ ਨਾਲ ਮਿਲੀਅਨ ਡਾਲਰ ਦੀ ਡੀਲ

ਪੰਜਾਬੀ ਆ ਗਏ ਓਏ! ਸੰਸਾਰ ਪ੍ਰਸਿੱਧ ਪੰਜਾਬੀ ਗਾਇਕ ਦਲਜੀਤ ਸਿੰਘ ਦੁਸਾਂਝ ਦੇ ਇਨ੍ਹਾਂ ਬੋਲਾਂ 'ਤੇ ਪੰਜਾਬੀ ਮੂਲ ਦਾ ਫੁਟਬਾਲਰ ਸਰਪ੍ਰੀਤ ਸਿੰਘ ਸੇਰਗਿੱਲ ਉਦੋਂ ਖਰਾ ਉਤਰੇਗਾ, ਜਦੋਂ ਉਹ ਫੀਫਾ ਵਿਸ਼ਵ ਕੱਪ-2026 'ਚ ਨਿਊਜ਼ੀਲੈਂਡ ਦੀ ਫੁਟਬਾਲ ਟੀਮ ਦੀ ਨੁਮਾਇੰਦਗੀ ਕਰੇਗਾ। ਗੌਰਤਲਬ ਹੈ ਕਿ ਨਿਊਜ਼ੀਲੈਂਡ ਦੀ ਫੁਟਬਾਲ ਟੀਮ ਨੇ ਅਮਰੀਕਾ-ਮੈਕਸੀਕੋ-ਕੈਨੇਡਾ ਦੀ ਸਹਿ-ਮੇਜ਼ਬਾਨੀ 'ਚ ਖੇਡੇ ਜਾਣ ਵਾਲੇ ਫੀਫਾ ਵਿਸ਼ਵ ਕੱਪ-2026 ਖੇਡਣ ਲਈ ਕੁਆਲੀਫਾਈ ਕਰ ਲਿਆ ਹੈ। ਸਰਪ੍ਰੀਤ ਸਿੰਘ ਦੁਨੀਆਂ ਦਾ ਪਲੇਠਾ ਪੰਜਾਬੀ ਸਿੱਖ ਪਲੇਅਰ ਹੈ, ਜਿਸ ਨੇ ਫੀਫਾ ਵਰਲਡ ਕੱਪ ਖੇਡਣ ਦਾ ਸੁਪਨਾ ਸਾਕਾਰ ਕੀਤਾ ਹੈ। ਇਹੀ ਨਹੀਂ, ਸਰਪ੍ਰੀਤ ਸਿੰਘ ਸ਼ੇਰਗਿੱਲ ਇੰਡੀਆ ਦਾ ਦੂਜਾ ਸੌਕਰ ਖਿਡਾਰੀ ਹੈ, ਜਿਸ ਨੂੰ ਫੀਫਾ ਵਿਸ਼ਵ ਕੱਪ ਖੇਡਣ ਦਾ ਹੱਕ ਹਾਸਲ ਹੋਵੇਗਾ। ਸਰਪ੍ਰੀਤ ਸਿੰਘ ਤੋਂ ਪਹਿਲਾਂ ਇੰਡੀਆ ਦੇ ਵਿਕਾਸ ਰਾਓ ਧੋਰਾਸੂ ਨੇ ਵਰਲਡ ਫੁਟਬਾਲ ਕੱਪ ਜਰਮਨੀ-2006 'ਚ ਫਰਾਂਸ ਦੀ ਉਪ-ਜੇਤੂ ਫੁਟਬਾਲ ਟੀਮ ਦੀ ਪ੍ਰਤੀਨਿਧਤਾ ਕੀਤੀ ਸੀ, ਪਰ ਇਸ ਦੌਰਾਨ ਵਿਕਾਸ ਰਾਓ ਨੂੰ ਫੀਲਡ 'ਚ ਕੋਈ ਵੀ ਮੈਚ ਖੇਡਣ ਦਾ ਮੌਕਾ ਨਸੀਬ ਨਹੀਂ ਸੀ ਹੋਇਆ। ਇਸ ਦੇ ਉਲਟ ਨਿਊਜ਼ੀਲੈਂਡ ਦੀ ਟੀਮ ਦੀ ਹਾਫ ਲਾਈਨ 'ਚ ਖੇਡਣ ਵਾਲੇ ਅਟੈਕਿੰਗ ਮਿੱਡਫੀਲਡਰ ਸਰਪ੍ਰੀਤ ਸਿੰਘ ਸ਼ੇਰਗਿੱਲ ਨੂੰ ਕੀਵੀ ਖਿਡਾਰੀਆਂ ਨਾਲ ਮੈਦਾਨ 'ਚ ਨਿੱਤਰਨ ਦਾ ਹੱਕ ਇਸ ਕਰਕੇ ਹਾਸਲ ਹੋਵੇਗਾ, ਕਿਉਂਕਿ ਫੀਫਾ ਫੁਟਬਾਲ ਕੱਪ ਦੇ ਕੁਆਲੀਫਾਈ ਰਾਊਂਡਾਂ 'ਚ ਸਰਪ੍ਰੀਤ ਸਿੰਘ ਸ਼ੇਰਗਿੱਲ ਵਲੋਂ ਕੀਵੀ ਟੀਮ ਲਈ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕੀਤਾ ਗਿਆ ਹੈ। ਅਟੈਕਿੰਗ ਮਿੱਡਫੀਲਡਰ ਸਰਪ੍ਰੀਤ ਸ਼ੇਰਗਿੱਲ ਵਲੋਂ ਕੁਆਲੀਫਿਕੇਸ਼ਨ ਰਾਊਂਡਾਂ 'ਚ ਵੈਨੂਆਟੂ ਦੀ ਟੀਮ ਵਿਰੁੱਧ 82 ਮਿੰਟ 'ਚ ਅਤੇ ਫਿਜੀ ਦੀ ਟੀਮ ਖਿਲਾਫ 16 ਮਿੰਟ 'ਚ ਦੋ ਗੋਲ ਸਕੋਰ ਕੀਤੇ ਸਨ। ਇਨ੍ਹਾਂ ਗੋਲਾਂ ਦੀ ਬਦੌਲਤ ਸਰਪ੍ਰੀਤ ਸਿੰਘ ਅਜਿਹਾ ਕ੍ਰਿਸ਼ਮਾ ਕਰਨ ਵਾਲਾ ਭਾਰਤੀ ਮੂਲ ਦਾ ਪਹਿਲਾ ਖਿਡਾਰੀ ਹੈ, ਜਿਸ ਨੇ ਫੀਫਾ ਵਰਲਡ ਕੱਪ ਦੇ ਕੁਆਲੀਫਾਈ ਰਾਊਂਡ 'ਚ ਸਕੋਰ ਕੀਤੇ ਹਨ।

**ਸਰਪ੍ਰੀਤ ਸਿੰਘ ਦਾ ਪੱਖ:** ਕੀਵੀ ਸੌਕਰ ਟੀਮ ਵਲੋਂ ਕੌਮਾਂਤਰੀ ਫੁਟਬਾਲ ਖੇਡਣ 'ਤੇ ਸਰਪ੍ਰੀਤ ਦਾ ਕਹਿਣਾ ਹੈ, "ਨਿਊਜ਼ੀਲੈਂਡ ਦੀ ਕੌਮੀ ਟੀਮ 'ਚ ਭਾਰਤੀ ਮੂਲ ਤੇ ਹੋਰ ਦੇਸ਼ਾਂ ਦੇ ਖਿਡਾਰੀਆਂ ਨੂੰ ਖੇਡਣ ਦੇ ਬਹੁਤੇ ਮੌਕੇ ਨਹੀਂ ਮਿਲਦੇ। ਕੀਵੀ ਟੀਮ ਵਲੋਂ ਮੇਰੇ ਖੇਡਣ 'ਤੇ ਕੁਝ ਲੋਕ 'ਅੰਡਰਡੌਗ' ਕਹਿੰਦੇ ਹਨ, ਪਰ ਮੇਰੇ ਲਈ ਇਹ ਇੱਕ ਸੋਚ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਫੀਲਡ 'ਚ ਕਿੰਨੀ ਮਿਹਨਤ ਕਰਦੇ ਹੋ। ਮੈਦਾਨ 'ਚ ਖੂਨ-ਪਸੀਨਾ ਵਹਾਉਣ ਵਾਲੇ ਲਈ ਸਭ ਕੁਝ ਸੰਭਵ ਹੈ।"

**ਵਿਦੇਸ਼ੀ ਟੀਮਾਂ 'ਚ ਪੰਜਾਬੀ ਖਿਡਾਰੀਆਂ ਦੀ ਝੰਡੀ:** ਹਾਕੀ ਖਿਡਾਰੀਆਂ ਨੇ ਦੇਸ਼ ਤੋਂ ਇਲਾਵਾ ਵਿਦੇਸ਼ੀ ਹਾਕੀ ਟੀਮਾਂ ਕੀਨੀਆ, ਯੂਗਾਂਡਾ, ਮਲੇਸ਼ੀਆ, ਕੈਨੇਡਾ, ਹਾਂਗਕਾਂਗ, ਸਿੰਘਾਪੁਰ, ਇੰਗਲੈਂਡ, ਤਨਜ਼ਾਨੀਆ, ਅਮਰੀਕਾ, ਆਇਰਲੈਂਡ ਤੇ ਨਿਊਜ਼ੀਲੈਂਡ ਦੀ ਨੁਮਾਇੰਦਗੀ 'ਚ ਮੈਦਾਨ 'ਚ ਨਿੱਤਰ ਕੇ ਚੰਗਾ ਨਾਮ ਕਮਾਇਆ ਹੈ। ਵਿਦੇਸ਼ੀ ਹਾਕੀ ਟੀਮਾਂ 'ਚ ਸਟਿੱਕ ਵਰਕ ਦਾ ਕਮਾਲ ਵਿਖਾਉਣ ਵਾਲੇ ਪੰਜਾਬੀ ਖਿਡਾਰੀਆਂ ਦੀ ਵਿਰਾਸਤ ਨਾਲ ਇੱਕ ਵਰਕਾ ਹੋਰ ਜੋੜ ਪੰਜਾਬੀ ਮੂਲ ਦਾ ਸੌਕਰ ਖਿਡਾਰੀ ਸਰਪ੍ਰੀਤ ਸਿੰਘ ਸ਼ੇਰਗਿੱਲ, ਨਿਊਜ਼ੀਲੈਂਡ ਦੀ ਜੂਨੀਅਰ ਤੋਂ ਬਾਅਦ ਸੀਨੀਅਰ ਕੌਮੀ ਫੁਟਬਾਲ ਟੀਮ ਵਲੋਂ ਖੇਡਣ ਸਦਕਾ ਦੇਸ਼ ਅਤੇ ਪੰਜਾਬ ਦਾ ਨਾਂ ਰੋਸ਼ਨ ਕਰ ਰਿਹਾ ਹੈ। ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ 'ਚ 20 ਫਰਵਰੀ 1999 'ਚ ਗਲਵਿੰਦਰ ਸਿੰਘ ਸ਼ੇਰਗਿੱਲ ਦੇ ਗ੍ਰਹਿ ਵਿਖੇ ਸਰਬਜੀਤ ਕੌਰ ਦੀ ਕੁੱਖੋਂ ਜਨਮਿਆ ਸਰਪ੍ਰੀਤ ਸਿੰਘ ਪਹਿਲਾ ਪੰਜਾਬੀ ਫੁਟਬਾਲਰ ਹੈ, ਜਿਸ ਨੂੰ ਨਿਊਜ਼ੀਲੈਂਡ ਦੀ ਸੀਨੀਅਰ ਕੌਮੀ ਫੁਟਬਾਲ ਟੀਮ ਨਾਲ ਕੌਮਾਂਤਰੀ ਫੁਟਬਾਲ ਖੇਡਣ ਦਾ ਰੁਤਬਾ ਹਾਸਲ ਹੋਇਆ ਹੈ। ਇਸ ਤੋਂ ਇਲਾਵਾ ਸਰਪ੍ਰੀਤ ਫੀਫਾ ਵਿਸ਼ਵ ਕੱਪ ਖੇਡ ਚੁੱਕੀ ਨਿਊਜ਼ੀਲੈਂਡ ਦੀ ਕੌਮੀ ਟੀਮ ਦੀ ਨੁਮਾਇੰਦਗੀ ਕਰਨ ਵਾਲਾ ਪਲੇਠਾ ਪੰਜਾਬੀ ਖਿਡਾਰੀ ਵੀ ਨਾਮਜ਼ਦ ਹੋਇਆ ਹੈ। ਸਰਪ੍ਰੀਤ ਸਿੰਘ ਤੋਂ ਪਹਿਲਾਂ ਕਿਸੇ ਵੀ ਪੰਜਾਬੀ ਫੁਟਬਾਲਰ ਨੂੰ ਫੀਫਾ ਫੁਟਬਾਲ ਆਲਮੀ ਕੱਪ ਖੇਡਣ ਵਾਲੀ ਸੌਕਰ ਟੀਮ ਵਲੋਂ ਮੈਦਾਨ 'ਚ ਫੁਟਬਾਲ ਖੇਡਣ ਦਾ ਹੱਕ ਹਾਸਲ ਨਹੀਂ ਹੋਇਆ।

ਇੱਥੇ ਹੀ ਬਸ ਨਹੀਂ, ਸਰਪ੍ਰੀਤ ਸਿੰਘ ਸੰਸਾਰ ਦਾ ਪਹਿਲਾ ਇੰਡੀਅਨ ਤੇ ਪੰਜਾਬੀ ਫੁਟਬਾਲਰ ਹੋਵੇਗਾ, ਜਿਸ ਨੂੰ ਜਰਮਨੀ ਦੇ ਪ੍ਰਸਿੱਧ ਬਾਇਰਨ ਮਿਓਨਿਖ ਐਫ.ਸੀ. ਦੀ ਸੌਕਰ ਟੀਮ ਲਈ ਯੂਰਪੀਅਨ ਸੌਕਰ ਲੀਗ ਖੇਡਣ ਦਾ ਰੁਤਬਾ ਹਾਸਲ ਹੋਇਆ ਹੈ। ਸਟੇਲਰ ਫੁਟਬਾਲ ਲਿਮਟਿਡ ਦੇ ਸੌਕਰ ਏਜੰਟਾਂ ਵਲੋਂ ਸਰਪ੍ਰੀਤ ਸ਼ੇਰਗਿੱਲ ਦੀ ਲੋਕਲ ਫੁਟਬਾਲ ਕਲੱਬ ਵਲਿੰਗਟਨ ਫੀਨਿਕਸ ਨਾਲ ਜਰਮਨੀ ਦੇ ਬਾਇਰਨ ਮਿਓਨਿਖ ਐਫ.ਸੀ. ਨਾਲ ਤਿੰਨ ਸਾਲਾ ਡੀਲ ਤੈਅ ਹੋਈ ਹੈ, ਜਿਸ ਨਾਲ ਸਰਪ੍ਰੀਤ ਸਿੰਘ ਦੀ ਜੇਬ 'ਚ ਹਰ ਸਾਲ ਇੱਕ ਮਿਲੀਅਨ ਅਮਰੀਕਨ ਡਾਲਰ ਪੈਣਗੇ। ਸਰਪ੍ਰੀਤ ਸਿੰਘ ਘਰੇਲੂ ਵਲਿੰਗਟਨ ਫੀਨਿਕਸ ਐਫ.ਸੀ. ਦਾ ਪਲੇਠਾ ਫੁਟਬਾਲਰ ਹੈ, ਜਿਸ ਨੂੰ ਦੁਨੀਆਂ ਦੇ ਚੌਥੇ ਸਭ ਤੋਂ ਅਮੀਰ ਫੁਟਬਾਲ ਕਲੱਬ ਜਰਮਨੀ ਦੇ ਬਾਇਰਨ ਮਿਓਨਿਖ ਦੀ ਟੀਮ 'ਚ ਐਂਟਰੀ ਨਸੀਬ ਹੋਈ ਹੈ। ਨਿਊਜ਼ੀਲੈਂਡ ਦੀ ਸੀਨੀਅਰ ਕੌਮੀ ਟੀਮ ਨਾਲ ਮੈਦਾਨ 'ਚ ਵਿਰੋਧੀ ਟੀਮਾਂ ਦਾ ਮੁਕਾਬਲਾ ਕਰਨ ਵਾਲੇ ਸਰਪ੍ਰੀਤ ਸ਼ੇਰਗਿੱਲ ਨੇ 24 ਮਾਰਚ 2018 'ਚ ਕੈਨੇਡਾ ਦੀ ਸੌਕਰ ਟੀਮ ਨਾਲ ਕਰੀਅਰ ਦਾ ਪਹਿਲਾ ਕੌਮਾਂਤਰੀ ਮੈਚ ਖੇਡਿਆ। ਕੈਨੇਡਾ ਦੀ ਟੀਮ ਨਾਲ ਦੋਸਤਾਨਾ ਮੈਚ 'ਚ ਕਰੀਅਰ ਦਾ ਆਗਾਜ਼ ਕਰਨ ਵਾਲੇ ਸਰਪ੍ਰੀਤ ਸਿੰਘ ਨੇ ਮੁੰਬਈ 'ਚ ਖੇਡੇ ਗਏ ਇੰਟਰਕੌਂਟੀਨੈਂਟਲ ਫੁਟਬਾਲ ਕੱਪ 'ਚ 2 ਜੂਨ 2018 ਨੂੰ ਕੀਨੀਆ ਦੀ ਦੱਖਣੀ ਅਫਰੀਕੀ ਟੀਮ ਵਿਰੁੱਧ ਕਰੀਅਰ ਦਾ ਪਹਿਲਾ ਕੌਮਾਂਤਰੀ ਗੋਲ ਦਾਗਿਆ। ਭਾਰਤ ਦੀ ਮੇਜ਼ਬਾਨੀ 'ਚ ਖੇਡੇ ਗਏ ਇਸੇ ਟੂਰਨਾਮੈਂਟ 'ਚ ਸਰਪ੍ਰੀਤ ਸ਼ੇਰਗਿੱਲ ਨੇ ਮੇਜ਼ਬਾਨ ਟੀਮ ਵਿਰੁੱਧ ਦੋ ਗੋਲ ਦਾਗਣ 'ਚ ਅਹਿਮ ਭੂਮਿਕਾ ਨਿਭਾਈ ਸੀ। ਇਨ੍ਹਾਂ ਦੋਹਾਂ ਗੋਲਾਂ ਦੀ ਬਦੌਲਤ ਮਹਿਮਾਨ ਟੀਮ ਨੇ ਭਾਰਤੀ ਟੀਮ 'ਤੇ 2-1 ਗੋਲ ਦੀ ਜਿੱਤ ਹਾਸਲ ਕੀਤੀ ਸੀ। 2018 'ਚ ਨਿਊਜ਼ੀਲੈਂਡ ਦੀ ਸੀਨੀਅਰ ਕੌਮੀ ਟੀਮ ਵਲੋਂ ਖੇਡਣ ਤੋਂ ਇਲਾਵਾ ਸਰਪ੍ਰੀਤ ਨੇ ਨਾਲ-ਨਾਲ ਫੀਫਾ ਅੰਡਰ-20 ਵਿਸ਼ਵ ਫੁਟਬਾਲ ਕੱਪ 'ਚ ਜੂਨੀਅਰ ਕੀਵੀ ਫੁਟਬਾਲ ਟੀਮ ਦੀ ਪ੍ਰਤੀਨਿਧਤਾ ਵੀ ਕੀਤੀ। 3 ਸਤੰਬਰ 2016 'ਚ ਨਿਊਜ਼ੀਲੈਂਡ ਦੀ ਅੰਡਰ-20 ਟੀਮ 'ਚ ਖੇਡਣ ਵਾਲੇ ਸਰਪ੍ਰੀਤ ਸਿੰਘ ਨੂੰ 12 ਮੈਚਾਂ 'ਚ ਇੱਕ ਗੋਲ ਕਰਨ ਦਾ ਹੱਕ ਹਾਸਲ ਹੈ। 24 ਮਾਰਚ 2018 ਨੂੰ ਨਿਊਜ਼ੀਲੈਂਡ ਦੇ ਚੋਣਕਾਰਾਂ ਵਲੋਂ ਸਰਪ੍ਰੀਤ ਲਈ 20 ਸਾਲ ਦੀ ਉਮਰੇ ਸੀਨੀਅਰ ਕੌਮੀ ਟੀਮ ਵਲੋਂ ਖੇਡਣ ਲਈ ਦਰ ਖੋਲ੍ਹ ਦਿੱਤੇ ਗਏ। ਨੈਸ਼ਨਲ ਟੀਮ ਨਾਲ 17 ਕੌਮਾਂਤਰੀ ਮੈਚਾਂ 'ਚ ਸਰਪ੍ਰੀਤ ਵਿਰੋਧੀ ਟੀਮਾਂ ਸਿਰ 3 ਗੋਲ ਸਕੋਰ ਕਰ ਚੁਕਾ ਹੈ।



ਸਰਪ੍ਰੀਤ ਸਿੰਘ ਸ਼ੇਰਗਿੱਲ

ਮੈਦਾਨ 'ਚ ਖੱਬੇ ਫੁੱਟ ਨਾਲ ਖੇਡਣ ਵਾਲਾ ਸਰਪ੍ਰੀਤ, ਜ਼ਿਲ੍ਹਾ ਜਲੰਧਰ ਦੇ ਪਿੰਡ ਬੁਰਜ ਬਹੂਆ ਦੇ ਜੱਟ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ। ਸਰਪ੍ਰੀਤ ਦੇ ਨਾਨਾ ਹਰਬਖਸ਼ ਸਿੰਘ ਮਾਨ ਦਾ ਮੰਨਣਾ ਹੈ ਕਿ ਉਸ ਦਾ ਦੋਹਤਾ ਸਕੂਲ 'ਚ ਹੋਰ ਗੇਮਾਂ- ਬਾਸਕਟਬਾਲ, ਵਾਲੀਬਾਲ ਆਦਿ ਖੇਡਣ ਨਾਲੋਂ ਫੁਟਬਾਲ ਖੇਡਣ 'ਚ ਜ਼ਿਆਦਾ ਮਗਨ ਰਹਿੰਦਾ ਸੀ। ਸਰਪ੍ਰੀਤ ਸਿੰਘ ਹਾਫ ਲਾਈਨ 'ਚ ਅਟੈਕਿੰਗ ਮਿੱਡਫੀਲਡਰ ਦੀ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਅਨੁਸਾਰ ਸਰਪ੍ਰੀਤ ਨੇ ਤਿੰਨ ਸਾਲ ਦੀ ਉਮਰ 'ਚ ਆਪਣਾ ਧਿਆਨ ਫੁਟਬਾਲ ਖੇਡਣ 'ਤੇ ਫੋਕਸ ਕੀਤਾ। ਨਿਊਜ਼ੀਲੈਂਡ ਦੀ ਅੰਡਰ-17 ਟੀਮ ਨਾਲ ਫੀਫਾ ਵਿਸ਼ਵ ਕੱਪ ਖੇਡਣ ਲਈ ਮੈਦਾਨ 'ਚ ਨਿੱਤਰ ਚੁੱਕੇ ਸਰਪ੍ਰੀਤ ਸਿੰਘ ਨੇ 9 ਸਾਲ ਦੀ ਉਮਰ 'ਚ ਗਰਾਸ ਰੂਟ 'ਤੇ ਫੁਟਬਾਲ ਖੇਡਣ ਲਈ ਓਨਹੋਂਗਾ ਸਪੋਰਟਸ ਫੁਟਬਾਲ ਅਕੈਡਮੀ 'ਚ ਦਾਖਲਾ ਲਿਆ। ਕੀਵੀ ਸੌਕਰ ਟੀਮ ਨਾਲ ਦੱਖਣੀ ਕੋਰੀਆ ਦੀ ਮੇਜ਼ਬਾਨੀ 'ਚ ਅੰਡਰ-20 ਫੀਫਾ ਫੁਟਬਾਲ ਕੱਪ ਖੇਡ ਚੁੱਕੇ ਸਰਪ੍ਰੀਤ ਨੇ 10 ਸਾਲ ਦੀ ਉਮਰ 'ਚ ਆਕਲੈਂਡ ਦੀ ਫੁਟਬਾਲ ਟੀਮ ਦੀ ਨੁਮਾਇੰਦਗੀ 'ਚ ਆਸਟਰੇਲੀਅਨ ਨੈਸ਼ਨਲ ਫੁਟਸਲ ਚੈਂਪੀਅਨਸ਼ਿਪ 'ਚ 'ਮੋਸਟ ਵੈਲਿਊਏਬਲ ਪਲੇਅਰ ਆਫ ਦਿ ਟੂਰਨਾਮੈਂਟ' ਦਾ ਖਿਤਾਬ ਆਪਣੀ ਝੋਲੀ ਪਾਇਆ। ਸਾਲ 2011 'ਚ ਜਪਾਨੀ ਟੀਮ ਖਿਲਾਫ ਉਮਦਾ ਖੇਡ ਦਾ ਮੁਜ਼ਾਹਰਾ ਕਰਨ ਵਾਲੇ ਸਰਪ੍ਰੀਤ ਨੂੰ ਆਸਟਰੇਲੀਆ 'ਚ ਖੇਡੇ ਗਏ ਫੁਟਸਲ ਮੁਕਾਬਲੇ 'ਚ 'ਐਮ.ਆਰ.ਪੀ. ਐਵਾਰਡ' ਨਾਲ ਨਿਵਾਜਿਆ ਗਿਆ। 2012 'ਚ ਮਾਨਚੈਸਟਰ 'ਚ ਖੇਡੇ ਗਏ ਨਾਇਕੀ ਫੁਟਬਾਲ ਕੱਪ 'ਚ ਆਪਣੀ ਕ੍ਰਿਸ਼ਮਈ ਖੇਡ ਦਾ ਮੁਜ਼ਾਹਰਾ ਕਰਨ ਵਾਲੇ ਸਰਪ੍ਰੀਤ ਸਿੰਘ ਨੂੰ 2014 'ਚ ਤੁਰਕੀ ਦਾ ਖੇਡ ਟੂਰ ਕਰਨ ਦਾ ਸੁਨਹਿਰੀ ਮੌਕਾ ਨਸੀਬ ਹੋਇਆ। ਜਰਸੀ ਨੰਬਰ-36 ਨਾਲ ਮੈਦਾਨ 'ਚ ਨਿੱਤਰਨ ਵਾਲੇ ਸਰਪ੍ਰੀਤ ਸ਼ੇਰਗਿੱਲ ਨੇ 2015 'ਚ ਯੂਥ ਕਰੀਅਰ ਦਾ ਆਗਾਜ਼ ਵਲਿੰਗਟਨ ਫੀਨਿਕਸ ਅਕੈਡਮੀ ਦੀ ਸੌਕਰ ਟੀਮ ਵਲੋਂ ਖੇਡਣ ਸਦਕਾ ਕੀਤਾ। ਸਰਪ੍ਰੀਤ ਨੇ 1 ਜੂਨ 2017 ਨੂੰ ਘਰੇਲੂ ਫੁਟਬਾਲ ਕਲੱਬ ਵਲਿੰਗਟਨ ਫੀਨਿਕਸ ਦੀ ਟੀਮ 'ਚ ਦਾਖਲੇ ਨਾਲ ਪੇਸ਼ੇਵਾਰਾਨਾ ਪਾਰੀ ਦਾ ਆਗਾਜ਼ ਕੀਤਾ। ਘਰੇਲੂ ਕਲੱਬ ਨਾਲ ਤਿੰਨ ਸਾਲਾ ਇਕਰਾਰ ਸਾਈਨ ਕਰਨ ਵਾਲੇ ਸਰਪ੍ਰੀਤ ਸ਼ੇਰਗਿੱਲ ਕਲੱਬ ਕਰੀਅਰ 'ਚ 17 ਫਰਵਰੀ 2018 'ਚ ਪਰਥ ਗਲੋਰੀ ਐਫ.ਸੀ. ਦੀ ਟੀਮ ਵਿਰੁੱਧ ਖੇਡਣ ਪਹਿਲੀ ਵਾਰ ਕਿੱਕਾਂ ਮਾਰਨ ਲਈ ਮੈਦਾਨ 'ਚ ਦਾਖਲ ਹੋਇਆ। ਇਸ ਮੈਚ 'ਚ ਸਰਪ੍ਰੀਤ ਸਿੰਘ ਨੇ ਸੀਨੀਅਰ ਪ੍ਰੋਫੈਸ਼ਨਲ ਕਰੀਅਰ 'ਚ ਲੌਂਗ ਰੇਂਜ ਤੋਂ ਪਹਿਲਾ ਗੋਲ ਦਾਗਿਆ। ਆਸਟਰੇਲੀਅਨ ਪਰਥ ਗਲੋਰੀ ਕਲੱਬ ਤੋਂ 2-1 ਨਾਲ ਜਿੱਤ ਦਰਜ ਕਰਨ ਵਾਲੇ ਕੀਵੀ ਕਲੱਬ ਵਲੋਂ ਦੂਜਾ ਜੇਤੂ ਗੋਲ ਵੀ ਸਰਪ੍ਰੀਤ ਦੇ ਪੈਰ 'ਚੋਂ ਹੀ ਨਿਕਲਿਆ। ਆਸਟਰੇਲੀਅਨ ਲੀਗ ਦਾ ਫਾਈਨਲ ਮੈਚ ਮੈਲਬੌਰਨ ਸਿਟੀ ਐਫ.ਸੀ. ਅਤੇ ਵਲਿੰਗਟਨ ਫੀਨਿਕਸ ਐਫ.ਸੀ. ਦਰਮਿਆਨ ਖੇਡਿਆ ਗਿਆ। ਇਸ ਸੀਜ਼ਨ 'ਚ 'ਟਾਪ ਸਕੋਰਰ' ਨਾਮਜ਼ਦ ਹੋਏ ਤੇਜ਼-ਤਰਾਰ ਖਿਡਾਰੀ ਐਡਰੀਜਾ ਕੈਲੁਡੇਰੋਵਿਕ ਤੋਂ ਬਾਅਦ 11 ਗੋਲ ਦਾਗਣ ਵਾਲਾ ਕੀਵੀ ਸਟਰਾਈਕਰ ਸਰਪ੍ਰੀਤ 'ਸੈਕਿੰਡ ਸਰਵੋਤਮ ਸਕੋਰਰ' ਦੇ ਪਾਏਦਾਨ 'ਤੇ ਬਿਰਾਜਮਾਨ ਹੋਇਆ। 2018-19 ਦਾ ਫੁਟਬਾਲ ਸੈਸ਼ਨ ਸਰਪ੍ਰੀਤ ਨੂੰ ਕਲੱਬ ਦੇ ਨਵੇਂ ਕੋਚ ਮਾਰਕ ਰੁਡਨ ਦੀ ਕੋਚਿੰਗ 'ਚ ਖੇਡਣ ਦਾ ਸੁਭਾਗ ਹਾਸਲ ਹੋਇਆ। 12 ਦਸੰਬਰ 2018 ਨੂੰ ਬ੍ਰਿਸਬੇਨ ਐਫ.ਸੀ. ਨਾਲ ਮੈਚ 'ਚ ਸਰਪ੍ਰੀਤ ਸ਼ੇਰਗਿੱਲ ਨੇ ਫਰੀ ਕਿੱਕ ਤੋਂ ਸਕੋਰ ਕਰਕੇ ਟੀਮ ਨੂੰ ਲੀਡ ਹਾਸਲ ਕਰਵਾਈ। ਕੀਵੀ ਕਲੱਬ ਵਲੋਂ 4-1 ਗੋਲ ਨਾਲ ਜਿੱਤੇ ਮੈਚ 'ਚ ਸਰਪ੍ਰੀਤ ਨੇ ਡੇਵਿਡ ਵਿਲੀਅਮਜ਼ ਨੂੰ ਅਸਿਸਟ ਕਰਕੇ ਦੂਜਾ ਗੋਲ ਦਾਗਣ 'ਚ ਸਹਾਇਤਾ ਕੀਤੀ। ਇਸ ਵਾਰ ਸਰਪ੍ਰੀਤ ਨੂੰ ਟੂਰਨਾਮੈਂਟ ਦੇ ਪ੍ਰਬੰਧਕਾਂ ਵਲੋਂ 'ਬੈਸਟ ਪਲੇਅਰ ਇੰਨ ਏ ਲੀਗ' ਐਲਾਨਿਆ ਗਿਆ। ਘਰੇਲੂ ਕਲੱਬ ਵਲੋਂ ਪੂਰਾ ਸੀਜ਼ਨ ਖੇਡਣ ਤੋਂ ਬਾਅਦ ਸਰਪ੍ਰੀਤ ਨੇ ਪਹਿਲੀ ਜੁਲਾਈ 2019 'ਚ ਜਰਮਨੀ ਦੇ ਬਾਇਰਨ ਮਿਓਨਿਖ ਐਫ.ਸੀ. ਦੀ ਟੀਮ ਵਲੋਂ ਖੇਡਣ ਦਾ ਯਾਰਾਨਾ ਗੰਢਿਆ। ਵਲਿੰਗਟਨ ਫੀਨਿਕਸ ਦੀ ਟੀਮ ਨਾਲ 38 ਮੈਚ ਖੇਡਣ ਵਾਲੇ ਸਰਪ੍ਰੀਤ ਸ਼ੇਰਗਿੱਲ ਨੇ 9 ਵਾਰ ਫੁਟਬਾਲ ਨੂੰ ਗੋਲ ਦੀ ਸਰਦਲ ਤੋਂ ਪਾਰ ਲੰਘਾਇਆ। ਵਲਿੰਗਟਨ ਫੀਨਿਕਸ ਐਫ.ਸੀ. ਦੇ ਮੁੱਖ ਕੋਚ ਡੀ. ਬਕਿੰਗਹਾਮ ਨੇ ਸਰਪ੍ਰੀਤ ਸਿੰਘ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਸ ਦੀ ਖੇਡ ਨੂੰ ਸਾਣ 'ਤੇ ਪਰਖਣ ਉਪਰੰਤ ਕੀਤੀ ਇਹ ਟਿੱਪਣੀ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਇਹ ਤੇਜ਼-ਤਰਾਰ ਮੁੰਡਾ ਸਾਡੀ ਸੌਕਰ ਟੀਮ 'ਚ ਭਰੋਸੇਮੰਦ ਖਿਡਾਰੀ ਸਾਬਤ ਹੋਵੇਗਾ। ਸਰਪ੍ਰੀਤ ਨੇ ਉਸਤਾਦ ਦੀਆਂ ਇੱਛਾਵਾਂ 'ਤੇ ਖਰਾ ਉਤਰਦਿਆਂ ਖੇਡੇ 26 ਮੈਚਾਂ 'ਚ ਜਿੱਥੇ ਸ਼ਾਨਦਾਰ ਫੀਡ ਬੈਕ ਦਿੱਤੀ ਹੈ, ਉਥੇ ਆਪਣੇ ਪੈਰਾਂ ਦੇ ਕਮਾਲ ਨਾਲ ਚਾਰ ਗੋਲ ਦਾਗਣ 'ਚ ਸਫਲਤਾ ਵੀ ਹਾਸਲ ਕੀਤੀ। ਸਾਲ-2017 'ਚ ਵਲਿੰਗਟਨ ਫੀਨਿਕਸ ਐਫ.ਸੀ. ਦੇ ਕੋਚ ਅਤੇ ਮੈਨੇਜਰ ਨੇ ਸਰਪ੍ਰੀਤ ਦੀ ਖੇਡ ਤੋਂ ਕਾਇਲ ਹੁੰਦਿਆਂ ਕਲੱਬ ਏਜੰਟਸ ਨੂੰ ਸਰਪ੍ਰੀਤ ਸ਼ੇਰਗਿੱਲ ਨੂੰ ਕਲੱਬ ਟੀਮ 'ਚ ਲਿਆਉਣ ਦੀ ਜ਼ਿੰਮੇਵਾਰੀ ਓਟੀ ਗਈ। ਫਰਵਰੀ 2018 ਨੂੰ ਘਰੇਲੂ ਕਲੱਬ ਵਲੋਂ 'ਏ-ਲੀਗ' ਖੇਡਣ ਲਈ ਮੈਦਾਨ 'ਚ ਕਦਮ ਰੱਖਣ ਵਾਲਾ ਪੰਜਾਬੀ ਫੁਟਬਾਲਰ ਜਿੱਥੇ ਆਪਣੀ ਖੇਡ 'ਚ ਲਗਾਤਾਰ ਨਿਖਾਰ ਲਿਆ ਰਿਹਾ ਹੈ, ਉਥੇ ਕਲੱਬ ਟੀਮ ਦੇ ਗਿਣਵੇਂ ਖਿਡਾਰੀਆਂ 'ਚ ਸ਼ੁਮਾਰ ਹੋ ਚੁੱਕਾ ਹੈ।

6 ਜੁਲਾਈ 2019 'ਚ ਆਪਣੇ ਪਸੰਦੀਦਾ ਕਰੰਟ ਕਲੱਬ ਬਾਇਰਨ ਮਿਓਨਿਖ ਵਲੋਂ 3 ਲੀਗਾ 'ਚ ਲਿਫਰਿੰਗ ਐਫ.ਸੀ. ਵਿਰੁੱਧ ਦੋਸਤਾਨਾ ਮੈਚ ਜਿੱਥੇ ਸਰਪ੍ਰੀਤ ਸ਼ੇਰਗਿੱਲ ਨੇ ਪਹਿਲਾ ਗੋਲ ਅਸਿਸਟ ਕੀਤਾ ਅਤੇ ਦੂਜਾ ਗੋਲ ਆਪਣੇ ਪੈਰੋਂ ਸਕੋਰ ਕਰਕੇ 2-1 ਗੋਲ ਨਾਲ ਜਿੱਤ ਹਾਸਲ ਕੀਤੀ। ਇਸ ਮੈਚ ਦੇ 11 ਦਿਨਾਂ ਬਾਅਦ ਇੰਟਰਨੈਸ਼ਨਲ ਕੌਂਟੀਨੈਂਟਲ ਕੱਪ 'ਚ ਅਰਸਨਲ ਐਫ.ਸੀ. ਦੀ ਟੀਮ ਨਾਲ ਮੈਚ 'ਚ ਬਾਇਰਨ ਮਿਓਨਿਖ ਦੇ ਕੋਚਿੰਗ ਕੈਂਪ ਵਲੋਂ ਸਰਪ੍ਰੀਤ ਸਿੰਘ ਨੂੰ ਸੈਕਿੰਡ ਹਾਫ 'ਚ ਮੈਦਾਨ 'ਚ ਉਤਾਰਿਆ ਗਿਆ। ਜਰਮਨੀ ਦੇ ਕਲੱਬ ਦੇ ਖਿਡਾਰੀਆਂ ਨੇ ਇੰਗਲਿਸ਼ ਕਲੱਬ ਤੋਂ ਇਹ ਮੈਚ 2-1 ਗੋਲ ਦੀ ਜਿੱਤ ਨਾਲ ਆਪਣੀ ਝੋਲੀ ਪਾਇਆ। ਇਸ ਮੈਚ ਤੋਂ ਬਾਅਦ ਸਰਪ੍ਰੀਤ ਇਸੇ ਟੂਰਨਾਮੈਂਟ 'ਚ ਸਪੇਨ ਦੇ ਰੀਅਲ ਮੈਡਰਿਡ ਐਫ.ਸੀ. ਅਤੇ ਇਟਲੀ ਦੇ ਏਸੀ ਮਿਲਾਨ ਐਫ.ਸੀ. ਦੀਆਂ ਫੁਟਬਾਲ ਟੀਮਾਂ ਵਿਰੁੱਧ ਵੀ ਲਗਾਤਾਰ ਦੋ ਮੈਚ ਖੇਡਿਆ। 31 ਜੁਲਾਈ 2019 ਨੂੰ ਸਰਪ੍ਰੀਤ ਔਡੀ ਫੁਟਬਾਲ ਕੱਪ ਦੇ ਫਾਈਨਲ 'ਚ ਬਾਇਰਨ ਮਿਓਨਿਖ ਵਲੋਂ ਟੋਟਨਹੈਮ ਹੌਸਟਪੁਰ ਖਿਲਾਫ ਪੂਰਾ ਮੈਚ ਮੈਦਾਨ 'ਚ ਡਟਿਆ ਰਿਹਾ। ਪ੍ਰੀ-ਲੀਗ ਸੀਜ਼ਨ 'ਚ ਸਰਪ੍ਰੀਤ ਦੀ ਖੇਡ ਤੋਂ ਪ੍ਰਭਾਵਿਤ ਹੁੰਦਿਆਂ ਬਾਇਰਨ ਮਿਓਨਿਖ ਦੇ ਮੁੱਖ ਕੋਚ ਨਿਕੋ ਕੋਵਿਕ ਦੀ ਟਿੱਪਣੀ ਸੀ ਕਿ ਸਰਪ੍ਰੀਤ ਅਜਿਹੇ ਯੰਗ ਖਿਡਾਰੀਆਂ ਦੀ ਟੀਮ 'ਚ ਸ਼ਮੂਲੀਅਤ ਨਾਲ ਕਲੱਬ ਦੀ ਟੀਮ 'ਚ ਸੁਧਾਰ ਨਜ਼ਰ ਆ ਰਿਹਾ ਹੈ, ਜਿਸ ਦੇ ਰੰਗ ਭਵਿੱਖ 'ਚ ਹੋਰ ਵੀ ਰੰਗ ਲਿਆਉਣਗੇ। ਉਂਜ ਇੱਕ ਮੈਚ ਲੂਜ਼ ਕਰਨ ਦੇ ਬਾਵਜੂਦ ਸਰਪ੍ਰੀਤ ਦੀ ਖੇਡ ਦਾ ਜਾਦੂ ਲਗਾਤਾਰ ਕੋਚਿੰਗ ਕੈਂਪ ਨੂੰ ਮੰਤਰ-ਮੁਗਧ ਕਰਦਾ ਰਿਹਾ।

ਸਰਪ੍ਰੀਤ ਸ਼ੇਰਗਿੱਲ, ਭਾਰਤ ਤੋਂ ਬਾਅਦ ਪੰਜਾਬ ਦਾ ਇੱਕੋ-ਇੱਕ ਪਲੇਠਾ ਫੁਟਬਾਲ ਹੈ, ਜਿਸ ਦੀ ਚੋਣ ਨਿਊਜ਼ੀਲੈਂਡ ਦੀ ਸੌਕਰ ਸਿਲੈਕਸ਼ਨ ਕਮੇਟੀ ਵਲੋਂ ਦੱਖਣੀ ਕੋਰੀਆ 'ਚ 20 ਮਈ ਤੋਂ 11 ਜੂਨ ਤੱਕ ਖੇਡੇ ਜਾਣ ਵਾਲੇ ਅੰਡਰ-20 ਫੀਫਾ ਵਿਸ਼ਵ ਕੱਪ ਖੇਡਣ ਲਈ ਕੀਤੀ ਗਈ। ਇਸ ਤੋਂ ਪਹਿਲਾਂ ਸਰਪ੍ਰੀਤ ਸਿੰਘ ਨੂੰ 17 ਅਕਤੂਬਰ ਤੋਂ 3 ਨਵੰਬਰ ਤੱਕ 2019 'ਚ ਚਿੱਲੀ ਦੇ ਅੱਠ ਸ਼ਹਿਰਾਂ 'ਚ ਖੇਡੇ ਗਏ ਅੰਡਰ-17 ਫੀਫਾ ਆਲਮੀ ਫੁਟਬਾਲ ਕੱਪ 'ਚ ਕੀਵੀ ਸੌਕਰ ਟੀਮ ਦੀ ਪ੍ਰਤੀਨਿੱਧਤਾ ਕਰਨ ਦਾ ਸੁਨਹਿਰੀ ਮੌਕਾ ਹਾਸਲ ਹੋ ਚੁੱਕਾ ਹੈ। ਇਸ ਮੁਕਾਬਲੇ 'ਚ ਖੇਡੀਆਂ 24 ਟੀਮਾਂ 'ਚੋਂ ਨਿਊਜ਼ੀਲੈਂਡ ਟੀਮ ਨੂੰ 15ਵਾਂ ਰੈਂਕ ਹਾਸਲ ਹੋਇਆ ਸੀ। ਕੀਵੀ ਕੌਮੀ ਟੀਮ ਦੇ ਮੌਜੂਦਾ ਚੀਫ ਕੋਚ ਡੈਰਨ ਬੈਜ਼ੀਲੇ ਅਨੁਸਾਰ ਚਿੱਲੀ ਵਰਲਡ ਕੱਪ ਖੇਡਣ ਵਾਲੇ 9 ਖਿਡਾਰੀਆਂ ਦੀ ਮੈਰਿਟ ਦੇ ਆਧਾਰ 'ਤੇ ਅੰਡਰ-20 ਸੰਸਾਰ ਫੁਟਬਾਲ ਕੱਪ ਖੇਡਣ ਲਈ ਚੋਣ ਕੀਤੀ ਗਈ ਸੀ। ਸਾਲ 2019 'ਚ ਪੋਲੈਂਡ ਦੇ 6 ਵੱਡੇ ਸ਼ਹਿਰਾਂ 'ਚ ਖੇਡੇ ਗਏ ਵਿਸ਼ਵ-ਵਿਆਪੀ ਫੁਟਬਾਲ ਟੂਰਨਾਮੈਂਟ ਖੇਡਣ ਵਾਲੀਆਂ ਨਾਮਵਰ 24 ਟੀਮਾਂ ਨੂੰ 6 ਗਰੁੱਪਾਂ 'ਚ ਵੰਡਿਆ ਗਿਆ। ਨਿਊਜ਼ੀਲੈਂਡ ਟੀਮ ਨੂੰ ਅਗਲੇ ਗੇੜ 'ਚ ਜਾਣ ਲਈ 'ਪੂਲ-ਈ' 'ਚ ਫਰਾਂਸ, ਹੋਂਡੂਰਸ ਅਤੇ ਵੀਅਤਨਾਮ ਦੀਆਂ ਟੀਮਾਂ ਨਾਲ ਦੋ-ਦੋ ਹੱਥ ਕਰਨੇ ਪਏ; ਪਰ ਟੀਮ 16 ਦੇ ਰਾਊਂਡ 'ਚ ਕੋਲੰਬੀਆ ਨਾਲ 1-1 ਗੋਲ ਨਾਲ ਡਰਾਅ ਖੇਡਣ ਤੋਂ ਬਾਅਦ ਪੈਨਲਟੀ ਕਿੱਕ ਰਾਹੀਂ ਹਾਰ ਕੇ ਖਿਤਾਬੀ ਦੌੜ ਤੋਂ ਬਾਹਰ ਹੋ ਗਈ। ਅੰਡਰ-20 ਫੀਫਾ ਕੱਪ 'ਚ ਕੀਵੀ ਸੌਕਰ ਟੀਮ ਨੂੰ 24 ਟੀਮਾਂ 'ਚੋਂ 11ਵਾਂ ਰੈਂਕ ਹਾਸਲ ਹੋਇਆ। ਹਾਫ ਬੈਕ ਸਰਪ੍ਰੀਤ ਸ਼ੇਰਗਿੱਲ ਵਲੋਂ ਇਸ ਜੂਨੀਅਰ ਫੀਫਾ ਕੱਪ 'ਚ ਇੱਕ ਗੋਲ ਵੀ ਸਕੋਰ ਕੀਤਾ ਗਿਆ ਸੀ।

ਸਰਪ੍ਰੀਤ ਸਿੰਘ ਦੀ ਮਾਤਾ ਸਰਬਜੀਤ ਕੌਰ ਦਾ ਕਹਿਣਾ ਹੈ ਕਿ ਜਦੋਂ ਉਹ 9 ਸਾਲ ਦਾ ਸੀ ਤਾਂ ਉਸ ਨੇ ਚੈਲਸੀ ਦੇ ਫਲੈਗ ਅਤੇ ਕਲੱਬ ਵਲੋਂ ਖੇਡਣ ਵਾਲੇ ਖਿਡਾਰੀਆਂ ਦੇ ਪੋਸਟਰ ਆਪਣੇ ਬੈੱਡਰੂਮ ਦੀਆਂ ਪੂਰੀਆਂ ਦੀਵਾਰਾਂ 'ਤੇ ਚਿਪਕਾਏ ਹੋਏ ਸਨ। ਮਾਂ ਅਨੁਸਾਰ ਸਰਪ੍ਰੀਤ ਆਪਣਾ ਸੁਪਨਾ ਸੱਚ ਕਰਨ ਲਈ ਇੱਕ ਦਿਨ ਚੈਲਸੀ ਐਫ.ਸੀ. ਦੀ ਨੁਮਾਇੰਦਗੀ ਜ਼ਰੂਰ ਕਰੇਗਾ। ਸਰਪ੍ਰੀਤ ਦੇ ਬਚਪਨ ਦੇ ਸਿਖਲਾਇਰ ਲਿਓਨਾਰਡੋ ਡੁਵਾਲ ਦਾ ਮੰਨਣਾ ਹੈ ਕਿ 'ਇਸ ਬੁਆਏ ਦਾ ਬਾਲ 'ਤੇ ਕੰਟਰੋਲ ਸੱਚਮੁੱਚ ਹੀ ਬਹੁਤ ਲਾਜਵਾਬ ਹੋਣ ਦੇ ਨਾਲ-ਨਾਲ ਕਦਮਾਂ ਦਾ ਵੀ ਤਾਲਮੇਲ ਵੇਖਣਯੋਗ ਹੁੰਦਾ ਹੈ। ਸਰਪ੍ਰੀਤ ਆਪਣੀ ਹਮਉਮਰ ਦੇ ਕਿੱਡਜ਼ ਨਾਲੋਂ ਹਮੇਸ਼ਾ ਅਲੱਗ ਤੇ ਚੰਗਾ ਕਰਨ ਦੀ ਆਦਤ ਦਾ ਮਾਲਕ ਹੈ। ਬਸ ਇਹੋ ਖੇਡ ਤਕਨੀਕ ਸਰਪ੍ਰੀਤ ਦੇ ਹੋਰ ਅੱਗੇ ਵਧਣ 'ਚ ਸਹਾਈ ਸਿੱਧ ਹੋ ਰਹੀ ਹੈ।' ਫੁਟਬਾਲ ਦੇ ਫਰੀਸ਼ਤੇ ਦੀ ਦਿਆਲਤਾ ਨਾਲ ਜੇਕਰ ਸਰਪ੍ਰੀਤ ਦੀ ਖੇਡ ਦਾ ਸਿਤਾਰਾ ਇਸੇ ਤਰ੍ਹਾਂ ਚਮਕਦਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਉਸ ਨੂੰ ਰੋਨਾਲਡੋ ਅਤੇ ਮੈਸੀ ਦੀ ਤਰ੍ਹਾਂ ਆਪਣੀਆਂ ਟੀਮਾਂ 'ਚ ਲਿਆਉਣ ਲਈ ਵਿਦੇਸ਼ੀ ਫੁਟਬਾਲ ਕਲੱਬਾਂ 'ਚ ਦੌੜ ਸ਼ੁਰੂ ਹੋਵੇਗੀ।

# ਇੰਡੋਨੇਸ਼ੀਆ ਵਿਖੇ ਵੱਖ-ਵੱਖ ਕਿੱਤਿਆਂ 'ਚ ਰੁੱਝੇ ਹਨ ਪੰਜਾਬੀ

*ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਇੰਜ ਹੀ ਇੰਡੋਨੇਸ਼ੀਆ ਵਿਖੇ ਪੰਜਾਬੀ ਵੱਖ-ਵੱਖ ਕਿੱਤਿਆਂ ਰਾਹੀਂ ਕਿਰਤ ਕਰਨ 'ਚ ਰੁੱਝੇ ਹੋਏ ਹਨ। ਇਸ ਤੋਂ ਇਲਾਵਾ ਧਾਰਮਿਕ ਖੇਤਰ ਸਣੇ ਖੇਡਾਂ ਅਤੇ ਸਿਆਸਤ ਵਿੱਚ ਵੀ ਸਿੱਖਾਂ ਨੇ ਨਾਮਣਾ ਖੱਟਿਆ ਹੈ। ਪੇਸ਼ ਹੈ, ਪੰਜਾਬੀਆਂ ਦੀ ਇੰਡੋਨੇਸ਼ੀਆ ਨਾਲ ਸਾਂਝ ਦਾ ਸੰਖੇਪ ਵੇਰਵਾ...*

**ਬੋਲਦੇ ਪੰਨੇ**



ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਗੁਰਦੁਆਰਾ ਸਾਹਿਬ ਤੇਨਜੰਗ ਪ੍ਰਾਇਓਕ (ਇੰਡੋਨੇਸ਼ੀਆ)

ਸੰਸਾਰ ਦੇ ਨਕਸ਼ੇ 'ਤੇ ਹਿੰਦ ਮਹਾਂਸਾਗਰ ਅਤੇ ਪ੍ਰਸ਼ਾਂਤ ਮਹਾਂਸਾਗਰ ਦੇ ਦਰਮਿਆਨ ਸਥਿਤ ਇੰਡੋਨੇਸ਼ੀਆ, ਅਸਲ ਵਿੱਚ ਦੱਖਣ-ਪੂਰਬ ਏਸ਼ੀਆ ਦਾ ਇੱਕ ਦੇਸ਼ ਹੈ। ਇਹ ਦੇਸ਼ ਜਾਵਾ ਅਤੇ ਸੁਮਾਤਰਾ ਸਣੇ ਲਗਪਗ 17,000 ਟਾਪੂਆਂ ਦਾ ਸਮੂਹ ਹੈ। ਆਪਣੇ 19,04,569 ਵਰਗ ਕਿਲੋਮੀਟਰ ਦੇ ਰਕਬੇ ਨਾਲ ਇਹ ਖੇਤਰਫ਼ਲ ਪੱਖੋਂ ਦੁਨੀਆਂ ਦਾ 14ਵਾਂ ਵੱਡਾ ਮੁਲਕ ਹੈ। ਇਸਦੀ ਆਬਾਦੀ 28.50 ਕਰੋੜ ਦੇ ਕਰੀਬ ਹੈ ਤੇ ਇਹ ਸੰਸਾਰ ਦਾ ਚੌਥਾ ਸਭ ਤੋਂ ਵੱਧ ਵੱਸੋਂ ਵਾਲਾ ਦੇਸ਼ ਹੈ। ਇਸਨੂੰ ਦੁਨੀਆਂ ਦਾ ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲਾ ਮੁਲਕ ਹੋਣ ਦਾ ਸ਼ਰਫ਼ ਵੀ ਹਾਸਿਲ ਹੈ। ਇਥੋਂ ਦੀ ਵੱਸੋਂ ਘਣਤਾ 143 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਦਿਲਚਸਪ ਤੱਥ ਇਹ ਵੀ ਹੈ ਕਿ ਇਸ ਮੁਲਕ ਦਾ ਅਹਿਮ ਹਿੱਸਾ ਕਹੇ ਜਾਂਦੇ ਜਾਵਾ ਨਾਮਕ ਟਾਪੂ ਉੱਤੇ ਇਸਦੀ ਅੱਧੀ ਆਬਾਦੀ ਵੱਸਦੀ ਹੈ ਤੇ ਇਸ ਟਾਪੂ ਨੂੰ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਟਾਪੂ ਵੀ ਕਿਹਾ ਜਾਂਦਾ ਹੈ। ਇਸਦੀ ਰਾਜਧਾਨੀ ਜਕਾਰਤਾ ਹੈ ਤੇ ਇਸ ਮੁਲਕ ਨੂੰ ਨੀਦਰਲੈਂਡ ਕੋਲੋਂ 17 ਅਗਸਤ 1945 ਨੂੰ ਆਜ਼ਾਦੀ ਮਿਲੀ ਸੀ।

ਇਹ ਮੰਨਿਆ ਜਾਂਦਾ ਹੈ ਕਿ ਇੰਡੋਨੇਸ਼ੀਆ ਵਿੱਚ ਵੱਸਣ ਵਾਲੇ ਭਾਰਤੀ ਮੂਲ ਦੇ ਲੋਕਾਂ ਦੀ ਸੰਖਿਆ 1.20 ਲੱਖ ਦੇ ਕਰੀਬ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਉਹ ਤਾਮਿਲ ਵਿਅਕਤੀ ਹਨ, ਜੋ ਡੱਚ ਬਸਤੀਵਾਦੀ ਕਾਲ ਦੌਰਾਨ ਸੰਨ 1930 ਦੇ ਆਸ-ਪਾਸ ਇੱਥੋਂ ਦੇ ਪੌਦਾ ਉਦਯੋਗ ਵਿੱਚ ਕੰਮ ਕਰਨ ਲਈ ਇੱਥੇ ਲਿਆਂਦੇ ਗਏ ਸਨ। ਉਂਜ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਅਜੋਕੇ ਭਾਰਤ 'ਚੋਂ ਇੱਥੇ ਆ ਕੇ ਰਹਿਣ ਅਤੇ ਕੰਮ ਕਰਨ ਵਾਲੇ ਵਿਅਕਤੀਆਂ ਦੀ ਸੰਖਿਆ ਅੰਦਾਜ਼ਨ ਨੌਂ ਹਜ਼ਾਰ ਹੈ। ਇੱਥੇ ਸਥਿਤ 'ਇੰਡੀਆ ਕਲੱਬ' ਅਤੇ 'ਇੰਡੀਅਨ ਐਸੋਸੀਏਸ਼ਨ ਆਫ਼ ਸੌਰਭਿਆ' ਨਾਂ ਦੇ ਸੰਗਠਨ ਭਾਰਤੀਆਂ ਦੀਆਂ ਵੱਖ-ਵੱਖ ਜ਼ਰੂਰਤਾਂ ਪੂਰੀਆਂ ਕਰਨ ਲਈ ਕੰਮ ਕਰਦੇ ਹਨ।

ਜੇਕਰ ਇੰਡੋਨੇਸ਼ੀਆ ਵਿਖੇ ਵੱਸਦੇ ਪੰਜਾਬੀਆਂ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇੱਥੇ ਵੱਸਦੇ ਪੰਜਾਬੀਆਂ ਦੀ ਗਿਣਤੀ 40 ਹਜ਼ਾਰ ਤੋਂ 60 ਹਜ਼ਾਰ ਦੇ ਨੇੜੇ-ਤੇੜੇ ਹੈ, ਤੇ ਇੱਥੇ ਵੱਸਦੇ ਭਾਰਤੀਆਂ ਵਿੱਚੋਂ ਤਾਮਿਲਾਂ ਤੋਂ ਬਾਅਦ ਪੰਜਾਬੀਆਂ ਦੀ ਹੀ ਬਹੁਗਿਣਤੀ ਹੈ। ਇੱਥੇ ਵੱਸਦੇ ਸਿੱਖਾਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੀਆਂ ਉਦਾਸੀਆਂ ਦੌਰਾਨ ਸੁਮਾਤਰਾ ਵਿਖੇ ਪਧਾਰੇ ਸਨ। ਇਨ੍ਹਾਂ ਸਿੱਖਾਂ ਦਾ ਇਹ ਮੰਨਣਾ ਹੈ ਕਿ ਗੁਰੂ ਜੀ ਇੱਥੇ ਅੰਡੇਮਾਨ ਟਾਪੂਆਂ ਅਤੇ ਸ੍ਰੀਲੰਕਾ ਰਸਤੇ ਪੁੱਜੇ ਸਨ। ਇੱਥੇ ਇਹ ਜ਼ਿਕਰਯੋਗ ਹੈ ਕਿ ਸਥਾਨਕ ਇਤਿਹਾਸਕਾਰ ਇਨ੍ਹਾਂ ਗੱਲਾਂ ਨੂੰ ਸਵੀਕਾਰ ਨਹੀਂ ਕਰਦੇ ਹਨ ਤੇ ਕੇਵਲ ਇੱਕ ਮਿੱਥ ਤੋਂ ਵੱਧ ਹੋਰ ਕੁਝ ਨਹੀਂ ਮੰਨਦੇ ਹਨ।

ਇਤਿਹਾਸਕ ਹਵਾਲਿਆਂ ਤੋਂ ਜਾਣਕਾਰੀ ਮਿਲਦੀ ਹੈ ਕਿ ਸੰਨ 1828 ਵਿੱਚ ਪੱਛਮੀ ਬੋਰਨਿਊ ਖਿੱਤੇ ਵਿੱਚੋਂ ਇੱਕ ਲਿਖ਼ਤੀ ਬਿਰਤਾਂਤ ਮਿਲਿਆ ਸੀ, ਜੋ ਦੱਸਦਾ ਸੀ ਕਿ ਮੀਕਾ ਸਿੰਘ ਅਤੇ ਨੱਛਾ ਸਿੰਘ ਨਾਂ ਦੇ ਦੋ ਦਸਤਾਰਧਾਰੀ ਅਤੇ ਕਾਲੇ ਦਾਹੜੇ ਵਾਲੇ ਸ਼ਖ਼ਸ ਸਬੰਧਿਤ ਰਾਜ ਦੀ ਫ਼ੌਜ ਦੇ ਮੁਖੀ ਦੇ ਸਲਾਹਕਾਰ ਸਨ, ਜੋ ਜੰਗ ਦੀਆਂ ਲੋੜਾਂ ਪੂਰੀਆਂ ਕਰਨ ਲਈ ਭਾਰਤ ਤੋਂ ਨੌਜਵਾਨਾਂ ਨੂੰ ਭਰਤੀ ਕਰਕੇ ਇੱਥੇ ਲਿਆਉਂਦੇ ਸਨ। ਇਸੇ ਤਰ੍ਹਾਂ ਸੰਨ 1836 ਨਾਲ ਸਬੰਧਿਤ ਇੱਕ ਰਿਕਾਰਡ ਪੁਸਤਕ ਅਨੁਸਾਰ 'ਮੈਕੋਏ' ਉਪਨਾਮ ਵਾਲੇ ਇੱਕ ਸ਼ਖ਼ਸ ਨੇ ਆਸਟਰੇਲੀਆ ਵਿਖੇ ਸਥਿਤ ਆਪਣੇ ਗੰਨੇ ਦੇ ਖੇਤਾਂ ਵਿੱਚ ਕੰਮ ਕਰਨ ਲਈ 50 ਸਿੱਖ ਮਜ਼ਦੂਰਾਂ ਦੀ ਭਰਤੀ ਕੀਤੀ ਸੀ। ਕੁਝ ਹੋਰ ਇਤਿਹਾਸਕ ਦਸਤਾਵੇਜ਼ਾਂ ਅਨੁਸਾਰ ਸੰਨ 1880 ਦੇ ਆਸ-ਪਾਸ ਪੰਜਾਬੀ ਸਿੱਖਾਂ ਨੂੰ ਪੁਲਿਸ ਜਾਂ ਫ਼ੌਜ ਵਿੱਚ ਕੰਮ ਕਰਨ ਲਈ ਬਰਤਾਨਵੀ ਫ਼ੌਜ ਵੱਲੋਂ ਇੱਥੇ ਲਿਆਂਦਾ ਗਿਆ ਸੀ। ਇਸ ਤੋਂ ਬਾਅਦ ਉੱਨੀਵੀਂ ਸਦੀ ਦੇ ਅਖ਼ੀਰ ਵਿੱਚ ਵੱਡੀ ਸੰਖਿਆ ਵਿੱਚ ਪੰਜਾਬੀ ਸਿੱਖ ਉੱਤਰੀ ਸੁਮਾਤਰਾ ਵਿਖੇ ਆ ਕੇ ਵੱਸਣੇ ਸ਼ੁਰੂ ਹੋ ਗਏ ਸਨ।

ਪੰਜਾਬੀਆਂ ਨੇ ਇੰਡੋਨੇਸ਼ੀਆ ਵਿਖੇ ਆ ਕੇ ਡੇਅਰੀ ਫਾਰਮਿੰਗ, ਵਪਾਰ, ਖੇਡਾਂ ਦਾ ਸਮਾਨ ਬਣਾਉਣ ਦੇ ਉਦਯੋਗਾਂ ਅਤੇ ਸੁਰੱਖਿਆ ਏਜੰਸੀਆਂ ਵਿੱਚ ਕੰਮ ਕਰਨ ਸਣੇ ਕਈ ਹੋਰ ਕਿੱਤਿਆਂ ਨੂੰ ਅਪਣਾ ਲਿਆ ਸੀ। ਦੱਸਣਯੋਗ ਹੈ ਕਿ ਪੰਜਾਬ ਤੋਂ ਇੰਡੋਨੇਸ਼ੀਆ ਆਏ ਇਹ ਪੰਜਾਬੀ ਸਿੱਖ ਪੰਜਾਬ ਦੇ ਮਾਝਾ ਅਤੇ ਦੁਆਬਾ ਖਿੱਤਿਆਂ ਨਾਲ ਸਬੰਧਤ ਸਨ। ਇੱਕ ਹੋਰ ਇਤਿਹਾਸਕ ਸੱਚ ਇਹ ਵੀ ਹੈ ਕਿ ਦੂਜੀ ਸੰਸਾਰ ਜੰਗ ਸਮੇਂ ਇੱਥੇ ਵੱਸਦੇ ਕੁਝ ਪੰਜਾਬੀ ਸਿੱਖਾਂ ਨੂੰ ਭਾਰਤੀ ਦੇਸ਼ ਭਗਤ ਸੁਭਾਸ਼ ਚੰਦਰ ਬੋਸ ਨੇ ਆਪਣੀ 'ਇੰਡੀਅਨ ਨੈਸ਼ਨਲ ਆਰਮੀ' ਵਿੱਚ ਭਰਤੀ ਕਰ ਲਿਆ ਸੀ। ਇਹ ਪੰਜਾਬੀ ਸੈਨਿਕ ਜਾਪਾਨੀਆਂ ਦੇ ਨਾਲ ਰਲ਼ ਕੇ ਜੰਗ ਲੜੇ ਸਨ, ਪਰ ਜਾਪਾਨ ਵੱਲੋਂ ਆਤਮ-ਸਮਰਪਣ ਕਰ ਦੇਣ ਪਿੱਛੋਂ ਕੁਝ ਪੰਜਾਬੀ ਸੈਨਿਕ ਜਾਪਾਨ ਵਿਰੋਧੀ ਇੰਡੋਨੇਸ਼ੀਅਨ ਲੜਾਕੂਆਂ ਨਾਲ ਸ਼ਾਮਿਲ ਹੋ ਗਏ ਸਨ।

ਬੜੀ ਹੀ ਮਜ਼ੇਦਾਰ ਗੱਲ ਹੈ ਕਿ ਪੰਜਾਬੀਆਂ ਦੇ ਇੰਡੋਨੇਸ਼ੀਆ ਵਿੱਚ ਚਿਰੋਕਣੇ ਵੱਸੇ ਹੋਣ ਕਰਕੇ ਇੱਥੇ ਵੱਸਦੇ ਵੱਖ-ਵੱਖ ਸਮਾਜਾਂ ਦੇ ਲੋਕ ਬੜੀ ਚੰਗੀ ਤਰ੍ਹਾਂ ਪੰਜਾਬੀ ਭਾਸ਼ਾ ਬੋਲਣੀ ਅਤੇ ਸਮਝਣੀ ਸਿੱਖ ਚੁੱਕੇ ਹਨ, ਪਰ ਨਾਲ ਹੀ ਦੁੱਖ ਦੀ ਗੱਲ ਇਹ ਵੀ ਹੈ ਕਿ ਇੰਡੋਨੇਸ਼ੀਆ ਵਿਖੇ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਹਾਸਿਲ ਨਹੀਂ ਹੈ। ਇਨ੍ਹਾਂ ਨੂੰ ਮੁੱਖ ਤੌਰ 'ਤੇ ਹਿੰਦੂ ਸਮਾਜ ਦਾ ਹੀ ਅੰਗ ਮੰਨਿਆ ਜਾਂਦਾ ਹੈ ਤੇ ਸਮਾਜਿਕ ਪੱਖੋਂ ਵੀ ਇੰਡੋਨੇਸ਼ੀਆਈ ਲੋਕ ਸਿੱਖਾਂ ਨੂੰ ਵਿਦੇਸ਼ੀ ਜਾਂ ਬਾਹਰੀ ਵਿਅਕਤੀ ਹੀ ਸਮਝਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਸਿੱਖ ਧਰਮ ਅਸਥਾਨਾਂ ਦੀ ਦੇਖ-ਭਾਲ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਤੇ ਕੀਰਤਨ ਕਰਨ ਵਿੱਚ ਇੱਥੇ ਵੱਸਦੀਆਂ ਸਿੰਧੀ ਮਹਿਲਾਵਾਂ ਦਾ ਵੱਡਾ ਯੋਗਦਾਨ ਹੈ।

ਆਪਣੇ ਧਰਮ ਅਸਥਾਨਾਂ ਨੂੰ ਬੇਹੱਦ ਸਤਿਕਾਰ ਦੇਣ ਵਾਲੇ ਸਿੱਖਾਂ ਨੇ ਸੰਨ 1925 ਵਿੱਚ ਇੰਡੋਨੇਸ਼ੀਆ ਅੰਦਰ 'ਤੇਨਜੰਗ ਪ੍ਰਾਇਓਕ ਗੁਰਦੁਆਰਾ ਸਾਹਿਬ' ਦੀ ਸਥਾਪਨਾ ਕੀਤੀ ਸੀ। ਇਸ ਗੁਰਦੁਆਰਾ ਸਾਹਿਬ ਦੇ ਨਿਰਮਾਣ ਵਿੱਚ ਸ. ਪ੍ਰਤਾਪ ਸਿੰਘ, ਸ. ਪ੍ਰਸ਼ਾਂਤ ਸਿੰਘ, ਸ. ਦਸੌਂਧਾ ਸਿੰਘ ਅਤੇ ਸ. ਹਜ਼ੂਰਾ ਸਿੰਘ ਦਾ ਵੱਡਾ ਯੋਗਦਾਨ ਸੀ ਤੇ ਇੱਥੇ ਗੁਰ-ਮਰਿਆਦਾ ਅਨੁਸਾਰ ਧਾਰਮਿਕ ਪ੍ਰਵਾਹ ਚਲਾਉਣ ਲਈ ਇੱਕ 'ਗਿਆਨੀ ਜੀ' ਨੂੰ ਵਿਸ਼ੇਸ਼ ਤੌਰ 'ਤੇ ਭਾਰਤ ਤੋਂ ਲਿਆਂਦਾ ਗਿਆ ਸੀ। ਇਸ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਪਾਠ ਅਤੇ ਕੀਰਤਨ ਕਰਨ ਵਿੱਚ ਸਿੰਧੀ ਔਰਤਾਂ ਨੇ ਵੱਡੀ ਭੂਮਿਕਾ ਨਿਭਾਈ ਸੀ। ਸੰਨ 1930 ਵਿੱਚ ਮੇਦਾਨ ਨਾਂ ਦੇ ਨਗਰ ਵਿਖੇ 'ਯਾਸਨ ਮਿੱਸੀ ਗੁਰਦੁਆਰਾ ਸਾਹਿਬ' ਦੀ ਸਥਾਪਨਾ ਕੀਤੀ ਗਈ ਸੀ, ਜਿਸਨੂੰ ਬਾਅਦ ਵਿੱਚ ਸੂਬਾ ਸਰਕਾਰ ਤੋਂ ਵੀ ਮਦਦ ਹਾਸਿਲ ਹੋਈ ਸੀ। ਇਸ ਗੁਰਦੁਆਰਾ ਸਾਹਿਬ ਦੀ ਇਹ ਵਿਸ਼ੇਸ਼ਤਾ ਹੈ ਕਿ ਇੱਥੇ ਸਿਹਤ, ਦਾਨ ਅਤੇ ਹੋਰ ਸਮਾਜਿਕ ਕਾਰਜਾਂ ਨਾਲ ਸਬੰਧਿਤ ਗਤੀਵਿਧੀਆਂ ਵੱਡੇ ਪੱਧਰ 'ਤੇ ਕਰਵਾਈਆਂ ਜਾਂਦੀਆਂ ਹਨ। ਮੇਦਾਨ ਨਗਰ ਵਿਖੇ ਹੀ 'ਗੁਰਦੁਆਰਾ ਸ੍ਰੀ ਗੁਰੂ ਅਰਜੁਨ ਦੇਵ ਜੀ' ਵੀ ਸੁਸ਼ੋਭਿਤ ਹੈ, ਜਿਸਦਾ ਨਿਰਮਾਣ ਸੰਨ 1953 ਵਿੱਚ ਕੀਤਾ ਗਿਆ ਸੀ। ਸ਼ੁਰੂਆਤੀ ਸਾਲਾਂ ਵਿੱਚ ਇਸਦੀ ਇਮਾਰਤ ਕਾਫੀ ਛੋਟੀ ਸੀ, ਪਰ ਬਾਅਦ ਵਿੱਚ ਸਮੇਂ ਅਤੇ ਸਮਾਜ ਦੀਆਂ ਲੋੜਾਂ ਅਨੁਸਾਰ ਇਸਦਾ ਵਿਸਥਾਰ ਕਰ ਦਿੱਤਾ ਗਿਆ ਸੀ।

ਉਕਤ ਤੋਂ ਇਲਾਵਾ ਇੰਡੋਨੇਸ਼ੀਆ ਵਿਖੇ ਸੰਨ 1954 ਵਿੱਚ 'ਪਾਸਾਰ ਬਾਰੂ ਗੁਰਦੁਆਰਾ' ਦੀ ਵੀ ਸਥਾਪਨਾ ਕੀਤੀ ਗਈ ਸੀ, ਜਿਸ ਵਿੱਚ ਪੰਜਾਬੀ ਸਮਾਜ ਦੇ ਪ੍ਰੀਤਮ ਸਿੰਘ, ਅਵਤਾਰ ਸਿੰਘ, ਸ਼ਿਵ ਸਿੰਘ, ਅਜੀਤ ਸਿੰਘ, ਤਰਲੋਕ ਸਿੰਘ, ਪ੍ਰਤਾਪ ਸਿੰਘ, ਕੁਲਵੰਤ ਸਿੰਘ ਅਤੇ ਹਰਚੰਦ ਸਿੰਘ ਆਦਿ ਤੋਂ ਇਲਾਵਾ ਮਸ਼ਹੂਰ ਸਿੰਧੀ ਵਪਾਰੀਆਂ- ਪਾਸਾਰ ਬਾਰੂ, ਆਰ.ਐਲ. ਸੇਠ ਅਤੇ ਜੀ.ਐਲ. ਵੋਹਰਾ ਨੇ ਵਿਸ਼ੇਸ਼ ਯੋਗਦਾਨ ਪਾਇਆ ਸੀ। ਇਹ ਗੁਰਦੁਆਰਾ ਬਾਅਦ ਵਿੱਚ ਜਕਾਰਤਾ ਦਾ ਸਭ ਤੋਂ ਵੱਡਾ ਗੁਰਦੁਆਰਾ ਬਣ ਗਿਆ ਸੀ। ਇਸੇ ਤਰ੍ਹਾਂ ਦੱਖਣੀ ਜਕਾਰਤਾ ਵਿਖੇ ਸਥਿਤ ਜਾਲਾਨ ਜੌਹਰੀ ਨਾਂ ਦੇ ਇਲਾਕੇ ਵਿੱਚ 'ਗੁਰਦੁਆਰਾ ਗੁਰੂ ਨਾਨਕ' ਦੀ ਸਥਾਪਨਾ ਐਚ.ਐਸ. ਭੁੱਲਰ, ਚਰਨਜੀਤ ਸਿੰਘ ਮਹਿਸਮਪੁਰ ਅਤੇ ਬਲਵੰਤ ਸਿੰਘ ਆਦਿ ਸਿੱਖਾਂ ਵੱਲੋਂ ਕੀਤੀ ਗਈ ਸੀ, ਪਰ ਸੰਨ 2001 ਵਿੱਚ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਇੱਥੋਂ ਤਬਦੀਲ ਕਰਕੇ ਜਾਲਾਨ ਮੇਰਪਤੀ ਨਾਂ ਦੇ ਸਥਾਨ 'ਤੇ ਸਥਾਪਤ ਕਰ ਦਿੱਤਾ ਗਿਆ ਸੀ। ਇਸ ਨਵੀਂ ਥਾਂ 'ਤੇ ਬਣੇ ਗੁਰਦੁਆਰਾ ਸਾਹਿਬ ਦੇ ਬਿਲਕੁਲ ਨਾਲ ਖ਼ਾਲੀ ਪਈ ਜ਼ਮੀਨ ਉੱਤੇ ਕਿੰਡਰਗਾਰਟਨ ਤੋਂ ਲੈ ਕੇ ਹਾਈ ਸਕੂਲ ਦੀਆਂ ਜਮਾਤਾਂ ਵਾਲੇ ਸ਼ਾਨਦਾਰ ਸਕੂਲ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ। ਕੁੱਲ ਮਿਲਾ ਕੇ 12 ਹਜ਼ਾਰ ਵਰਗ ਮੀਟਰ ਤੋਂ ਵੀ ਵਿਸ਼ਾਲ ਰਕਬੇ ਵਿੱਚ ਉਸਾਰੇ ਗਏ ਇਸ ਸਕੂਲ ਅੰਦਰ ਖੇਡਾਂ ਦੇ ਵਿਸ਼ੇਸ਼ ਪ੍ਰਬੰਧ ਵੀ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਸੁਮਾਤਰਾ ਵਿਖੇ ਨੌਂ ਦੇ ਕਰੀਬ ਗੁਰਦੁਆਰਾ ਸਾਹਿਬ ਮੌਜੂਦ ਹਨ।

ਸੰਨ 2015 ਵਿੱਚ ਇੰਡੋਨੇਸ਼ੀਆ ਵਿਖੇ 'ਸੁਪਰੀਮ ਕੌਂਸਲ ਫ਼ਾਰ ਸਿੱਖ ਰਿਲੀਜਨ' ਦੀ ਸਥਾਪਨਾ ਕੀਤੀ ਗਈ ਸੀ। ਇਸੇ ਤਰ੍ਹਾਂ 25 ਅਤੇ 27 ਜਨਵਰੀ 2010 ਨੂੰ ਇੰਡੋਨੇਸ਼ੀਆ ਅਤੇ ਅਮਰੀਕਾ ਦੀਆਂ ਸਰਕਾਰਾਂ ਦੇ ਸਾਂਝੇ ਉੱਦਮ ਸਦਕਾ ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਵਿਖੇ ਇੱਕ ਕੌਮਾਂਤਰੀ ਕਾਨਫ਼ਰੰਸ ਕਰਵਾਈ ਗਈ ਸੀ, ਜਿਸ ਵਿੱਚ 'ਵਰਲਡ ਸਿੱਖ ਕੌਂਸਲ ਅਮਰੀਕਾ' ਦੇ ਨੁਮਾਇੰਦਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਸੀ। ਇਸ ਕਾਨਫਰੰਸ ਵਿੱਚ 'ਵਰਲਡ ਸਿੱਖ ਕੌਂਸਲ' ਦੇ ਮੁਖੀ ਤਰੁਣਜੀਤ ਸਿੰਘ ਬੁਤਾਲੀਆ ਨੇ ਵੀ ਵਧ-ਚੜ੍ਹ ਕੇ ਭਾਗ ਲਿਆ ਸੀ।



**ਪੰਜਾਬੀ ਸ਼ਖ਼ਸੀਅਤ ਐਚ.ਐਸ. ਢਿੱਲੋਂ ਨੇ ਇੰਡੋਨੇਸ਼ੀਆ ਦੀ ਸਿਆਸਤ ਅਤੇ ਆਰਥਿਕ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ**




**ਬਿੰਦਰ ਸਿੰਘ ਨੂੰ ਇੰਡੋਨੇਸ਼ੀਆ ਦਾ ਇੱਕ ਨਾਮਵਰ ਫੁੱਟਬਾਲ ਕੁਮੈਂਟੇਟਰ ਹੋਣ ਦਾ ਸ਼ਰਫ਼ ਹਾਸਿਲ ਹੈ**

ਪੰਜਾਬੀ ਸ਼ਖ਼ਸੀਅਤ ਐਚ.ਐਸ. ਢਿੱਲੋਂ ਨੇ ਇੰਡੋਨੇਸ਼ੀਆ ਦੀ ਸਿਆਸਤ ਅਤੇ ਆਰਥਿਕ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ, ਜਦੋਂ ਕਿ ਇੰਡੋਨੇਸ਼ੀਆ ਵੱਲੋਂ ਖੇਡਦਿਆਂ ਸੰਨ 1962 ਦੀਆਂ ਏਸ਼ੀਆਈ ਖੇਡਾਂ 'ਚ ਦੌੜਾਕ ਗੁਰਨਾਮ ਸਿੰਘ ਨੇ ਤਿੰਨ ਸੋਨ ਤਗ਼ਮੇ ਹਾਸਿਲ ਕੀਤੇ ਸਨ। ਬਿੰਦਰ ਸਿੰਘ ਨੂੰ ਇੰਡੋਨੇਸ਼ੀਆ ਦਾ ਇੱਕ ਨਾਮਵਰ ਫੁੱਟਬਾਲ ਕੁਮੈਂਟੇਟਰ ਹੋਣ ਦਾ ਸ਼ਰਫ਼ ਹਾਸਿਲ ਹੈ।

## ਜਾਵਾ ਦਾ ਇਤਿਹਾਸ


**ਜਾਵਾ ਦਾ ਇੱਕ ਵਿਸ਼ਾਲ ਇਤਿਹਾਸ ਹੈ, ਜਿਸ ਕਾਰਨ ਅੱਜ ਇਸਦੇ ਬਹੁ-ਸੱਭਿਆਚਾਰਕ ਪ੍ਰਭਾਵ ਹਨ। ਸ਼ੁਰੂਆਤੀ ਸਦੀਆਂ ਵਿੱਚ ਹਿੰਦੂ ਧਰਮ ਅਤੇ ਬੁੱਧ ਧਰਮ ਦੇ ਸਹਿ-ਮੌਜੂਦ ਹੋਣ ਤੋਂ ਲੈ ਕੇ ਇਸਲਾਮ ਦੇ ਵਿਕਾਸ ਅਤੇ ਫਿਰ ਅੰਤ ਵਿੱਚ ਡੱਚ ਬਸਤੀਵਾਦ ਤੱਕ, ਜਿਸ ਤੋਂ ਜਾਵਾ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਜ਼ਾਦੀ ਦਾ ਦਾਅਵਾ ਕੀਤਾ। ਜਾਵਾ ਵਿੱਚ ਬਹੁਤ ਸਾਰੇ ਪ੍ਰਾਚੀਨ ਸਥਾਨ ਜੰਗਾਂ ਅਤੇ ਭੁਚਾਲਾਂ ਦੁਆਰਾ ਜ਼ਖਮੀ ਹੋਣ ਤੋਂ ਬਾਅਦ ਵੀ ਅਜੇ ਵੀ ਖੜ੍ਹੇ ਹਨ, ਤੇ ਉਹ ਇੰਡੋਨੇਸ਼ੀਆ ਵਿੱਚ ਕਿਤੇ ਹੋਰ ਆਕਰਸ਼ਣਾਂ ਦੁਆਰਾ ਬੇਮਿਸਾਲ ਹਨ। ਜਾਵਾ ਇੱਕ ਆਰਥਿਕ ਕੇਂਦਰ ਹੈ ਅਤੇ ਇੰਡੋਨੇਸ਼ੀਆ ਦੇ ਸਭ ਤੋਂ ਵਿਕਸਿਤ ਟਾਪੂਆਂ ਵਿੱਚੋਂ ਇੱਕ ਹੈ। ਇੱਥੋਂ ਦੇ ਲੋਕ ਬਹੁਤ ਦੋਸਤਾਨਾ ਹਨ ਅਤੇ ਬਹੁਤ ਜ਼ਿਆਦਾ ਰੂੜੀਵਾਦੀ ਨਹੀਂ ਹਨ। ਸਥਾਨਕ ਭਾਸ਼ਾ ਜਾਵਾਨੀ ਹੈ, ਹਾਲਾਂਕਿ ਬਹੁਤ ਸਾਰੀਆਂ ਵੱਖ-ਵੱਖ ਉਪਭਾਸ਼ਾਵਾਂ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਤੁਸੀਂ ਟਾਪੂ 'ਤੇ ਕਿੱਥੇ ਹੋ!**


ਜਾਵਾ ਵਿੱਚ ਚਾਹ ਦੇ ਬਾਗਾਂ ਦਾ ਖੂਬਸੂਰਤ ਦ੍ਰਿਸ਼



## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਆਖਰੀ ਕਿਸ਼ਤ



ਬਖ਼ਸ਼ਿੰਦਰ
ਵੱਟਸਐਪ:+1-778-793-8979

*ਸਿਆਣੇ ਕਹਿੰਦੇ ਨੇ, ਖੂਹ ਦੀ ਡੂੰਘਾਈ ਮਾਪਣੀ ਹੋਵੇ ਤਾਂ ਖੂਹ 'ਚ ਉਤਰਨਾ ਪੈਂਦੈ। ਇੰਜ ਹੀ ਜੇ ਕਿਸੇ ਦੀ ਜ਼ਿੰਦਗੀ ਦਾ ਅਸਲ ਸੱਚ ਜਾਨਣਾ ਹੋਵੇ ਤਾਂ ਉਸ ਦੀ ਜ਼ਿੰਦਗੀ ਦੇ ਪੱਤਰੇ ਵਾਚਣੇ ਪੈਂਦੇ ਹਨ, ਸਥਿਤੀ ਸਮਝਣੀ ਪੈਂਦੀ ਹੈ; ਕਿਉਂ ਕਿ ਕੁਝ ਅਣਦੱਸੀਆਂ ਕਹਾਣੀਆਂ ਵਿਚ ਅਕਸਰ ਬੜਾ ਕੁਝ ਦੱਸਣੋਂ ਰਹਿ ਜਾਂਦਾ ਹੈ। ਇਸ ਨਾਵਲ ਵਿਚ ਉਹ ਅਣਛੋਹੇ ਨੁਕਤੇ ਹੀ ਉਭਾਰਨ ਦਾ ਹੀਲਾ ਕੀਤਾ ਗਿਐ। ਸਮਾਜਿਕ ਤੌਰ 'ਤੇ ਝਾਤ ਮਾਰੀਏ ਤਾਂ ਅਜਿਹੇ ਵਰਤਾਰਿਆਂ ਦਾ ਰੂਪਮਾਨ ਹੋ ਜਾਣਾ ਅੱਲੋਕਾਰੀ ਗੱਲ ਨਹੀਂ ਹੈ। ਖ਼ੈਰ! ਇਹ ਨਾਵਲ ਦੀ ਆਖਰੀ ਕਿਸ਼ਤ ਹੈ। ਸਪਸ਼ਟ ਕਰ ਦੇਈਏ, ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।*

# ਖੂਹਾਂ ਦੀ ਡੂੰਘਾਈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

"ਮੇਰੇ ਮਨ ਵਿਚ ਦੂਰ ਜਿਹੇ ਕਿਤੇ ਗੁਰਬਾਣੀ ਵੀ ਚੱਲਦੀ ਰਹਿੰਦੀ ਸੀ। ਅਖੇ 'ਕਰੇ-ਕਰਾਇ ਆਪੇ-ਆਪ, ਮਾਨਸ ਕੇ ਨਹਿੰ ਕਿੱਛ ਭੀ ਹਾਥ' ਤੇ 'ਜੇਹਾ ਚੀਰੀ ਲਿਖਿਐ ਤੇਹਾ ਹੁਕਮ ਕਮਾਹਿ। ਘਲਹਿ ਆਵੈ ਨਾਨਕਾ ਸਦਿਹਿ ਉਠਿ ਜਾਏ॥' ਤੇ ਇਸੇ ਤਰ੍ਹਾਂ ਹੀ ਹੋਰ ਵੀ ਬੜਾ ਕੁੱਛ, ਜਿਸ ਦੇ ਅਸਰ ਹੇਠ, ਮੈਂ ਕਿਸੇ ਵੀ ਗੱਲ ਬਾਰੇ ਤਰਕ ਕਰਨਾ ਛੱਡ ਕੇ, ਉਸ ਨੂੰ 'ਰੱਬੀ ਹੁਕਮ' ਤੇ 'ਰੱਬ ਦੀ ਰਜ਼ਾ' ਸਮਝਣ ਲੱਗ ਪਈ। ਇਸ ਤੋਂ ਸਿਵਾਏ ਕੋਈ ਚਾਰਾ ਵੀ ਤਾਂ ਨਹੀਂ ਸੀ। ਬਚਪਨ ਤੋਂ, ਮਾਂ ਦੇ ਮੂੰਹੋਂ ਆਉਂਦੀ ਸ਼ਰਾਬ ਦੀ ਬੋ ਨਾਲ਼, 'ਧਰਮ ਦੀ ਕਿਰਤ' ਕਰਨ ਸਬੰਧੀ ਵਿਖਿਆਨ ਵੀ ਸੁਣਦੀ ਆਈ ਸਾਂ। ਮੈਂ, ਸ਼ਾਇਦ ਗੁਰਦਵਾਰੇ ਵਿਚ ਹੀ ਇਹ ਗੱਲ ਸੁਣੀ ਹੋਈ ਸੀ ਕਿ ਸਾਨੂੰ ਦੁਨਿਆਵੀ ਕੰਮ ਵੀ ਰੱਬ ਦੀ ਡਿਊਟੀ ਸਮਝ ਕੇ ਹੀ ਕਰਨੇ ਚਾਹੀਦੇ ਨੇ। ਮੈਨੂੰ ਹਰ ਕੰਮ ਕਰਨ ਲੱਗੀ ਨੂੰ ਇਹ ਗੱਲ ਚੇਤੇ ਆਉਂਦੀ ਰਹਿੰਦੀ। ਕੰਮ ਦੀ ਡੈਫੀਨੀਸ਼ਨ ਵੀ ਕੀ ਏ ਭਲਾ? ਜਿਸ ਨੂੰ ਕਰਦਿਆਂ ਤੁਹਾਡਾ ਤਨ ਤੇ ਮਨ ਥਕਾਵਟ ਮਹਿਸੂਸ ਕਰਨ, ਜਿਸ ਵਿਚ ਸਰੀਰਕ ਮੁਸ਼ੱਕਤ ਹੋਵੇ ਤੇ ਜਿਸ ਨੂੰ ਕਰਨ ਬਦਲੇ ਤੁਹਾਨੂੰ ਮਿਹਨਤਾਨਾ ਮਿਲੇ। ਇਹ ਵੀ ਤਾਂ ਕਿਹਾ ਜਾਂਦਾ ਏ ਕਿ ਕੰਮ ਕੋਈ ਵੀ ਛੋਟਾ-ਵੱਡਾ ਨਹੀਂ ਹੁੰਦਾ।" ਸੰਨੀ ਵੱਲੋਂ ਇਹ ਕਹਿਣ ਦੀ ਦੇਰ ਸੀ ਕਿ ਪੰਡਾਲ ਵਿਚ 'ਚੁਰ-ਚੁਰ' ਜਿਹੀ ਹੁੰਦੀ ਸੁਣਾਈ ਦੇਣ ਲੱਗੀ, ਜਿਸ ਦੇ ਹੋਣ ਦੀ ਵਜ੍ਹਾ ਨਾਲ਼ ਸੰਨੀ ਵੀ ਕੁਝ ਦੇਰ ਲਈ ਚੁੱਪ ਕਰ ਗਈ।

"ਹਾਂ, ਜਿਹੜਾ ਮੇਰੇ ਵੱਲੋਂ ਹਾਲੀਵੁਡ ਵੱਲ ਮੋੜ ਨਾ ਕੱਟਣ ਦੀ ਥਾਂ, ਬਾਲੀਵੁਡ ਵੱਲ ਮੁੜਨ ਬਾਰੇ ਨੁਕਤਾ ਉਠਾਇਆ ਗਿਆ ਹੈ, ਉਸ ਦੇ ਸਬੰਧ ਵਿਚ ਮੈਂ ਇਹ ਕਹਿਣ ਦੀ ਇਜਾਜ਼ਤ ਚਾਹਾਂਗੀ ਕਿ ਜੇ ਮੇਰਾ ਜਨਮ ਵਿਦੇਸ਼ੀ ਧਰਤੀ 'ਤੇ ਹੋਇਆ ਹੈ ਤਾਂ ਕੀ ਹੋਇਆ, ਮੇਰੀਆਂ ਰਗ਼ਾਂ ਵਿਚ ਖ਼ੂਨ ਤਾਂ ਭਾਰਤੀ ਹੀ ਦੌੜਦਾ ਏ। ਮੇਰੇ ਅੰਦਰਲੀ ਭਾਰਤੀਅਤਾ ਬਾਹਰ ਤਾਂ ਨਹੀਂ ਨਿੱਕਲ ਗਈ। ਮੇਰੇ ਲਹੂ ਵਿਚਲੀ ਭਾਰਤੀਅਤਾ ਦੇ ਅੰਸ਼ ਹੀ ਮੈਨੂੰ ਹਿੰਦੀ ਸਿਨੇਮਾ ਵੱਲ ਮੋੜ ਲਿਆਏ ਨੇ, ਕਿਉਂ ਕਿ ਮੈਂ ਵੀ ਕਦੇ ਭਾਰਤੀ ਸਿਨੇਮਾ ਦੀ ਹੀਰੋਇਨ ਬਣਨ ਦਾ ਖ਼ੁਆਬ ਦੇਖਿਆ ਸੀ।" ਇਸ ਜੁਆਬ 'ਤੇ ਪੰਡਾਲ ਵਿਚ ਤਾੜੀਆਂ ਵੱਜੀਆਂ।

"ਜੇ ਮੇਰੀ ਹੁਣ ਤਕ ਦੀ ਰਾਮ ਕਹਾਣੀ ਸੁਣ ਕੇ ਵੀ, ਤੁਹਾਡੇ ਵਿਚੋਂ ਕਿਸੇ ਨੂੰ ਇਹ ਲੱਗਦਾ ਏ ਕਿ ਮੈਂ ਆਪਣੀ ਮਰਜ਼ੀ ਨਾਲ਼ 'ਪੋਰਨ ਦੇ ਨਰਕ' ਵਿਚ ਪਈ ਸੀ ਤਾਂ ਬਈ ਤੁਹਾਡੀ ਮਰਜ਼ੀ। ਰਹੀ ਗੱਲ 'ਗੁਜ਼ਾਰੇ ਜੋਗੇ ਡਾਲਰ' ਮਿਲਣ ਦੀ, ਤੁਹਾਡੇ ਵਿਚੋਂ ਕੋਈ ਦੱਸਣ ਦੀ ਖੇਚਲ ਕਰੂਗਾ ਕਿ ਪਈ 'ਗੁਜ਼ਾਰੇ ਜੋਗੇ ਡਾਲਰ' ਕਿੰਨੇ ਹੁੰਦੇ ਨੇ? ਇਹ ਤਾਂ 'ਰੈਲੇਟਿਵ' ਸੱਚਾਈ ਏ। ਮਾਪਿਆਂ ਵਰਗੇ ਹੀ ਇਕ ਮੀਡੀਆ ਮੈਨ ਨੇ ਮਾਪਿਆਂ ਨਾਲ਼ ਕੁਝ ਗ਼ਿਲੇ ਹੋਣ ਸਬੰਧੀ ਪੁਛਿਆ ਸੀ। ਜੀਂਦੇ ਜੱਗ ਨਾਲ਼ ਸੌ ਗ਼ਿਲੇ ਹੋ ਸਕਦੇ ਨੇ, ਤੁਰ ਗਿਆਂ ਨਾਲ਼ ਹੁਣ ਕਾਹਦੇ ਗ਼ਿਲੇ ਹਜ਼ੂਰ!" ਇਹ ਕਹਿੰਦਿਆਂ ਹੋਇਆਂ ਸੰਨੀ ਦੇ ਹਟਕੋਰਾ ਜਿਹਾ ਨਿੱਕਲ ਗਿਆ ਤੇ ਕੁਝ ਚਿਰ ਲਈ ਮਾਹੌਲ ਸਿੱਲ੍ਹਾ ਜਿਹਾ ਹੋ ਗਿਆ।

"ਰਹੀ ਗੱਲ ਤੰਦਰੁਸਤ ਹੋਣ ਦੀ ਅਤੇ ਆਪਣੀ ਕੁੱਖੋਂ ਬੱਚੇ ਜੰਮਣ ਦੀ ਥਾਂ ਬੱਚੇ ਗੋਦ ਲੈਣ ਦੀ। ਇਸ ਸਬੰਧ ਵਿਚ ਮੇਰੇ ਜਿਸਮ ਦੇ ਕੁਝ ਨਿੱਜੀ ਮਸਲੇ ਹੋ ਸਕਦੇ ਨੇ, ਜੋ ਮਿਹਰਬਾਨੀ ਕਰ ਕੇ, ਸੰਨੀ ਨੂੰ ਆਪਣੀ ਬੁੱਕਲ ਵਿਚ ਹੀ ਰੱਖ ਲੈਣ ਦਿਓ। ਇਹ ਲੁਕਾਅ ਰੱਖਣ ਲਈ ਮੈਨੂੰ ਬਖ਼ਸ਼ ਦੇਣਾ ਮੀਡੀਆ ਵਾਲ਼ਿਓ! ਇਕ ਬੜੇ ਹੀ 'ਸਿਆਣੇ ਸਮਝੇ ਜਾਂਦੇ' ਪੱਤਰਕਾਰ ਨੇ ਮੈਨੂੰ ਅਮਰੀਕਾ ਤੇ ਕੈਨੇਡਾ ਵਿਚ 'ਅਜਬ-ਗ਼ਜ਼ਬ ਕਲਾਵਾਂ' ਦਿਖਾਉਣ ਮਗਰੋਂ ਇਹ ਪੁੱਛਿਆ ਏ ਕਿ ਮੈਂ ਹੁਣ ਬਾਲੀਵੁਡ ਵਿਚ ਕਿਹੜੀ ਦਿਖਾਉਣੋਂ ਰਹਿ ਗਈ ਕਲਾ ਦਿਖਾਉਣ ਆਈ ਹਾਂ। ਇਸ ਸਬੰਧ ਵਿਚ ਮੈਂ ਇੰਨਾ ਹੀ ਅਰਜ਼ ਕਰਾਂਗੀ ਕਿ ਕਿਸੇ ਵੀ ਫ਼ਿਲਮ ਵਿਚ, ਕਿਸੇ ਅਦਾਕਾਰਾ ਜਾਂ ਅਦਾਕਾਰ ਵੱਲੋਂ ਕੀਤੀ ਜਾਣ ਵਾਲ਼ੀ, ਛੋਟੀ ਤੋਂ ਛੋਟੀ ਹਰਕਤ ਵੀ, ਉਸ ਦੀ ਆਪਣੀ ਨਹੀਂ ਹੁੰਦੀ, ਯਾਨੀ ਉਹ ਜੋ ਕੁਝ ਵੀ ਕਰਿਆ ਕਰਦਾ ਏ, ਉਹ ਡਾਇਰੈਕਟਰ ਦੇ ਹੁਕਮ ਨਾਲ਼ ਹੀ ਕਰਿਆ ਕਰਦਾ ਏ। ਸੋ, ਕਿਸੇ ਅਦਾਕਾਰ ਦੇ ਅੰਦਰ ਜੋ ਵੀ ਕੋਈ ਕਲਾ ਹੋਵੇਗੀ, ਉਹ ਡਾਇਰੈਕਟਰ ਨੇ ਹੀ ਜੱਜ ਕਰਨੀ ਏ ਤੇ ਉਸੇ ਨੇ ਹੀ ਸਾਕਾਰ ਕਰਾਉਣੀ ਏ। ਇਸ ਲਈ, ਇਹ ਸੁਆਲ ਮੈਨੂੰ ਕਾਸਟ ਕਰਨ ਵਾਲ਼ੇ ਡਾਇਰੈਕਟਰਜ਼ ਨੂੰ ਜਾਂ ਕਹਿ ਲਓ ਮਹੇਸ਼ ਭੱਟ ਸਾਹਬ ਨੂੰ ਪੁਛਿਆ ਜਾਵੇ, ਜਿਨ੍ਹਾਂ ਨੇ ਮੈਨੂੰ 'ਬਿੱਗ ਬੌਸ' ਵਿਚੋਂ ਉਠਾ ਲਿਆਂਦਾ ਸੀ। ਠੀਕ ਏ ਨਾ?"

"...ਕਿਸੇ ਨੇ ਮੈਨੂੰ ਲੇਖਕ ਹੋਣ ਦੀ ਟਿੱਚਰ ਕਰਦਿਆਂ ਇਹ ਪੁੱਛਿਆ ਏ ਕਿ ਮੈਂ 'ਕਿਸ ਨੂੰ' ਲਿਖਦੀ ਹਾਂ ਤੇ 'ਕਿੱਥੇ' ਲਿਖਦੀ ਹਾਂ! ਉਸ 'ਸਿਆਣੇ ਲੱਗਦੇ ਪੱਤਰਕਾਰ' ਨੂੰ ਮੇਰਾ ਇਹੋ ਜੁਆਬ ਹੈ ਕਿ ਉਹ ਤੇ ਉਸ ਵਰਗੇ ਹੋਰ, ਹੁਣ 'ਕਿਸ ਨੂੰ' ਤੇ 'ਕਿੱਥੇ' ਲਿਖਣ ਦਾ ਰੁਝਾਨ ਛੱਡ ਕੇ, ਇਸ ਪੇਸ਼ੇ ਦੀ ਮਾਣ-ਮਰਿਯਾਦਾ ਨੂੰ ਧੱਬੇ ਲਾਉਣੇ ਬੰਦ ਹੀ ਕਰ ਦੇਣ। ਇਕ ਹੋਰ ਸੱਜਣ ਮੈਨੂੰ ਪੁੱਛਦੇ ਨੇ ਕਿ ਮੈਂ ਆਪਣੇ ਪ੍ਰੋਡੱਕਸ਼ਨ ਹਾਊਸ ਵਿਚ ਕੀ ਪ੍ਰੋਡਿਊਸ ਕਰਦੀ ਰਹੀ ਹਾਂ। ਇਸ ਦੇ ਜੁਆਬ ਵਿਚ ਮੈਂ ਇੰਨਾ ਹੀ ਕਹਿਣਾ ਏ ਕਿ ਸਿਆਣੇ ਕਲਮਕਾਰਾਂ ਵਾਂਗੂੰ ਸਾਨੂੰ ਕਿਸੇ ਮੀਡੀਆ ਕਾਨਫ਼ਰੰਸ ਵਿਚ ਵੜਨ ਤੋਂ ਪਹਿਲਾਂ, ਆਪਣਾ 'ਹੋਮ ਵਰਕ' ਕਰ-ਮੁਕਾ ਕੇ ਆਉਣਾ ਚਾਹੀਦੈ। ਉਸ ਵਪਾਰੀ ਲੱਗਦੇ ਪੱਤਰਕਾਰ ਦਾ ਇਕ ਸੁਆਲ ਇਹ ਵੀ ਸੀ ਕਿ ਮੈਂ ਆਪਣਾ ਪ੍ਰੋਡੱਕਸ਼ਨ ਹਾਊਸ 'ਵੇਚ-ਵੱਟ' ਆਈ ਹਾਂ ਜਾਂ ਕਿਰਾਏ 'ਤੇ ਦੇ ਆਈ ਹਾਂ। ਮੇਰਾ ਜੁਆਬ ਇਹ ਹੈ ਕਿ ਆਪਣਾ ਅਦਾਰਾ ਵੇਚਣਾ ਤਾਂ ਕੀ, ਮੈਂ ਤਾਂ ਇਹ ਚਾਹੁੰਦੀ ਹਾਂ ਕਿ ਜਹਾਨ ਦੇ ਹਰ ਸ਼ਹਿਰ ਵਿਚ ਇਕ-ਇਕ 'ਸੰਨੀ ਸਟੂਡੀਓ' ਬਣਾ ਦਿਆਂ। ਇਸ ਕੰਮ ਵਿਚ ਮੈਨੂੰ ਤੁਹਾਡਾ ਸਾਥ ਚਾਹੀਦੈ ਪਿਆਰਿਓ!" ਇਸ ਜੁਆਬ ਨੇ ਵੀ ਕੁਝ ਲੋਕਾਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ।



"ਕੀ ਮੈਂ ਬਾਲੀਵੁਡ ਵਿਚ ਇੱਥੋਂ ਦੇ ਫ਼ਿਲਮ ਮੇਕਰਾਂ ਨੂੰ, ਅਮਰੀਕਾ-ਕੈਨੇਡਾ ਵਿਚ ਬਣਦੀਆਂ ਫ਼ਿਲਮਾਂ ਵਰਗੀਆਂ ਫ਼ਿਲਮਾਂ 'ਬਣਾਉਣ ਲਾਉਣ-ਸਿਖਾਉਣ' ਆਈ ਹਾਂ? ਮੈਨੂੰ ਕਿਸੇ ਬਹੁਤ ਹੀ ਸੀਨੀਅਰ ਪੱਤਰਕਾਰ ਨੇ ਇਹੋ ਪੁੱਛਿਆ ਸੀ ਸ਼ਾਇਦ। ਹਾਲੀਵੁੱਡ ਨੇ ਭਾਰਤੀ ਫ਼ਿਲਮ ਇੰਡਸਟਰੀ ਦੀ ਰੀਸ ਕਰਨੀ ਕਦੋਂ ਦੀ ਸ਼ੁਰੂ ਕੀਤੀ ਹੋਈ ਏ। ਮੈਂ ਇਸ ਦੀ ਵਿਆਖਿਆ ਕਰਨ ਦੀ ਇਜਾਜ਼ਤ ਚਾਹਾਂਗੀ। ਹਾਲੀਵੁਡ ਦੀਆਂ ਫ਼ਿਲਮਾਂ ਵਿਚ ਗੀਤ-ਸੰਗੀਤ ਨਹੀਂ ਹੁੰਦਾ ਸੀ, ਪਰ ਹੁਣ ਹਾਲੀਵੁਡ ਨੇ ਵੀ ਆਪਣੀਆਂ ਫ਼ਿਲਮਾਂ ਵਿਚ ਗੀਤ-ਸੰਗੀਤ ਦੀ ਹਾਜ਼ਰੀ ਲੁਆਉਣੀ ਹੀ ਨਹੀਂ, ਭਰਵੀਂ ਹਾਜ਼ਰੀ ਲੁਆਉਣੀ ਸ਼ੁਰੂ ਕਰ ਦਿੱਤੀ ਏ। ਮੈਂ ਉਨ੍ਹਾਂ ਭਾਰਤੀ ਫ਼ਿਲਮਸਾਜ਼ਾਂ ਨੂੰ ਕੀ ਸਿਖਾਵਾਂਗੀ, ਜਿਨ੍ਹਾਂ ਨੂੰ ਹਾਲੀਵੁਡ ਪਹਿਲਾਂ ਹੀ ਆਪਣੇ ਉਸਤਾਦ ਮੰਨ ਚੁੱਕਾ ਏ।" ਇਕ ਵਾਰ ਫਿਰ ਤਾੜੀਆਂ ਦੀ ਭਰਵੀਂ ਗੜਗੜਾਹਟ ਹੋਈ।

"ਭਾਰਤੀ ਫ਼ਿਲਮ ਇੰਡਸਟਰੀ ਨੂੰ ਆਪਣਾ ਭਵਿੱਖ ਸੁਰੱਖਿਅਤ ਕਰਨ ਖ਼ਾਤਰ, ਆਪਣੇ ਉੱਤੇ ਹਾਲੀਵੁਡ ਦਾ ਰੰਗ ਚੜ੍ਹਾਉਣਾ ਪਏਗਾ ਜਾਂ ਕੋਈ ਹੋਰ ਪੈਂਤਰਾ ਅਪਣਾਉਣਾ ਪਏਗਾ? ਮੈਂ ਹੁਣ ਇਸ ਸੁਆਲ ਦਾ ਜੁਆਬ ਦੇਣ ਦੀ ਲੋੜ ਨਹੀਂ ਸਮਝਦੀ, ਕਿਉਂ ਕਿ ਇਸ ਦਾ ਜੁਆਬ ਕਿਸੇ ਹੋਰ ਸੁਆਲ ਦੇ ਜੁਆਬ ਨਾਲ਼ ਹੀ ਨੱਥੀ ਕੀਤਾ ਜਾ ਚੁੱਕਾ ਹੈ। ਮੈਨੂੰ ਨਹੀਂ ਲੱਗਦਾ ਕਿ ਤੁਹਾਡੇ ਕਿਸੇ ਸੰਜੀਦਾ ਤੇ ਅਹਿਮ ਸੁਆਲ ਦਾ ਜੁਆਬ ਦੇਣਾ ਰਹਿ ਗਿਆ ਹੋਵੇ। ਤੁਹਾਡੇ ਸਾਰੇ ਸੁਆਲਾਂ ਦੇ ਜੁਆਬ ਮਿਲ ਗਏ ਨਾ?"

"ਮਿਲ ਗਏ ਜੀ ਮਿਲ ਗਏ!" ਪੰਡਾਲ ਵਿਚੋਂ ਇਕਸੁਰ ਆਵਾਜ਼ ਆਈ।

"ਮੈਨੂੰ ਲੱਗਦੈ, ਮੈਂ ਜ਼ਿਆਦਾ ਸਮਾਂ ਲੈ ਰਹੀ ਹਾਂ। ਮੈਨੂੰ ਹੁਣ ਛੇਤੀ ਸਮੇਟਣਾ ਚਾਹੀਦੈ। ਅੰਤ ਵਿਚ ਮੈਂ ਇਹੋ ਕਹਿ ਕੇ ਗੱਲ ਮੁਕਾਉਣੀ ਚਾਹਾਂਗੀ ਕਿ ਮਰਦ ਵੀ ਕੰਮ ਕਰਦਿਆਂ ਮੁਸ਼ੱਕਤ ਕਰਦੇ ਨੇ ਤੇ ਔਰਤਾਂ ਵੀ ਕਰਦੀਆਂ ਨੇ। ਦੋਹਾਂ ਵੱਲੋਂ, ਘੱਟ-ਵੱਧ ਹੋ ਸਕਦੀ ਹੈ, ਜਿਸਮਾਨੀ ਤਾਕਤ ਤਾਂ ਖ਼ਰਚੀ ਹੀ ਜਾਂਦੀ ਹੈ, ਦੋਹਾਂ ਨੂੰ ਆਪਣੇ-ਆਪਣੇ ਕੰਮ ਨਾਲ਼ ਥਕੇਵਾਂ ਤਾਂ ਹੁੰਦਾ ਹੀ ਏ। ਮੈਂ ਤਾਂ ਆਪ, ਛੋਟੀ ਉਮਰੋਂ ਹੀ ਵੱਡੇ ਦੁੱਖਾਂ ਤੇ ਜ਼ਿੰਮੇਵਾਰੀਆਂ ਵਿਚ ਘਿਰੀ ਰਹੀ ਹਾਂ। ਮੈਂ ਆਪਣੇ ਮਾਪਿਆਂ ਦੇ ਇਲਾਜ ਕਰਾਉਣੇ ਸਨ, ਹਰ ਮਹੀਨੇ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨੀਆਂ ਸਨ। ਮੈਨੂੰ, ਆਪ ਪਾਲਣ-ਪੋਸ਼ਣ ਦੀ ਲੋੜ ਸੀ, ਪਰ ਮੈਨੂੰ ਆਪਣੇ ਭਰਾ ਤੇ ਮਾਪਿਆਂ ਸਮੇਤ ਤਿੰਨ ਜੀਆਂ ਦੀ ਮਾਂ ਵੀ ਤੇ ਪਿਉ ਵੀ ਬਣਨਾ ਪੈ ਰਿਹਾ ਸੀ। ਇਸ ਲਈ ਮੇਰੇ ਕੋਲ਼ ਰੁਜ਼ਗ਼ਾਰ ਦੇ ਰੂਪ ਵਿਚ ਸਾਹਮਣੇ ਆਉਣ ਵਾਲ਼ੇ, ਕਿਸੇ ਵੀ ਖੂਹ ਵਿਚ ਛਾਲ ਮਾਰਨ ਤੋਂ ਪਹਿਲਾਂ, ਉਸ ਦੀ ਡੂੰਘਾਈ ਮਾਪਣ ਦਾ ਸਮਾਂ ਵੀ ਨਹੀਂ ਸੀ। ਖੂਹਾਂ ਵਿਚ ਛਾਲਾਂ ਮਾਰਨ ਵਾਲ਼ਿਆਂ ਨੂੰ, ਖੂਹਾਂ ਦੀ ਡੂੰਘਾਈ ਮਿਣਨ ਵੀ ਕਦੋਂ ਦਿੰਦਾ ਏ ਇਹ ਜਹਾਨ!" (ਸੰਨੀ ਦੀ ਸਿਸਕੀ ਨਿੱਕਲ ਗਈ)

"ਮੈਂ ਸੁਨੱਖੀ ਸਾਂ, ਲੋਕਾਂ ਨੇ ਮੈਨੂੰ ਮਾਡਲਿੰਗ ਕਰਨ ਦੀ ਸਲਾਹ ਦਿੱਤੀ, ਮੈਂ ਹਾਂ ਕਰ ਦਿੱਤੀ। ਮੈਨੂੰ ਨਾਚ ਸਿੱਖਣ ਲਈ ਕਿਹਾ, ਮੈਂ ਉਸ ਨੂੰ ਵੀ ਰੁਜ਼ਗ਼ਾਰ ਦਾ ਸਾਧਨ ਸਮਝ ਕੇ ਹੀ, ਉਸ ਵੱਲ ਵੀ ਝੁਕ ਗਈ। ਆਖ਼ਰ ਮੈਨੂੰ ਪੋਰਨ ਫ਼ਿਲਮ ਇੰਡਸਟਰੀ ਨੇ ਆਪਣੀਆਂ ਬਾਹਾਂ ਵਿਚ ਲੈਣ ਲਈ ਬੁਲਾਇਆ, ਮੈਂ ਕੰਮ ਸਮਝਦਿਆਂ, ਉਸ ਦੀਆਂ ਦਾਅਵਤਾਂ ਵੀ ਕਬੂਲ ਕਰ ਲਈਆਂ। ਮੈਂ ਬੇਕਰੀ ਵਿਚ ਕੰਮ ਕੀਤਾ, ਮੈਂ ਟੈਕਸੇਸ਼ਨ ਦਾ ਕੰਮ ਕੀਤਾ, ਮੈਂ ਕਿਸੇ ਵੀ ਕੰਮ ਨੂੰ ਨਾਂਹ ਨਹੀਂ ਕੀਤੀ, ਕਿਉਂ ਕਿ ਮੇਰੇ ਮਾਪਿਆਂ ਦਾ, ਮੇਰੇ ਨਾਲ਼ੋਂ ਵੱਡਾ ਕੋਈ ਪੁੱਤਰ ਨਹੀਂ ਸੀ, ਮੈਂ ਹੀ ਉਨ੍ਹਾਂ ਦਾ ਜੇਠਾ ਤੇ ਕਮਾਊ ਪੁੱਤ ਸਾਂ।" ਇਹ ਕਹਿ ਕੇ ਸੰਨੀ ਇਕ ਵਾਰ ਫੇਰ ਚੁੱਪ ਹੋ ਕੇ, ਪੱਤਰਕਾਰਾਂ ਦੇ ਚਿਹਰਿਆਂ ਤੋਂ ਆਪਣੀਆਂ ਗੱਲਾਂ ਦੇ ਪ੍ਰਭਾਵ ਪੜ੍ਹਨ ਲੱਗ ਪਈ। ਪੰਡਾਲ ਵਿਚ ਇਹੋ ਜਿਹਾ ਸੰਨਾਟਾ ਸੀ ਕਿ ਕਿਸੇ ਵੱਲੋਂ ਭਰਿਆ ਜਾਂਦਾ ਹਉਕਾ ਵੀ ਸਾਫ਼ ਸੁਣਾਈ ਦਿੰਦੀ ਸੀ।

"ਦੋਸਤੋ! ਮੈਂ ਆਪਣੇ ਮਾਪਿਆਂ ਦੀ ਇਕ ਬਹੁਤ ਹੀ ਸਾਧਾਰਣ ਕੁੜੀ ਦੀ ਹੈਸੀਅਤ ਵਿਚ, ਅੱਜ ਆਖ਼ਰੀ ਅਰਜ਼ ਕਰਨਾ ਚਾਹਾਂਗੀ। ਮੈਨੂੰ ਸ਼ਾਇਦ ਗੱਲ ਕਹਿਣੀ ਨਾ ਆਵੇ, ਪਰ ਤੁਸੀਂ ਸਮਝਣਹਾਰ ਹੋ। ਕਿਸੇ ਨੂੰ ਤਿਲ੍ਹਕ ਕੇ ਡਿੱਗਦਾ ਦੇਖ ਕੇ, ਖਿੱਲੀ ਉਡਾਉਣ ਵਾਲ਼ੇ ਬਹੁਤ ਹੁੰਦੇ ਨੇ, ਪਰ ਉਸ ਦੀ ਤਕਲੀਫ਼ ਸਮਝਣ ਵਾਲ਼ਾ ਤੇ ਉਸ ਨੂੰ ਚੁੱਕ ਕੇ ਉਠਾਉਣ ਵਾਲ਼ਾ ਕੋਈ ਵਿਰਲਾ ਹੀ ਹੁੰਦੈ। ਸੋ ਸਾਨੂੰ ਉਨ੍ਹਾਂ 'ਮਸਾਂ ਵਿਰਲਿਆਂ' ਦਾ 'ਸੰਘਣਾਪਨ' ਵਧਾਉਣ ਖ਼ਾਤਰ ਹੰਭਲੇ ਮਾਰਨੇ ਚਾਹੀਦੇ ਨੇ ਤੇ ਡਾ. ਬਸ਼ੀਰ ਬਦਰ ਸਾਹਿਬ ਦੇ ਇਹ ਬੋਲ ਯਾਦ ਰੱਖਣੇ ਬਣਦੇ ਨੇ: ਕੁੱਛ ਤੋ ਮਜਬੂਰੀਆਂ ਰਹੀਂ ਹੋਂਗੀ, ਯੂੰ ਕੋਈ ਬੇਵਫ਼ਾ ਨਹੀਂ ਹੋਤਾ। ਸੱਚ, ਇਕ ਗੱਲ ਹੋਰ ਕਿ ਮਨੁੱਖ ਆਪਣੇ-ਆਪ ਵਿਚ, ਇਕ ਬਹੁਤ ਹੀ ਅਹਿਮ ਸਿਰਜਣਾ ਏ, ਉਸ ਨੂੰ ਦੁਬਾਰਾ ਘੜਨ-ਤਰਾਸ਼ਣ ਤੇ ਸੋਧਣ-ਬਣਾਉਣ ਦੇ ਹੀਲੇ ਕਰਨਾ ਜਾਇਜ਼ ਨਹੀਂ। ਇਹ ਸਿਰਜਣਹਾਰ ਦੀ ਤੌਹੀਨ ਏ। ਇਸੇ ਲਈ ਮੈਨੂੰ ਰੀਇਨਵੈਂਟ ਸ਼ਬਦ ਤੋਂ ਬੜੀ ਹੀ ਖੁੰਦਕ ਆਉਂਦੀ ਏ। ਮੈਂ ਵੀ ਨਹੀਂ ਚਾਹੁੰਦੀ ਕਿ ਮੈਂ ਆਪਣੇ-ਆਪ ਨੂੰ ਰੀਇਨਵੈਂਟ ਕਰਾਂ। ਮੈਂ ਜਿਸ ਤਰ੍ਹਾਂ ਦੀ ਵੀ ਹਾਂ, ਆਪਣੇ-ਆਪ ਨੂੰ ਪਿਆਰ ਕਰਦੀ ਹਾਂ। ਮੈਂ, ਆਪਣੇ ਢੰਗ ਨਾਲ਼ 'ਸਿਆਣੀ' ਹੋਣਾ ਸਿੱਖਦੀ ਹਾਂ ਤੇ ਸਿੱਖਦੀ ਰਹਿਣ ਦੇ ਹੀਲੇ ਕਰਦੀ ਹਾਂ। ਸਮਾਂ ਪਾ ਕੇ ਸਭ ਕੁਝ ਹੀ ਬਦਲਦਾ ਰਹਿਣਾ ਏ। ਮੇਰੇ ਅੰਦਰ ਵੀ ਤਬਦੀਲੀਆਂ ਹੋਈਆਂ ਤੇ ਹੁੰਦੀਆਂ ਰਹਿਣਗੀਆਂ, ਪਰ ਕਿਸੇ ਯੋਜਨਾਬੱਧ ਢੰਗ ਨਾਲ਼ ਨਹੀਂ। ਬਾਕੀ, ਬਖ਼ਸ਼ੀਆਂ ਤਾਂ ਮੀਨਾ ਕੁਮਾਰੀ ਤੇ ਰੇਖਾ ਵਰਗੀਆਂ ਵੀ ਨਹੀਂ ਗਈਆਂ, ਮੈਂ ਤਾਂ ਕਿਸੇ ਖੇਤ ਦੀ ਮੂਲ਼ੀ ਵੀ ਨਹੀਂ ਹਾਂ।"

---

## ਮੁੱਕਦੀ ਗੱਲ (ਅੰਤਿਕਾ)

'ਮੀਟ ਦ ਪ੍ਰੈੱਸ' ਪ੍ਰੋਗਰਾਮ ਤੋਂ ਅਗਲੇ ਹੀ ਦਿਨ, ਇਸ ਦੇ ਸ਼ੂਟ ਮੈਟੀਰੀਅਲ਼ ਦਾ ਪ੍ਰੀਵਿਊ ਕਰਨ ਮਗਰੋਂ, ਲਤਾ ਕਪੂਰ ਤੇ ਦਾਨਿਸ਼ ਦੀ ਇਕ ਹੰਗਾਮੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਪਹਿਲਾਂ ਤਾਂ ਸ਼ੂਟ ਮੈਟੀਰੀਅਲ ਦੇ ਰਿਜ਼ੱਲਟ ਬਾਰੇ ਵਿਚਾਰ-ਚਰਚਾ ਹੋਈ ਤੇ ਲਤਾ ਨੇ ਕਿਹਾ, "ਟੈਕਨੀਕਲੀ ਇੰਨਾ ਵਧੀਆ ਤੇ ਰੀਅਲਿਸਟਿਕ ਸੈੱਟ ਲਾ ਕੇ, ਇੰਨੀ ਵਧੀਆ ਲਾਈਟਿੰਗ ਕੀਤੀ ਹੋਵੇ ਅਤੇ ਓ.ਬੀ. ਵੈਨ ਤੇ ਜਿੰਮੀ ਜਿੱਬ ਜਿਹੇ ਇਕੁਇੱਪਮੈਂਟ ਨਾਲ਼, ਪੰਜ-ਪੰਜ ਕੈਮਰੇ ਸਾਈਮਲਟੇਨੀਅਸਲੀ ਚੱਲਦੇ ਹੋਣ ਤਾਂ ਰਿਜ਼ੱਲਟ ਮਾੜਾ ਹੋਣ ਦੀ ਗੁੰਜਾਇਸ਼ ਬਹੁਤ ਘੱਟ ਹੀ ਹੁੰਦੀ ਏ। ਟੇਕਿੰਗ ਤੇ ਸਾਊਂਡ ਰਿਕਾਰਡਿੰਗ ਬਹੁਤ ਵਧੀਆ ਹੋ ਗਈ ਏ। ਹੁਣ ਮਸਲਾ ਤਾਂ ਹੋਰ ਹੀ ਏ ਦਾਨਿਸ਼ ਮੀਆਂ। ਕਲਾਈਮੈਕਸ ਵਿਚ ਸੰਨੀ ਬੀਬਾ ਇਸ ਤਰ੍ਹਾਂ ਛਾ ਗਈ ਏ ਕਿ ਉਸ ਦਾ ਤਾਂ ਕਰੈਕਟਰ ਹੀ 'ਥ੍ਰੀ ਸਿਕਸਟੀ ਡਿਗਰੀ' ਟਰਨ ਲੈ ਕੇ, ਪੌਜ਼ਿਟਿਵ ਹੀ ਨਹੀਂ ਹੋ ਗਿਆ, ਸਗੋਂ ਮੋਰ ਦੈਨ ਪੌਜ਼ਿਟਿਵ ਹੋ ਕੇ, ਰੌਕਿਟ ਵਾਂਗ ਹੀ 'ਸ਼ੂਟ ਅੱਪ' ਵੀ ਕਰ ਗਿਆ ਏ। ਦਾਨਿਸ਼ ਮੀਆਂ, ਅਸੀਂ ਤਾਂ ਇਹ ਵੈੱਬ ਸੀਰੀਜ਼ ਤੁਹਾਡੇ ਵਰਗੇ ਠਰਕੀਆਂ ਲਈ ਬਣਾ ਰਹੇ ਸੀ, ਇਸ ਕਲਾਈਮੈਕਸ ਨਾਲ਼ ਤਾਂ ਇਹ, ਆਪਣੀ ਹੀ ਕਿਸਮ ਦੀ ਪੌਜ਼ਿਟਿਵ ਹੀਰੋਇਨ ਬਣ ਚੱਲੀ ਏ।"

"ਇਸ ਸਬੰਧ 'ਚ ਮੇਰੇ ਵਰਗੇ ਠਰਕੀ ਦੀ ਵੀ ਇਕ ਗੱਲ ਸੁਣ ਲਓ।" ਦਾਨਿਸ਼ ਨੇ ਕਿਹਾ।

"ਸੁਣਾ ਦਿਓ, ਤੁਸੀਂ ਰੁਕਣ ਵਾਲ਼ੇ ਤਾਂ ਹੈ ਨਹੀਂ।" ਲਤਾ ਦਾ ਮੂਡ ਕਾਫੀ ਮਸਤਾਨਾ ਸੀ।

"ਮੈਂ ਜਿਸ ਦਿਨ ਤੋਂ ਇਸ ਪ੍ਰਾਜੈਕਟ 'ਤੇ ਕੰਮ ਕਰ ਰਿਹਾ ਹਾਂ, ਸੰਨੀ ਦੇ ਕਿਰਦਾਰ ਨਾਲ਼ ਮੇਰੀ ਹਮਦਰਦੀ, ਦਿਨੋ-ਦਿਨ ਵਧਦੀ ਹੀ ਗਈ ਏ। ਦੇਖੋ, ਤੁਸੀਂ ਇਸ ਦੇ ਸ਼ੁਰੂ ਵਿਚ ਲੰਬਾ ਇੰਟਰਵਿਊ ਵੀ ਸ਼ੂਟ ਕਰਨਾ ਹੀ ਏ। ਉਸ ਵਿਚ, ਚੌਬੇ ਦੇ ਕਿਰਦਾਰ ਦੀ ਮਿਹਰਬਾਨੀ ਨਾਲ਼, ਠਰਕ ਦੇ ਪੁਆਇੰਟ ਆਫ਼ ਵਿਊ ਤੋਂ ਇਹ ਸੀਰੀਜ਼ ਦੇਖਣ ਵਾਲਿਆਂ ਲਈ, ਪੂਰਾ ਹੀ 'ਠਰਕਿਸਤਾਨ' ਪ੍ਰੋਸਿਆ ਮਿਲੂਗਾ। ਪਹਿਲਾ ਅੱਧਾ ਸੀਜ਼ਨ ਤਾਂ ਇਸ ਤਰ੍ਹਾਂ ਦੇ ਲੋਕਾਂ ਲਈ ਹੋਏਗਾ। ਆਡੀਐਂਸ ਚੋਗੇ ਉੱਤੇ ਲੱਗ ਗਈ ਤਾਂ 'ਟੀ.ਆਰ.ਪੀ.' ਦਾ ਜੁਗਾੜ ਵੀ ਹੋ ਜਾਏਗਾ। ਫੇਰ ਜਿਹੜੇ ਦਰਸ਼ਕ, ਇਕ ਵਾਰ ਕਿਸੇ ਵੈੱਬ ਸੀਰੀਜ਼ ਨਾਲ਼ ਜੁੜ ਜਾਣ, ਉਹ ਪੂਰੀ ਸੀਰੀਜ਼ ਦੇਖੇ ਬਗ਼ੈਰ ਤਾਂ ਟਲਦੇ ਨਹੀਂ, ਉਨ੍ਹਾਂ ਨੂੰ ਅਗਲੇ ਸੀਜ਼ਨ ਦੀ ਉਡੀਕ ਕਰਨ ਵੀ ਲਾਇਆ ਜਾ ਸਕਦਾ ਹੈ।"

"ਓਹੋ! ਆਪਣੀ ਸਕਰਿਪਟ ਉੱਤੇ ਏਨਾ ਕੌਨਫੀਡੈਂਸ?"

"ਮੈਮ ਜੀ, ਕੌਨਫੀਡੈਂਸ ਹੋਣਾ ਤਾਂ ਮਾੜਾ ਨਹੀਂ, ਮਾੜਾ ਤਾਂ ਓਵਰਕੌਨਫੀਡੈਂਸ ਹੁੰਦੈ।"

"ਅੱਛਾ ਜੀ!"

"ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਇਸ ਦੇ ਟਾਈਟਲ ਦੇ ਸਬੰਧ ਵਿਚ ਕਿਸੇ ਕਿਸਮ ਦਾ ਐਲਾਨ ਜਾਂ ਪਬਲਿਸਿਟੀ ਤਾਂ ਨਹੀਂ ਕੀਤੀ? ਜਾਂ ਸੰਨੀ ਦੇ ਨਾਂ 'ਤੇ ਕੋਈ ਕੁਮਿੱਟਿਡ ਟਾਈਟਲ ਤਾਂ ਨਹੀ ਰੱਖਿਆ?

"ਇਸ ਸਬੰਧ ਵਿਚ ਤਾਂ ਆਪਾਂ ਕੱਲ੍ਹ ਵਾਲ਼ੇ 'ਮੀਟ ਦ ਪ੍ਰੈੱਸ' ਪ੍ਰੋਗਰਾਮ ਵਿਚ ਵੀ ਬਚੇ ਰਹੇ ਹਾਂ।"

"ਫੇਰ ਤਾਂ ਤੁਸੀਂ, ਇਸ ਸਬੰਧ ਵਿਚ ਖ਼ਾਕਸਾਰ ਦੇ ਇਕ ਸੁਝਾਅ ਦੀ ਕਦਰ ਪਾ ਹੀ ਸਕਦੇ ਹੋ?"

"ਇਹ ਕਿਹੋ ਜਿਹੀਆਂ ਗੱਲਾਂ ਕਰਨ ਲੱਗ ਪੈਂਦੇ ਹੋ ਦਾਨਿਸ਼ ਸਾਹਿਬ ਕਈ ਵਾਰੀ? ਓ ਜਨਾਬ ਤੁਸੀਂ ਇਸ ਪ੍ਰਾਜੈਕਟ ਦੇ ਅਸਲੀ ਬਾਪ ਹੋ, ਜਨਮ ਦਾਤੇ ਹੋ। ਬੋਲੋ ਕੀ ਸੁਝਾਅ ਏ ਤੁਹਾਡਾ?"

"ਰਤਾ ਕੁ ਪਹਿਲ਼ਾਂ ਤਾਂ ਮੈਂ ਠਰਕੀ ਸੀ।"

"ਓਹੋ! ਹੁਣ ਸ਼ੁਗਲ ਕਰਨ 'ਤੇ ਵੀ ਕਰਫਿਊ ਲਾ ਕੇ ਬਹਿ ਗਏ? ਆਪ ਤੋ ਐਸੇ ਨਾ ਥੇ ਜਨਾਬਿ-ਦਾਨਿਸ਼!"

"ਚਲੋ ਪਹਿਲਾਂ ਆਪਣੇ ਸੰਜੀਦਾ ਹੋਣ ਦਾ ਯਕੀਨ ਦੁਆਓ ਤੇ ਇਸ ਗੱਲ ਨੂੰ ਵੀ ਯਕੀਨੀ ਬਣਾਓ ਕਿ ਜੇ ਮੇਰਾ ਸੁਝਾਅ ਚੰਗਾ ਨਾ ਲੱਗੇ ਤਾਂ ਮੇਰਾ ਮਖ਼ੌਲ ਨਹੀਂ ਉਡਾਓਗੇ।"

"ਦੱਸੋ ਇਨ੍ਹਾਂ ਦੋਹਾਂ ਹੀ ਗੱਲਾਂ ਦਾ ਯਕੀਨ ਕਿਸ ਤਰ੍ਹਾਂ ਦੁਆਵਾਂ ਤੁਹਾਨੂੰ?"

"ਯਕੀਨ ਆ ਗਿਆ, ਤੁਸੀਂ ਇਸ ਸੀਰੀਜ਼ ਦਾ ਟਾਈਟਲ 'ਵਿਗੜੀ ਹੋਈ ਕੁੜੀ' ਜਾਂ ਇਸ ਵਰਗਾ ਹੀ ਕੁਝ ਹੋਰ ਹੋਵੇ ਤਾਂ ਕਿਸ ਤਰ੍ਹਾਂ ਮਹਿਸੂਸ ਕਰੋਂਗੇ?"

"ਤੁਸੀਂ ਬਿਲਕੁਲ ਮੇਰੇ ਵਾਂਗ ਹੀ ਸੋਚਦੇ ਹੋ, ਦਾਨਿਸ਼ਿ-ਆਜ਼ਮ!"

"ਇਸ ਤੋਂ ਭੈੜਾ ਕੋਈ ਹੋਰ ਮਜ਼ਾਕ ਨਹੀਂ ਸੀ ਮਾਰਕੀਟ 'ਚ? ਚਲੋ ਨਾ ਸਹੀ! ਹੁਣ ਤਾਂ ਮੈਂ ਤੁਹਾਡੇ ਵਾਂਗ ਮੂਲੋਂ ਹੀ ਨਹੀਂ ਸੋਚਦਾ।"

"ਕਿਉਂ?"

"ਮੇਰੀ ਮੰਨਣੀ ਏ ਤਾਂ ਹੁਣ ਇਸ ਵੈੱਬ ਸੀਰੀਜ਼ ਦਾ ਟਾਈਟਲ 'ਵਿਗੜੇ ਹੋਏ ਮਾਪੇ' ਰੱਖ ਲਓ।"

"ਵਾਹ! ਦਾਨਿਸ਼ ਸਾਹਬ, ਯੂ ਆਰ ਜੀਨੀਅਸ!"

"ਇਕ ਹੋਰ ਮਾੜਾ ਮਖ਼ੌਲ!"

"ਨਾ-ਨਾ, ਬਿਲਕੁਲ ਵੀ ਨਹੀਂ।"

"ਰੱਖ ਲਓ ਫੇਰ, ਤੁਹਾਨੂੰ ਟਾਈਟਲ ਦੀ ਫੀਸ ਮੁਆਫ਼!" ਇਹ ਕਹਿ ਕੇ ਦਾਨਿਸ਼ ਵਾਸ਼ਰੂਮ ਚਲਿਆ ਗਿਆ ਤਾਂ ਲਤਾ ਕਪੂਰ ਇਹ ਸੋਚ ਰਹੀ ਸੀ ਕਿ ਟਾਈਟਲ ਤਾਂ ਇਹ ਸੱਚੀਂ ਹੀ ਬਹੁਤ ਅਪੀਲਿੰਗ ਹੈ।

*(ਏਨੀ ਮੇਰੀ ਬਾਤ)*

# ਪੰਜਾਬੀ ਰਾਣੀ ਦੀ ਅਣਕਹੀ ਕਹਾਣੀ

ਗੁਰਜੋਤ ਸਿੰਘ

## ਇਟਾਲੀਅਨ ਪੱਤਰਕਾਰ ਲਿਵਿਆ ਮਨੇਰਾ ਸੰਬਾਈ ਦੀ ਖੋਜ ਰਿਪੋਰਟ

- ਦੂਜੀ ਵਿਸ਼ਵ ਜੰਗ ਵੇਲੇ ਫਰਾਂਸ 'ਚ ਗ੍ਰਿਫ਼ਤਾਰ ਕੀਤੀ ਗਈ ਸੀ
- ਰਾਣੀ ਅੰਮ੍ਰਿਤ ਬਹੁ-ਵਿਆਹ ਤੇ ਬਾਲ ਵਿਆਹ ਦੇ ਖ਼ਿਲਾਫ਼ ਸਨ
- ਫ਼ਰਾਂਸੀਸੀ ਰੰਗ ਵਿੱਚ ਰੰਗੀ ਹੋਈ ਸੀ 'ਕਪੂਰਥਲਾ ਰਿਆਸਤ'



ਲਿਵਿਆ ਮਨੇਰਾ ਸੰਬਾਈ

ਕਪੂਰਥਲਾ ਰਿਆਸਤ ਸਭ ਤੋਂ ਅਮੀਰ ਰਿਆਸਤ ਤਾਂ ਨਹੀਂ, ਪਰ ਉਨ੍ਹਾਂ ਰਿਆਸਤਾਂ ਵਿੱਚੋਂ ਇੱਕ ਸੀ, ਜਿਸਨੇ ਕਲਾ ਅਤੇ ਸੂਹਜ ਰਾਹੀਂ ਨਵੇਂ ਮਿਆਰ ਸਿਰਜੇ। ਕਪੂਰਥਲਾ ਰਿਆਸਤ ਬਾਰੇ ਇੱਕ ਦਿਲਚਸਪ ਗੱਲ ਇਹ ਵੀ ਸੀ ਕਿ ਇਹ ਫ਼ਰਾਂਸੀਸੀ ਰੰਗ ਵਿੱਚ ਰੰਗੀ ਹੋਈ ਸੀ। ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਇੱਕ 'ਫਰੈਂਕੋਫਾਈਲ' ਵਜੋਂ ਪ੍ਰਸਿੱਧ ਸਨ, ਉਹ ਫ਼ਰਾਂਸ ਵਿੱਚ ਸਮਾਂ ਬਿਤਾਉਣਾ ਤੇ ਉਸੇ ਅੰਦਾਜ਼ 'ਚ ਰਹਿਣਾ ਪਸੰਦ ਕਰਦੇ ਸਨ। ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਉਹ ਆਪਣੇ ਦਰਬਾਰ ਵਿੱਚ ਵੀ ਫਰੈਂਚ ਭਾਸ਼ਾ ਵਰਤਦੇ ਸਨ।

ਅਜਿਹੇ ਮਹਾਰਾਜਾ ਦੀ ਇੱਕੋ-ਇੱਕ ਧੀ, ਰਾਣੀ ਅੰਮ੍ਰਿਤ ਕੌਰ ਦੀ ਜ਼ਿੰਦਗੀ ਦੀ ਕਹਾਣੀ ਵਿੱਚ ਵੀ ਫ਼ਰਾਂਸ ਦਾ ਅਹਿਮ ਰੋਲ ਰਿਹਾ। ਦੂਜੀ ਵਿਸ਼ਵ ਜੰਗ ਵੇਲੇ ਉਨ੍ਹਾਂ ਨੂੰ ਜਰਮਨ ਫੌਜ ਦੇ ਕਬਜ਼ੇ ਹੇਠ ਆਏ ਫ਼ਰਾਂਸ ਵਿੱਚ 'ਵਿਸ਼ੀ ਫ਼ਰਾਂਸ' ਦੀ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਫ਼ਰਾਂਸ ਉੱਤੇ ਨਾਜ਼ੀ ਜਰਮਨੀ ਦੇ ਹਮਲੇ ਤੋਂ ਬਾਅਦ ਫ਼ਰਾਂਸੀਸੀ ਜਨਰਲ ਦੀ ਅਗਵਾਈ ਹੇਠ ਜਰਮਨੀ ਦੀ ਸਹਿਯੋਗੀ ਸਰਕਾਰ ਸਥਾਪਤ ਕੀਤੀ ਗਈ ਸੀ, ਇਸ ਦਾ ਨਾਂ 'ਵਿਸ਼ੀ' ਫ਼ਰਾਂਸ ਸੀ।


ਅੰਮ੍ਰਿਤ ਕੌਰ ਬਾਰੇ ਜਾਣਦਿਆਂ ਹੀ ਇਹੀ ਖਿਆਲ ਆਉਂਦਾ ਹੈ ਕਿ ਉਨ੍ਹਾਂ ਨੂੰ ਕਿਉਂ ਗ੍ਰਿਫ਼ਤਾਰ ਕੀਤਾ ਗਿਆ, ਉਹ ਉਸ ਵੇਲੇ ਫ਼ਰਾਂਸ ਵਿੱਚ ਕਿਉਂ ਸਨ ਤੇ ਆਖ਼ਰ ਉਨ੍ਹਾਂ ਦੀ ਰਿਹਾਈ ਕਿਵੇਂ ਹੋਈ? ਇਹੀ ਸਵਾਲ ਇਟਾਲੀਅਨ ਪੱਤਰਕਾਰ ਲਿਵਿਆ ਮਨੇਰਾ ਸੰਬਾਈ ਦੇ ਮਨ ਵਿੱਚ ਸਨ, ਜਦੋਂ ਉਨ੍ਹਾਂ ਨੇ ਮੁੰਬਈ ਦੇ ਇੱਕ ਮਿਊਜ਼ੀਅਮ ਵਿੱਚ ਅੰਮ੍ਰਿਤ ਕੌਰ ਦੀ ਖ਼ੂਬਸੂਰਤ ਤਸਵੀਰ ਵੇਖੀ। ਇਸ ਮਗਰੋਂ ਉਨ੍ਹਾਂ ਨੇ 10 ਸਾਲ ਇਹ ਲੱਭਣ ਵਿੱਚ ਲਾਏ ਕਿ ਇਸ ਪੰਜਾਬੀ ਰਾਣੀ ਨਾਲ ਫ਼ਰਾਂਸ ਵਿੱਚ ਕੀ ਵਾਪਰਿਆ ਤੇ ਉਨ੍ਹਾਂ ਬਾਰੇ ਇੰਨੀ ਥੋੜ੍ਹੀ ਜਾਣਕਾਰੀ ਕਿਉਂ ਹੈ।

ਲਿਵਿਆ ਮਨੇਰਾ ਸੰਬਾਈ ਅਨੁਸਾਰ ਰਾਣੀ ਅੰਮ੍ਰਿਤ ਕੌਰ ਸ਼ੁਰੂ ਤੋਂ ਹੀ ਇੱਕ ਆਜ਼ਾਦ ਸ਼ਖਸੀਅਤ ਦੇ ਮਾਲਕ ਸਨ, ਉਹ ਬ੍ਰਿਟਿਸ਼ ਰਾਜ ਦੇ ਪੱਖ ਵਿੱਚ ਸਨ। ਉਨ੍ਹਾਂ ਦਾ ਪਰਿਵਾਰ ਸਿੱਖ ਮਾਹੌਲ ਵਾਲਾ ਸੀ, ਇਸ ਕਰਕੇ ਉਹ ਜਾਤ-ਪਾਤ ਦੇ ਵਿਰੋਧ ਵਿੱਚ ਸਨ। ਅੰਮ੍ਰਿਤ ਕੌਰ ਦੇ ਪਿਤਾ ਹਾਲਾਂਕਿ ਪਿਤਾ-ਪੁਰਖੀ ਸੁਭਾਅ ਦੇ ਸਨ, ਪਰ ਉਨ੍ਹਾਂ ਨੂੰ ਕਾਫੀ ਚੰਗੀ ਸਿੱਖਿਆ ਮਿਲੀ ਸੀ, ਇਸ ਦਾ ਅੱਗੇ ਜਾ ਕੇ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਉੱਤੇ ਵੀ ਅਸਰ ਪਿਆ। ਮਹਾਰਾਜਾ ਜਗਤਜੀਤ ਦੀਆਂ ਕਈ ਪਤਨੀਆਂ ਸਨ। ਅੰਮ੍ਰਿਤ ਕੌਰ ਮਹਾਰਾਜਾ ਜਗਤਜੀਤ ਸਿੰਘ ਦੀ ਚੌਥੀ ਪਤਨੀ ਰਾਣੀ ਕਨਾਰੀ ਸਾਹਿਬਾ ਦੀ ਧੀ ਸਨ।

ਮਹਾਰਾਜਾ ਜਗਤਜੀਤ ਸਿੰਘ ਦੇ ਪੜਪੋਤੇ ਟਿੱਕਾ ਸ਼ਤਰੂਜੀਤ ਸਿੰਘ ਅਨੁਸਾਰ ਅੰਮ੍ਰਿਤ ਕੌਰ ਨੇ ਆਪਣੀ ਸ਼ੁਰੂਆਤੀ ਪੜ੍ਹਾਈ ਇੰਗਲੈਂਡ ਅਤੇ ਫ਼ਰਾਂਸ ਵਿੱਚ ਕੀਤੀ। ਉਨ੍ਹਾਂ ਨੇ ਆਪਣੇ ਸਕੂਲ ਵਿੱਚ ਜੈਜ਼ ਕਲੱਬ ਨੂੰ ਵੀ ਲੀਡ ਕੀਤਾ ਸੀ। ਅੰਮ੍ਰਿਤ ਕੌਰ ਆਪਣੀ ਉਮਰ ਦੇ ਵੀਹਵਿਆਂ ਦੀ ਸ਼ੁਰੂਆਤ ਵਿੱਚ ਮੰਡੀ ਰਿਆਸਤ ਦੇ ਵਾਰਿਸ ਜੋਗਿੰਦਰ ਸੇਨ ਬਹਾਦੁਰ ਨਾਲ ਵਿਆਹੇ ਗਏ ਸਨ, ਉਹ ਜਵਾਨ ਉਮਰ ਵਿੱਚ ਹੀ ਰਾਣੀ ਬਣ ਗਏ ਸਨ। ਉਹ ਇਸ ਸਮੇਂ ਦੌਰਾਨ ਔਰਤਾਂ ਦੇ ਹੱਕਾਂ ਲਈ ਅੱਗੇ ਆਏ ਸਨ, ਉਹ ਬਹੁ-ਵਿਆਹ ਅਤੇ ਬਾਲ ਵਿਆਹ ਦੇ ਵੀ ਖ਼ਿਲਾਫ਼ ਸਨ।

ਲਿਵਿਆ ਅਨੁਸਾਰ, "ਮੰਡੀ ਇੱਕ ਧਾਰਮਿਕ ਥਾਂ ਸੀ, ਜਿੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਮੰਦਿਰ ਹਨ। ਅੰਮ੍ਰਿਤ ਕੌਰ ਨੇ ਇੱਥੋਂ ਦੇ ਹਿੰਦੂ ਸੱਭਿਆਚਾਰ ਨੂੰ ਅਪਣਾਇਆ, ਉਹ ਮੰਦਿਰਾਂ ਦੀ ਸਾਂਭ-ਸੰਭਾਲ ਅਤੇ ਮੰਡੀ ਤੇ ਲੋਕਾਂ ਦਾ ਸਤਿਕਾਰ ਹਾਸਿਲ ਕਰਨ ਪ੍ਰਤੀ ਤਤਪਰ ਸਨ।... ਅੰਮ੍ਰਿਤ ਕੌਰ ਦੇ ਆਪਣੇ ਪਤੀ ਨਾਲ ਸ਼ੁਰੂਆਤ ਤੋਂ ਹੀ ਸਬੰਧ ਸੁਖਾਵੇਂ ਨਹੀਂ ਸਨ। ਉਨ੍ਹਾਂ ਨੂੰ ਬਚਪਨ ਵਿੱਚ ਮਿਲੀ ਸਿੱਖਿਆ ਤੇ ਵਿਦੇਸ਼ੀ ਤਜਰਬੇ ਦੇ ਉਲਟ ਉਨ੍ਹਾਂ ਦੇ ਪਤੀ ਕੋਲ ਇਨ੍ਹਾਂ ਚੀਜ਼ਾਂ ਦੀ ਘਾਟ ਸੀ।"

ਲਿਵਿਆ ਦੀ ਖੋਜ ਵਿੱਚ ਸਾਹਮਣੇ ਆਇਆ ਕਿ ਅੰਮ੍ਰਿਤ ਕੌਰ ਦੇ ਸਾਲ 1933 ਵਿੱਚ ਫ਼ਰਾਂਸ ਜਾਣ ਦੇ ਕਾਰਨ ਅਤੇ ਹਾਲਾਤ ਕਾਫੀ ਨਿੱਜੀ ਸੀ। ਅੰਮ੍ਰਿਤ ਕੌਰ ਦੇ ਉਸ ਵੇਲੇ ਦੋ ਬੱਚੇ ਸਨ। ਅੰਮ੍ਰਿਤ ਕੌਰ ਲਈ ਪੈਰਿਸ ਇੱਕ ਘਰ ਵਾਂਗ ਸੀ। ਉਹ ਪਰਿਵਾਰ ਨੂੰ ਚਿੱਠੀਆਂ ਵੀ ਫ਼ਰੈਂਚ ਵਿੱਚ ਹੀ ਲਿਖਦੇ ਸਨ। ਅੰਮ੍ਰਿਤ ਪਹਿਲਾਂ ਵੱਧ ਤੋਂ ਵੱਧ ਛੇ ਮਹੀਨਿਆਂ ਲਈ ਫ਼ਰਾਂਸ ਗਏ ਸਨ, ਪਰ ਕੁਝ ਕਾਰਨਾਂ ਕਰਕੇ ਉਹ ਵਾਪਸ ਨਹੀਂ ਆਏ। ਉਹ ਜਨਤਕ ਤੌਰ ਉੱਤੇ ਬਹੁ-ਵਿਆਹ ਦੇ ਖ਼ਿਲਾਫ਼ ਸਨ, ਉਨ੍ਹਾਂ ਦੇ ਪਤੀ ਦਾ ਇੱਕ ਹੋਰ ਵਿਆਹ ਕਰਵਾਉਣ ਦਾ ਫ਼ੈਸਲਾ ਉਨ੍ਹਾਂ ਲਈ ਕਾਫ਼ੀ ਸ਼ਰਮਿੰਦਗੀ ਭਰਿਆ ਸੀ।



ਰਾਣੀ ਅੰਮ੍ਰਿਤ ਕੌਰ ਦਾ ਇੱਕ ਕਾਲਪਨਿਕ ਚਿੱਤਰ



ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ

ਸਾਲ 1938 ਵਿੱਚ ਉਨ੍ਹਾਂ ਨੇ ਪੈਰਿਸ ਵਿੱਚ ਹੀ ਰਹਿਣ ਦਾ ਫ਼ੈਸਲਾ ਲਿਆ। ਜੰਗ ਦੀ ਸ਼ੁਰੂਆਤ ਹੋਣ ਵਾਲੀ ਸੀ, ਪਰ ਅੰਮ੍ਰਿਤ ਕੌਰ ਦਾ ਖਿਆਲ ਸੀ ਕਿ ਸਿਆਸੀ ਹਾਲਾਤ ਦਾ ਉਨ੍ਹਾਂ ਉੱਤੇ ਅਸਰ ਨਹੀਂ ਪਵੇਗਾ। ਅੰਮ੍ਰਿਤ ਕੌਰ ਸ਼ਾਂਤੀ ਦੇ ਹਾਮੀ ਸਨ। ਉਹ ਫ਼ਰਾਂਸ ਇਸ ਲਈ ਰੁਕੇ ਸਨ, ਕਿਉਂਕਿ ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਕੁਝ ਦੋਸਤ ਸੁਰੱਖਿਅਤ ਹੋਰ ਦੇਸ਼ਾਂ ਵਿੱਚ ਪਹੁੰਚ ਜਾਣ। ਖ਼ੈਰ! ਅੰਮ੍ਰਿਤ ਕੌਰ ਨੂੰ 10 ਦਸੰਬਰ 1940 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਮਹਾਰਾਜਾ ਕਪੂਰਥਲਾ ਦੇ ਪਰਿਵਾਰ ਦੇ ਯਹੂਦੀ ਲੋਕਾਂ ਨਾਲ ਚੰਗੇ ਸਬੰਧ ਸਨ। ਅੰਮ੍ਰਿਤ ਕੌਰ ਨੇ ਆਪਣੇ ਯਹੂਦੀ ਦੋਸਤਾਂ ਨੂੰ ਫ਼ਰਾਂਸ ਛੱਡਣ ਲਈ ਮਦਦ ਕਰਨ ਲਈ ਇੱਕ ਗਹਿਣਾ ਵੀ ਵੇਚਿਆ ਸੀ, ਪਰ ਇਹ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਕਾਰਨ ਨਹੀਂ ਸੀ। ਫ਼ਰਾਂਸ ਦੇ ਜਰਮਨ ਫੌਜ ਦੇ ਕਬਜ਼ੇ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੂੰ 'ਏਲੀਅਨ ਐਨੀਮੀ' ਭਾਵ ਦੁਸ਼ਮਣ ਦੱਸ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਫ਼ਰਾਂਸ ਦੇ ਇੱਕ ਇੰਟਰਨਮੈਂਟ ਕੈਂਪ ਵਿੱਚ ਲਿਜਾਇਆ ਗਿਆ। ਇਹ ਇੱਕ ਟਰਾਂਜ਼ਿਟਰੀ ਕੈਂਪ ਸੀ, ਇੱਥੇ ਹਾਲਾਤ ਬੇਹੱਦ ਮਾੜੇ ਸਨ। ਇੱਥੇ 600 ਜਣੇ ਪਹਿਲੇ ਮਹੀਨੇ ਵਿੱਚ ਹੀ ਨਿਮੋਨੀਆ ਅਤੇ ਟਾਇਫਾਇਡ ਕਰਕੇ ਮਾਰੇ ਗਏ ਸਨ।

ਮਹਾਰਾਜਾ ਜਗਤਜੀਤ ਸਿੰਘ ਨੇ ਅੰਮ੍ਰਿਤ ਕੌਰ ਦੀ ਆਜ਼ਾਦੀ ਲਈ ਸੰਸਾਰ ਭਰ ਨੂੰ ਚਿੱਠੀਆਂ ਲਿਖੀਆਂ। ਉਨ੍ਹਾਂ ਨੇ ਅੰਮ੍ਰਿਤ ਕੌਰ ਨੂੰ ਪੈਸੇ ਭੇਜਣ ਦੀ ਕਾਫੀ ਕੋਸ਼ਿਸ਼ ਕੀਤੀ, ਪਰ ਅੰਮ੍ਰਿਤ ਕੌਰ ਦੇ ਬੈਂਕ ਖਾਤੇ ਜਰਮਨਾਂ ਵੱਲੋਂ ਫ੍ਰੀਜ਼ ਕਰ ਦਿੱਤੇ ਗਏ ਸਨ। ਇੱਕ ਭਾਰਤੀ ਮਹਾਰਾਜਾ ਦੀ ਧੀ ਹੋਣ ਕਰਕੇ ਅਤੇ ਮੰਡੀ ਦੇ ਰਾਜੇ ਦੀ ਪਤਨੀ ਹੋਣ ਕਰਕੇ ਬ੍ਰਿਟਿਸ਼ ਵਿਦੇਸ਼ ਦਫ਼ਤਰ ਵੱਲੋਂ ਉਨ੍ਹਾਂ ਉੱਤੇ ਨਜ਼ਰ ਰੱਖੀ ਜਾ ਰਹੀ ਸੀ। ਜਦੋਂ ਅੰਮ੍ਰਿਤ ਕੌਰ ਦੇ ਪਿਤਾ ਨੇ ਉਨ੍ਹਾਂ ਦੀ ਆਜ਼ਾਦੀ ਲਈ ਕੈਦੀਆਂ ਦੀ ਰਿਹਾਈ ਦਾ ਪ੍ਰਸਤਾਵ ਦਿੱਤਾ ਤਾਂ ਬ੍ਰਿਟਿਸ਼ ਸਰਕਾਰ ਵੱਲੋਂ ਉਨ੍ਹਾਂ ਨੂੰ ਇੱਕ ਜਾਸੂਸ ਦੀ ਰਿਹਾਈ ਲਈ ਅਹਿਮ ਨਹੀਂ ਮੰਨਿਆ ਗਿਆ।

ਕਿਵੇਂ ਹੋ ਸਕੀ ਸੀ ਰਿਹਾਈ? ਇਹ ਇੱਕ ਵੱਡਾ ਸਵਾਲ ਹੈ। ਪੱਤਰਕਾਰ ਲਿਵਿਆ ਅਨੁਸਾਰ ਰਾਣੀ ਅੰਮ੍ਰਿਤ ਕੌਰ ਦੇ ਕੈਂਪ ਤੋਂ ਆਜ਼ਾਦ ਹੋਣ ਦੀ ਕਹਾਣੀ ਬਾਰੇ ਜਾਣਕਾਰੀ ਦੀ ਘਾਟ ਹੈ। ਇਸ ਦਾ ਕਾਰਨ ਫ਼ਰੈਂਚ ਤੇ ਜਰਮਨ ਆਰਕਾਈਵਜ਼ ਦਾ ਤਬਾਹ ਕੀਤੇ ਜਾਣਾ ਹੈ। ਲਿਵਿਆ ਨੇ ਬ੍ਰਿਟਿਸ਼ ਵਿਦੇਸ਼ ਦਫ਼ਤਰ ਤੋਂ ਮਿਲੀ ਫ਼ਾਈਲ ਤੇ ਆਪਣੀ ਰਿਸਰਚ ਨਾਲ ਅੰਮ੍ਰਿਤ ਕੌਰ ਦੀ ਕਹਾਣੀ ਦੇ ਪੱਖ ਜਾਣੇ। ਲਿਵਿਆ ਅਨੁਸਾਰ, ਕੈਂਪ 'ਚ ਜਰਮਨ ਇਨ੍ਹਾਂ ਕੈਦੀਆਂ ਨੂੰ ਫੈਕਟਰੀਆਂ ਜਾਂ ਕੰਸਨਟ੍ਰੇਸ਼ਨ ਕੈਂਪਾਂ ਵਿੱਚ ਭੇਜਣਾ ਚਾਹੁੰਦੇ ਸਨ, ਪਰ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਇਹ ਧਮਕੀ ਦਿੱਤੀ ਕਿ ਉਹ ਜਰਮਨ ਕੈਦੀਆਂ ਨੂੰ ਕੈਨੇਡੀਆਈ ਟੁੰਡਰਾ (ਕੈਨੇਡਾ ਵਿਚਲੀਆਂ ਜੇਲ੍ਹਾਂ) ਵਿੱਚ ਭੇਜ ਦੇਣਗੇ। ਚਰਚਿਲ ਦੀਆਂ ਕੋਸ਼ਿਸ਼ਾਂ ਕਰਕੇ ਉਨ੍ਹਾਂ ਅਤੇ ਬਾਕੀ ਔਰਤਾਂ ਨੂੰ ਫ਼ਰਾਂਸ ਵਿੱਚ ਹੀ ਰੱਖਿਆ ਗਿਆ। ਫ਼ਰਾਂਸ ਕੈਦ ਵਿੱਚੋਂ ਉਨ੍ਹਾਂ ਦੀ ਰਿਹਾਈ ਉਨ੍ਹਾਂ ਵੱਲੋਂ ਜਾਂ ਉਨ੍ਹਾਂ ਦੇ ਕਿਸੇ ਜਾਣਕਾਰ ਵੱਲੋਂ ਰਿਸ਼ਵਤ ਦੇਣ ਕਰਕੇ ਹੀ ਸੰਭਵ ਹੋ ਸਕੀ ਸੀ। ਕੈਂਪ ਤੋਂ ਬਾਹਰ ਨਿਕਲਣ ਪਿੱਛੋਂ ਵੀ ਉਹ ਜੰਗ ਦੇ ਰਹਿੰਦੇ ਸਮੇਂ ਤੱਕ ਹਾਊਸ ਅਰੈਸਟ ਵਿੱਚ ਰਹੇ। ਮਹਾਰਾਣੀ ਭਾਵੇਂ ਕੈਂਪ ਵਿੱਚ ਸਿਰਫ਼ 6 ਮਹੀਨਿਆਂ ਲਈ ਰਹੇ, ਪਰ ਉਨ੍ਹਾਂ ਉੱਤੇ ਇਸ ਦਾ ਅਸਰ ਸਾਰੀ ਜ਼ਿੰਦਗੀ ਰਿਹਾ ਤੇ ਉਹ ਕਦੇ ਇਸ ਤੋਂ ਉੱਭਰ ਨਹੀਂ ਸਕੇ।

*(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)*

# ਅਜੋਕੀ ਸਿਆਸਤ: ਬਿਰਤੀ, ਬਿਰਤਾਂਤ ਤੇ ਬਖੇੜੇ

ਤਰਜ਼-ਏ-ਜ਼ਿੰਦਗੀ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



ਪਿੰਡ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਖੇਡੀ ਜਾਂਦੀ ਸਿਆਸਤ ਦੀ ਖੇਡ ਉੱਪਰ ਇੱਕ ਸਰਸਰੀ ਜਿਹੀ ਨਜ਼ਰ ਮਾਰਦਿਆਂ ਇੱਕ ਵਰਤਾਰਾ ਬੜੇ ਹੀ ਸਹਿਜ ਰੂਪ ਵਿੱਚ ਸਪਸ਼ਟ ਹੋ ਜਾਂਦਾ ਹੈ ਕਿ ਸਿਆਸਤ ਦੇ ਗਲਿਆਰਿਆਂ ਵਿੱਚ ਸਰਗਰਮ ਧਿਰਾਂ ਦੀ ਜਿਹੋ ਜਿਹੀ ਬਿਰਤੀ ਹੋਵੇਗੀ, ਉਸ ਬਿਰਤੀ ਵਿੱਚੋਂ ਉਪਜੇ ਉਹੋ ਜਿਹੇ ਮੁੱਦਿਆਂ ਉੱਪਰ ਸਿਆਸੀ ਆਗੂ ਆਪਣੀ ਸਿਆਸੀ ਰਣਨੀਤੀ ਤੈਅ ਕਰਨਗੇ ਅਤੇ ਆਪਣੇ-ਆਪਣੇ ਪੱਖਾਂ ਨੂੰ ਉਭਾਰਨ ਤੇ ਸਹੀ ਸਾਬਤ ਕਰਨ ਲਈ ਸਿਆਸੀ ਆਗੂ ਹਮੇਸ਼ਾ ਮਨਭਾਉਂਦੇ, ਮਨਘੜਤ ਤੇ ਅਸਲੀਅਤ ਤੋਂ ਕੋਹਾਂ ਦੂਰ ਬਿਰਤਾਂਤ ਸਿਰਜ ਕੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਬਖੇੜਿਆਂ ਦੀ ਭੱਠੀ ਵਿੱਚ ਪਲਕ ਝਪਕਦਿਆਂ ਝੋਕ ਦੇਣਗੇ। ਬੇਸ਼ੱਕ ਲੋਕਤੰਤਰ ਦੇ ਯੁੱਗ ਵਿੱਚ ਜਨਤਾ ਜਨਾਰਦਨ ਹੀ ਸਰਵਉਚ ਮੰਨੀ ਜਾਂਦੀ ਹੈ, ਪਰ ਵਾਸਤਵਿਕ ਰੂਪ ਵਿੱਚ ਸਿਆਸੀ ਲੋਕਾਂ ਵਲੋਂ ਜਨਤਾ ਦੀ ਅਕਲ ਉੱਪਰ ਪਰਦੇ ਪਾ ਕੇ ਆਪਣੇ ਸੌੜੇ ਸਿਆਸੀ ਮੁਫਾਦ ਲਈ ਹਰ ਪੜਾਅ ਉਤੇ ਜਨਤਾ ਨੂੰ ਭੇਡਾਂ ਦੀ ਤਰ੍ਹਾਂ ਇਸਤੇਮਾਲ ਕਰਨਾ ਹਮੇਸ਼ਾ ਤੋਂ ਖੁੰਢ ਸਿਆਸਤਦਾਨਾਂ ਦਾ ਰੋਜ਼ਮੱਰ੍ਹਾ ਦਾ ਪਸੰਦੀਦਾ ਰੁਝੇਵਾਂ ਰਿਹਾ ਹੈ। ਉਨ੍ਹਾਂ ਵਲੋਂ ਜਾਣ-ਬੁੱਝ ਕੇ ਅਜਿਹੇ ਬਿਰਤਾਂਤ ਸਿਰਜੇ ਜਾਂਦੇ ਹਨ, ਜਿਸ ਨਾਲ ਮਸਲੇ ਪਹਿਲਾਂ ਨਾਲੋਂ ਹੋਰ ਵਧੇਰੇ ਉਲਝਣ, ਲੋਕਾਂ ਦੇ ਆਪਸੀ ਵਖਰੇਵੇਂ ਵਧਣ, ਉਨ੍ਹਾਂ ਲਈ ਹੋਰ ਨਵੇਂ ਬਖੇੜੇ ਖੜ੍ਹੇ ਹੋਣ ਅਤੇ ਸਿਆਸਤ ਦੇ ਪਿੜ ਵਿੱਚ ਹਰ ਦੁੱਕੀ-ਤਿੱਕੀ ਇੱਕ ਦਿਨ ਸਿਰਕੱਢਵਾਂ ਸਿਆਸੀ ਆਗੂ ਬਣਨ ਦਾ ਆਪਣਾ ਸੁਪਨਾ ਸਾਕਾਰ ਕਰ ਸਕੇ। ਅਜੋਕੇ ਯੁੱਗ ਵਿੱਚ ਤਾਂ ਸੋਸ਼ਲ ਮੀਡੀਆ ਅਤੇ ਸੋਸ਼ਲ ਨੈੱਟਵਰਕਿੰਗ ਨੇ ਸਥਾਪਿਤ ਤੇ ਨਵੇਂ-ਨਵੇਂ ਉੱਭਰ ਰਹੇ ਰਾਜਨੀਤਿਕ ਆਗੂਆਂ ਅਤੇ ਆਮ ਲੋਕਾਂ ਨੂੰ ਬਿਨਾ ਸੋਚੇ ਸਮਝੇ ਦੂਜਿਆਂ ਦੀ ਕਿਰਦਾਰਕੁਸ਼ੀ ਕਰਨ, ਦੂਸਰਿਆਂ ਉੱਪਰ ਚਿੱਕੜ ਸੁੱਟਣ ਤੇ ਇਲਜ਼ਾਮਤਰਾਸ਼ੀ ਕਰਨ ਅਤੇ ਆਪਣੇ ਵਲੋਂ ਘੜੇ ਹੋਏ ਬਿਰਤਾਂਤਾਂ ਨੂੰ ਜਨਤਾ ਦੀ ਆਵਾਜ਼ ਵਜੋਂ ਪੇਸ਼ ਕਰਨ ਲਈ ਇੱਕ ਅਜਿਹਾ ਕਾਰਗਰ ਪਲੈਟਫਾਰਮ ਪ੍ਰਦਾਨ ਕਰ ਦਿੱਤਾ ਹੈ ਕਿ ਹੁਣ ਹਰ ਕੋਈ ਵੀ ਲੱਲੀ ਛੱਲੀ ਖੁਦ ਨੂੰ ਲੋਕਾਂ ਦਾ 'ਮਸੀਹਾ', 'ਧਾਕੜ', 'ਦਲੇਰ', 'ਬੇਬਾਕ', 'ਜੋਸ਼ੀਲਾ', 'ਰੋਸ਼ਨ ਦਿਮਾਗ' ਅਤੇ 'ਦੂਰ-ਅੰਦੇਸ਼ ਆਗੂ' ਸਾਬਿਤ ਕਰਨ ਦਾ ਦਾਅਵਾ ਪੇਸ਼ ਕਰ ਰਿਹਾ ਹੈ।

ਜੇ ਗੱਲ ਕੀਤੀ ਜਾਵੇ ਪੰਜਾਬ ਦੀ ਮੌਜੂਦਾ ਸਿਆਸਤ ਦੀ ਤਾਂ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਹੁਣ ਪੰਜਾਬ ਦੀ ਸਿਆਸਤ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਦੇ ਦਾਇਰਿਆਂ ਵਿੱਚੋਂ ਨਿਕਲ ਕੇ ਕਾਰਪੋਰੇਟ ਸ਼ੈਲੀ ਦੀ ਸਿਆਸਤ ਦਾ ਰੂਪ ਧਾਰ ਚੁਕੀ ਹੈ। ਧਰਾਤਲ ਨਾਲੋਂ ਸਿਰਿਉਂ ਹੀ ਟੁੱਟ ਕੇ ਪੰਜ ਤਾਰਾ ਹੋਟਲਾਂ ਵਿੱਚ ਰਾਜਨੀਤਕ ਰਣਨੀਤੀ ਘੜਨ ਵਾਲੇ ਸਿਰਕੱਢ ਸਿਆਸੀ ਪਰਿਵਾਰਾਂ ਦੇ 'ਵਿਗੜੇ ਹੋਏ ਕਾਕਿਆਂ' ਦੇ ਮਹਿੰਗੇ ਸਿਆਸੀ ਸ਼ੌਕ ਪੁਗਾਉਣ ਲਈ ਪੰਜਾਬ ਦੀ ਸਿਆਸਤ ਹੁਣ ਆਮ ਲੋਕਾਂ ਦੀਆਂ ਭਾਵਨਾਵਾਂ, ਸਰੋਕਾਰਾਂ ਅਤੇ ਦੁਖ-ਤਕਲੀਫਾਂ ਨੂੰ ਦਰਕਿਨਾਰ ਕਰ ਰਹੀ ਹੈ। ਪੰਥ ਦੀ ਦੁਰਗਤਿ ਅਤੇ ਗ੍ਰੰਥ ਦੀ ਬੇਅਦਬੀ ਕਰਵਾਉਣ ਤੋਂ ਵੀ ਗੁਰੇਜ਼ ਨਾ ਕਰਨ ਵਾਲੀਆਂ ਸਿਆਸੀ ਧਿਰਾਂ, ਪੰਜਾਬ ਦੇ ਹਿੱਤਾਂ ਨੂੰ ਇੱਕ ਵਿਸ਼ੇਸ਼ ਧਰਮ ਦੇ ਹਿੱਤਾਂ ਦੇ ਰੂਪ ਵਿੱਚ ਪੇਸ਼ ਕਰਨ ਦੀ ਦੌੜ ਵਿੱਚ ਸ਼ਾਮਿਲ ਧਿਰਾਂ ਅਤੇ ਸਿਆਸੀ ਬਦਲਾਖ਼ੋਰੀ ਤਹਿਤ ਰਿਮੋਟ ਕੰਟਰੋਲ ਨਾਲ ਚਲਣ ਵਾਲੀਆਂ ਸਿਆਸੀ ਧਿਰਾਂ ਨੇ ਹਰ ਹੀਲੇ ਪੰਜਾਬ ਨਾਲ ਕੇਵਲ ਧ੍ਰੋਹ ਹੀ ਕਮਾਇਆ ਹੈ। ਹੱਸਦਾ-ਵੱਸਦਾ, ਤਰੱਕੀ ਪਸੰਦ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਵੱਡੀ ਤੋਂ ਵੱਡੀ ਵੰਗਾਰ ਦਾ ਸਾਹਮਣਾ ਕਰਨ ਵਾਲਾ ਪੰਜਾਬ ਸ਼ਾਇਦ ਸਾਡੇ ਸਿਆਸੀ ਆਗੂਆਂ ਦੇ ਰਾਹਾਂ ਦਾ ਇੱਕ ਰੋੜਾ ਹੈ, ਤਾਹਿਉਂ ਤਾਂ ਹਰ ਸਿਆਸੀ ਧਿਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਆਤਮਾ ਨੂੰ ਵਲੂੰਧਰਨ ਵਿੱਚ ਕਦੇ ਰਾਈ ਮਾਤਰ ਵੀ ਝਿਜਕਦੀ ਤੱਕ ਨਹੀਂ ਹੈ।

ਸਾਨੂੰ ਸਾਡੇ ਆਪਣੇ ਹੀ ਅਖੌਤੀ 'ਦੂਰ-ਦਰਸ਼ੀ ਸਿਆਸੀ ਨੇਤਾਵਾਂ' ਨੇ ਆਪੋ-ਆਪਣੀ ਸੰਕਰੀਣ ਬਿਰਤੀ ਤਹਿਤ ਸਿਰਜੇ ਹੋਏ ਅਜਿਹੇ ਬਿਰਤਾਂਤਾਂ ਦੇ ਚੱਕਰਵਿਊ ਵਿੱਚ ਉਲਝਾ ਦਿੱਤਾ ਹੈ ਕਿ ਅੱਜ ਸਾਨੂੰ ਠੀਕ-ਗਲਤ ਅਤੇ ਸੱਚ-ਝੂਠ ਵਿਚਲਾ ਅੰਤਰ ਹੀ ਨਹੀਂ ਦਿੱਖ ਰਿਹਾ ਹੈ। ਸਾਡੀਆਂ ਫਸਲਾਂ ਤੇ ਨਸਲਾਂ ਨੂੰ ਬਰਬਾਦ ਕਰਨ ਮਗਰੋਂ, ਸਾਡੇ ਸੱਭਿਆਚਾਰ ਨੂੰ ਦੂਸ਼ਿਤ ਕਰਨ ਤੋਂ ਬਾਅਦ ਆਰਥਿਕ ਤੌਰ ਉੱਪਰ ਸਾਡਾ ਲੱਕ ਤੋੜ ਕੇ ਪੰਜਾਬ ਨੂੰ ਸਿਆਸੀ ਤੌਰ ਉੱਪਰ ਹਰ ਪੱਖੋਂ ਅਪ੍ਰਸੰਗਿਕ ਬਣਾਉਣ ਲਈ ਹਰ ਪਾਸਿਉਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ। ਅੱਜ ਵੀ ਸਾਡੇ ਸਿਆਸੀ ਆਗੂ ਡੀਂਗਾਂ ਮਾਰਨ, ਖੋਖਲੇ ਦਾਅਵੇ ਕਰਨ ਅਤੇ ਸਤਹੀ ਪੱਧਰ ਉਤੇ ਦਰਪੇਸ਼ ਵੰਗਾਰਾਂ ਨੂੰ ਅਣਗੌਲਿਆਂ ਕਰਨ ਵਿੱਚ ਬੇਹੱਦ ਮਸ਼ਰੂਫ ਹਨ। ਉਨ੍ਹਾਂ ਦੇ ਨਿੱਜੀ ਹਿੱਤ ਉਨ੍ਹਾਂ ਲਈ ਪੰਜਾਬ ਦੇ ਹਿੱਤਾਂ ਤੋਂ ਵੀ ਕਿਤੇ ਉੱਪਰ ਹਨ, ਮਜ਼ਹਬ ਦੀ ਆੜ ਵਿੱਚ ਆਪਣੀਆਂ ਸਿਆਸੀ ਰੋਟੀਆਂ ਸੇਕਣਾ ਨਿਸ਼ਚਿਤ ਤੌਰ ਉੱਪਰ ਉਨ੍ਹਾਂ ਦੀ ਸਿਆਸੀ ਰਣਨੀਤੀ ਦਾ ਇੱਕ ਅਟੁੱਟ ਹਿੱਸਾ ਹੈ; ਤੱਤੇ, ਫਿਰਕੂ ਤੇ ਭੜਕਾਊ ਭਾਸ਼ਣ ਦੇਣੇ ਉਨ੍ਹਾਂ ਦੀਆਂ ਸਿਆਸੀ ਖੇਡਾਂ ਦਾ ਇੱਕ ਅਹਿਮ ਅੰਗ ਹੈ ਅਤੇ ਆਮ ਲੋਕਾਂ ਨੂੰ ਰੀਂਗ-ਰੀਂਗ ਕੇ ਤੇ ਬੇਗੈਰਤ ਹੋ ਕੇ ਜਿਉਣ ਲਈ ਮਜ਼ਬੂਰ ਕਰਨਾ ਵੀ ਉਨ੍ਹਾਂ ਦੇ ਸਿਆਸੀ ਸੁਪਨਿਆਂ ਨੂੰ ਸਾਕਾਰ ਕਰਨ ਲਈ ਬੇਹੱਦ ਸਹਾਈ ਸਾਬਤ ਹੋ ਰਿਹਾ ਹੈ।

ਸਾਨੂੰ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਇਹ ਸੋਚਣ ਦੀ ਬੇਹੱਦ ਜ਼ਰੂਰਤ ਹੈ ਕਿ ਪ੍ਰੋਫੈਸਰ ਪੂਰਨ ਸਿੰਘ ਦਾ ਕਥਨ 'ਪੰਜਾਬ ਜੀਉਂਦਾ ਗੁਰਾਂ ਦੇ ਨਾਂ 'ਤੇ' ਕੇਵਲ ਇੱਕ ਕਥਨ ਮਾਤਰ ਹੀ ਨਹੀਂ ਹੈ, ਸਗੋਂ ਇਹ ਆਪਣੇ ਆਪ ਵਿੱਚ ਇੱਕ ਹਲੂਣਾ, ਪ੍ਰੇਰਣਾ ਅਤੇ ਪੇਸ਼ੀਨਗੋਈ ਵੀ ਹੈ। ਜਦੋਂ ਤੱਕ ਅਸੀਂ ਉਸ ਜੀਵਨ ਸ਼ੈਲੀ ਨੂੰ ਅਪਣਾਉਣ ਵਿੱਚ ਕੁਤਾਹੀ ਕਰਾਂਗੇ, ਜਿਸ ਜੀਵਨ ਜਾਚ ਨੂੰ ਅਪਣਾਉਣ ਦਾ ਹੋਕਾ ਸਾਡੇ ਵੱਡੇ-ਵਡੇਰਿਆਂ ਅਤੇ ਗੁਰੂਆਂ ਨੇ ਦਿੱਤਾ ਸੀ, ਤਦ ਤੱਕ ਅਸੀਂ ਇਉਂ ਹੀ ਜ਼ਲੀਲ ਅਤੇ ਖ਼ੁਆਰ ਹੁੰਦੇ ਰਹਾਂਗੇ। ਪੰਜਾਬੀਆਂ ਨੂੰ ਇਹ ਸਮਝਣ ਦੀ ਬੇਹੱਦ ਜ਼ਰੂਰਤ ਹੈ ਕਿ ਸਾਡੇ ਸਿਆਸੀ ਆਗੂ ਉਹੋ ਜਿਹੇ ਹੀ ਹੋਣਗੇ, ਜਿਹੋ ਜਿਹਾ ਪੰਜਾਬ ਦਾ ਸਮਾਜਿਕ, ਸੰਸਕ੍ਰਿਤਕ ਅਤੇ ਆਰਥਿਕ ਮੰਜ਼ਰ ਹੋਵੇਗਾ। ਜਦੋਂ ਤੱਕ ਸਾਡੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾਤ-ਬਰਾਦਰੀਆਂ ਆਧਾਰਿਤ ਵੰਡੀਆਂ, ਧਾਰਮਿਕ ਕੁੜੱਤਣ ਅਤੇ ਆਰਥਿਕ ਨਾਬਰਾਬਰੀ ਸਿਰ ਚੜ੍ਹ ਬੋਲੇਗੀ; ਜਦੋਂ ਤੱਕ ਅਸੀਂ ਆਪਣੇ ਪੌਣ-ਪਾਣੀਆਂ, ਆਪਣੀਆਂ ਫ਼ਸਲਾਂ ਤੇ ਨਸਲਾਂ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਰਾਖੇ ਅਤੇ ਗੁਰੂਆਂ ਦੇ ਬਚਨਾਂ ਉੱਪਰ ਪਹਿਰਾ ਦੇਣ ਵਾਲੇ ਨਹੀਂ ਬਣਾਂਗੇ, ਤੱਦ ਤੱਕ ਅਸੀਂ ਲੂੰਬੜ ਚਾਲਾਂ ਘੜ੍ਹਨ ਦੇ ਸਮਰੱਥ, ਰਾਜਨੀਤਕ ਸੂਝ-ਬੂਝ ਤੋਂ ਸੱਖਣੇ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਦੋਖੀਆਂ ਤੇ ਸ਼ਾਤਰ ਦਿਮਾਗ ਰਾਜਨੀਤਕ ਆਗੂਆਂ ਵਲੋਂ ਸਿਰਜੇ ਹੋਏ ਨਕਾਰਾਤਮਕ ਬਿਰਤਾਂਤਾਂ ਤੇ ਆਪਣੀ ਅਧੂਰੀ ਸਮਝ ਅਨੁਸਾਰ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦੇ ਰਹਾਂਗੇ। ਦਰਅਸਲ ਅੱਜ ਲੋੜ ਹੈ ਕਿ ਅਸੀਂ ਆਪਣੇ ਸਿਆਸੀ ਆਗੂਆਂ ਦੀ ਬਿਰਤੀ ਨੂੰ ਚੰਗੀ ਤਰ੍ਹਾਂ ਸਮਝ ਕੇ ਹਰ ਉਸ ਬਿਰਤਾਂਤ ਤੋਂ ਦੂਰ ਰਹਿਣ ਦਾ ਯਤਨ ਕਰੀਏ, ਜੋ ਪੰਜਾਬ ਅੰਦਰ ਨਿੱਤ ਨਵੇਂ ਬਖੇੜੇ ਕਰਨ ਦੇ ਸਮਰੱਥ ਹੈ।


SAKHI ATTIRE
*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery
*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ
Rupi Sidhu
Ph: 630-415-7389
sakhi.attire
rupisidhu30@gmail.com


TASTE OF India
FINE DINING BISTRO
17115 W. Bluemound Rd, Suite D1, Brookfield, WI 53005
We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ
ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325